# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. (ਪੰਜਾਬੀ) ਭਾਗ ਦੂਜਾ ਸਮੈਸਟਰ ਚੌਥਾ

ਪੇਪਰ : ਪੰਜਵਾਂ (ਕਿੱਸਾ ਕਾਵਿ) ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


**ਸੱਸੀ-ਪੁੰਨੂੰ**

1.1 : ਪੰਜਾਬੀ ਕਿੱਸਾ-ਕਾਵਿ ਪਰੰਪਰਾ ਅਤੇ ਹਾਸ਼ਮ

1.2 : ਕਿੱਸਾ ਸੱਸੀ-ਪੁੰਨੂੰ ਵਿੱਚ ਯੁੱਗ-ਚਿਤੱਰਣ

1.3 : ਸੱਸੀ-ਹਾਸ਼ਮ ਵਿੱਚ ਚਰਿੱਤਰ-ਚਿੱਤਰਣ

1.4 : ਸੱਸੀ-ਹਾਸ਼ਮ ਦੀ ਕਾਵਿ-ਕਲਾ

**ਹੀਰ - ਵਾਰਿਸ**

1.5 : 'ਹੀਰ-ਵਾਰਿਸ' ਦੀ ਕਾਵਿ-ਕਲਾ

1.6 : 'ਹੀਰ-ਵਾਰਿਸ' ਵਿਚ ਪੇਸ਼ ਇਤਿਹਾਸਕ ਚਿੱਤਰ

1.7 : 'ਹੀਰ-ਵਾਰਿਸ' ਦੀ ਪਾਤਰ ਉਸਾਰੀ

1.8 : 'ਹੀਰ-ਵਾਰਿਸ' ਵਿਚ ਸਮੇਂ ਦਾ ਸਮਾਜ



**Department website : www.pbidde.org**

**ਪਾਠ ਨੰਬਰ : 1.1**

## ਪੰਜਾਬੀ ਕਿੱਸਾ-ਕਾਵਿ ਪਰੰਪਰਾ ਅਤੇ ਹਾਸ਼ਮ

### ਕਿੱਸਾ ਕਾਵਿ ਪਰੰਪਰਾ : ਇੱਕ ਸਰਵੇਖਣ

'ਕਿੱਸਾ' ਅਰਬੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ 'ਹਾਲ ਬਿਆਨ ਕਰਨਾ' ਕਥਾ ਕਹਿਣਾ ਅਰਥਾਤ ਕਹਾਣੀ, ਅਫਸਾਨਾ ਆਦਿ । ਇਹ ਕਿੱਸਾ-ਕਹਾਣੀ ਦੀ ਕਲਾ ਮੁਸਲਮਾਨਾਂ ਦੀ ਆਮਦ ਨਾਲ ਭਾਰਤ ਅਤੇ ਪੰਜਾਬ ਵਿਚ ਆਈ । ਮੁਸਲਮਾਨਾਂ ਵਿਚ ਕਿੱਸਾ ਯੂਸਫ ਜ਼ੁਲੈਖਾਂ ਬਹੁਤ ਪ੍ਰਸਿੱਧ ਸੀ । ਯੂਸਫ ਨੂੰ ਸੱਚਾ ਸਾਦਿਕ, ਨੇਕ ਪੈਗੰਬਰ ਮੰਨਿਆ ਗਿਆ ਹੈ । ਉਸਦੀ ਮੁਹੱਬਤ ਨੂੰ ਪਾਕ ਤੇ ਪਵਿੱਤਰ ਕਿਹਾ ਜਾਂਦਾ ਹੈ । ਕੁਰਾਨ ਸ਼ਰੀਫ ਵਿਚ ਇਕ ਪੂਰਾ ਕਾਂਡ 'ਯੂਸਫ ਦੀ ਕਹਾਣੀ' ਦਾ ਮੌਜੂਦ ਹੈ । ਅਰਬ ਦਾ ਦੂਜਾ ਪ੍ਰੀਤ ਕਿੱਸਾ ਲੈਲਾ ਮਜਨੂੰ ਦਾ ਹੈ । ਇਨ੍ਹਾਂ ਦੀ ਵੀ ਪ੍ਰੀਤ ਨੂੰ ਸੱਚੀ ਸੁੱਚੀ ਕਿਹਾ ਗਿਆ ਹੈ । ਇਹ ਦੋਵੇਂ ਕਿੱਸੇ ਪਹਿਲਾਂ ਪਹਿਲ ਪੰਜਾਬ ਵਿਚ ਆਏ ਤੇ ਨਾਲ ਪਵਿਤਰਤਾ ਦੇ ਭਾਵ ਵੀ ਪ੍ਰੀਤ ਕਿੱਸਿਆ ਵਿਚ ਆ ਸਮਾਏ । ਡਾ. ਮੋਹਨ ਸਿੰਘ 'ਐਨ ਇੰਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ' ਵਿਚ ਯੂਸਫ ਜ਼ੁਲੈਖਾਂ ਦੇ ਕਿੱਸੇ ਦੀ ਇਕ ਹੱਥ-ਲਿਖਤ ਬਾਰੇ ਦਸਦੇ ਹਨ, ਜੋ ਟ੍ਰਿਨਿਟੀ ਕਾਲਿਜ, ਡਬਲਿਨ ਦੀ ਲਾਇਬਰੇਰੀ ਵਿਚ ਸੁਰੱਖਿਅਤ ਹੈ । ਕਿੱਸਾ ਯੂਸਫ ਜ਼ੁਲੈਖਾਂ ਨੂੰ ਪੰਜਾਬੀ ਦਾ ਪਹਿਲਾਂ ਕਿੱਸਾ ਮੰਨਿਆ ਗਿਆ ਹੈ । ਪਰ ਲਿਖਤੀ ਰੂਪ ਵਿਚ ਪੰਜਾਬੀ ਕਿੱਸਾ-ਕਾਵਿ ਦਾ ਇਤਿਹਾਸ ਦਮੋਦਰ ਦੀ 'ਹੀਰ' ਨਾਲ ਆਰੰਭ ਹੁੰਦਾ ਹੈ ਜੋ ਸਤਾਰ੍ਹਵੀਂ ਸਦੀ ਦੇ ਆਰੰਭ ਵਿਚ ਮੁਕੰਮਲ ਹੋਈ । ਇਸ ਦੇ ਝੱਟ ਪਿਛੋਂ ਹੀ ਕਥਾ 'ਹੀਰ ਰਾਂਝਾ' ਈਰਾਨੀ ਪ੍ਰੰਪਰਾ ਅਨੁਸਾਰ ਰਚਿਆ । ਅਠਾਰ੍ਹਵੀਂ ਸਦੀ ਵਿਚ ਮੁਕਬਲ, ਚਿਰਾਗ ਅੰਵਾਣ, ਵਾਰਿਸ, ਹਾਮਦ ਆਦਿ ਨੇ ਇਸ ਕਿੱਸੇ ਨੂੰ ਸਾਹਿਤਕ ਰੂਪ ਦਿੱਤਾ ।

ਸ਼ਾਹਜਹਾਨ, ਔਰੰਗਜੇਬ (ਸਤਾਰ੍ਹਵੀਂ ਸਦੀ) ਦੇ ਸਮੇਂ ਪੀਲੂ ਤੇ ਹਾਫਿਜ਼ ਬਰਖੁਰਦਾਰ ਨੇ 'ਮਿਰਜਾ ਸਾਹਿਬਾਂ' ਨੂੰ ਸੱਦ ਕਾਵਿ ਰੂਪ ਵਿਚ ਲਿਖਿਆ, ਜੋ ਮਾਝੇ ਵਿਚ ਬਹੁਤ ਲੋਕਪ੍ਰਿਯ ਹੋਇਆ । ਅਠਾਰ੍ਹਵੀਂ ਸਦੀ ਕਿੱਸਾ-ਕਾਵਿ ਦਾ ਸੋਨ-ਸੁਨਹਿਰੀ ਕਾਲ ਹੈ, ਜਿਸ ਵਿਚ ਵਾਰਿਸ ਨੇ ਇਸ ਕਾਲ ਨੂੰ ਸਿਖਰ ਤੇ ਪਹੁੰਚਾਇਆ । ਉਨ੍ਹੀਵੀਂ ਸਦੀ ਕਿੱਸਾ-ਕਾਵਿ ਦੇ ਬਹੁ-ਵਿਸਤਾਰ ਦਾ ਸਮਾਂ ਹੈ । ਇਸ ਕਾਲ ਵਿਚ ਮੁਹੰਮਦ ਬਖਸ਼, ਕਾਦਰ ਯਾਰ, ਅਹਿਮਦ ਯਾਰ, ਇਮਾਮਬਖਸ਼, ਸ਼ਾਹ ਮੁਹੰਮਦ, ਭਗਵਾਨ ਸਿੰਘ, ਕਿਸਨ ਸਿੰਘ ਆਰਿਫ, ਜੋਗਾ ਸਿੰਘ, ਰਣ ਸਿੰਘ, ਮੌਲਵੀ ਗੁਲਾਮ ਰਸੂਲ ਆਦਿ ਅਨੇਕਾਂ ਹੀ ਪ੍ਰਸਿੱਧ ਕਿੱਸਾ ਕਵੀ ਹੋਏ ਹਨ । ਹਾਸ਼ਮ ਇਸ ਕਾਲ ਦਾ ਸ਼੍ਰੋਮਣੀ ਕਿੱਸਾਕਾਰ ਹੈ । ਇਸ ਸਦੀ ਦੇ ਅੰਤ ਤੇ ਫਜ਼ਲ ਸ਼ਾਹ ਨੇ ਸੋਹਣੀ ਰਚੀ, ਜਿਸ ਨੂੰ ਬੜੀ ਸ਼ੋਹਰਤ ਨਸੀਬ ਹੋਈ । ਫਜ਼ਲ ਸ਼ਾਹ ਨੂੰ ਕਲਾਸਿਕ ਕਿੱਸਾ-ਕਾਵਿ ਦਾ ਅੰਤਲਾ ਕਵੀ ਕਿਹਾ ਜਾਂਦਾ ਹੈ । ਵੀਹਵੀਂ ਸਦੀ ਦੇ ਚੜ੍ਹਨ ਦੇ ਨਾਲ ਹੀ ਕਿੱਸਾ-ਕਾਵਿ ਦਾ ਸੂਰਜ ਡੁੱਬਣ ਲੱਗਦਾ ਹੈ । ਪੰਡਤ ਕਿਸ਼ੋਰ ਚੰਦ, ਸਦਾ ਨੰਦ, ਕਾਲੀਦਾਸ, ਦੌਲਤ ਰਾਮ ਆਦਿ ਵੀਹਵੀਂ ਸਦੀ ਦੇ ਪਹਿਲੇ ਅੱਧ ਦੇ ਪ੍ਰਸਿੱਧ ਕਿੱਸਾਕਾਰ ਹਨ । ਇਨ੍ਹਾਂ ਦੇ ਨਾਲ ਹੀ ਕਿੱਸਾ ਕਾਵਿ ਕਲਾ ਦਮ ਤੋੜ ਜਾਦੀ ਹੈ ।

ਪੰਜਾਬੀ ਵਿਚ ਹੀਰ ਰਾਂਝਾ, ਸੋਹਣੀ ਮਹੀਵਾਲ, ਯੂਸਫ ਜ਼ੁਲੈਖਾਂ, ਮਿਰਜਾਂ ਸਾਹਿਬਾਂ, ਰੋਡਾ ਜਲਾਲੀ, ਮਲਕੀ ਕੀਮਾ, ਸੋਰਠ ਬੀਜਾ, ਸੱਸੀ ਪੁੰਨੂ, ਪੂਰਨ ਭਗਤ, ਰਾਜਾ ਰਸਾਲੂ ਸ਼ਾਹ ਬਹਿਰਾਮ, ਬੋਦੀਉਲ ਜਮਾਲ, ਕਾਮਰੂਪ, ਕਾਮ ਕੰਦਲਾ, ਭਰਥਰੀ ਹਰੀ, ਸੈਫੁਲ ਮਲੂਕ, ਜਿਉਣਾ ਮੌੜ, ਜਾਨੀ ਚੋਰ ਆਦਿ ਕਿੱਸੇ ਆਮ ਪ੍ਰਚਲਤ ਹੋਏ । ਸਭ ਤੋਂ ਵੱਧ ਵਾਰ ਹੀਰ ਰਾਂਝਾ ਦਾ ਕਿੱਸਾ ਰਚਿਆ ਗਿਆ । ਕਿੱਸੇ ਲਈ ਦਵੱਈਆ, ਬੈਂਤ, ਕਬਿੱਤ, ਕੁੰਡਲੀਆ, ਚੌਪਈ, ਡਿਊਢ ਆਦਿ ਛੰਦ ਵਰਤੇ ਗਏ । ਮਸਨਵੀ, ਸੀਹਰਫੀ, ਬਾਰਾਮਾਹ, ਸਤਵਾਰਾ, ਅਠਵਾਰਾ, ਆਦਿ ਕਾਵਿ ਰੂਪ ਕਿੱਸਾ ਕਾਵਿ ਦਾ ਵਾਹਣ ਬਣੇ । ਬੈਂਤ ਕਿੱਸਾ-ਕਾਵੀ ਲਈ ਵਧੇਰੇ ਪ੍ਰਚੱਲਿਤ ਹੋਇਆ ।

ਦਮੋਦਰ ਨੂੰ ਪੰਜਾਬੀ ਕਿੱਸਾ-ਕਾਵਿ ਪਰੰਪਰਾ ਦਾ ਮੋਢੀ ਜਾਂ ਪਿਤਾਮਾ ਮੰਨਿਆ ਜਾਂਦਾ ਹੈ । ਭਾਵੇਂ ਦਮੋਦਰ ਤੋਂ ਪਹਿਲਾਂ 'ਲੈਲਾ ਮਜਨੂੰ' ਯੂਸਫ ਜ਼ੁਲੈਖਾਂ ਜਿਹੇ ਸਾਮੀ ਕਿੱਸੇ ਪੰਜਾਬੀ ਵਿਚ ਕਾਫੀ ਪ੍ਰਚੱਲਿਤ ਸਨ ਅਤੇ 'ਹੀਰ ਰਾਂਝੇ' ਦੀ ਪ੍ਰੀਤ-ਕਹਾਣੀ ਵੀ ਲੋਕਾਂ ਦੇ ਮੂੰਹਾਂ ਤੇ ਸੀ, ਪਰੰਤੂ ਲਿਖਤੀ ਰੂਪ ਵਿਚ ਦਮੋਦਰ ਦੀ 'ਹੀਰ' ਨਾਲ ਹੀ ਪੰਜਾਬੀ ਕਿੱਸੇ ਦਾ ਇਤਿਹਾਸ ਆਰੰਭ ਹੁੰਦਾ ਹੈ । ਦਮੋਦਰ ਨੇ ਇਹ ਕਿੱਸਾ ਸਤਾਰ੍ਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਰਚਿਆ, ਭਾਵੇਂ ਇਹ ਪ੍ਰੀਤ-ਘਟਨਾ, ਪੰਦਰਵੀਂ ਸਦੀਂ ਦੇ ਪਹਿਲੇ ਅੱਧ ਵਿਚ ਵਾਪਰ ਚੁੱਕੀ ਸੀ । ਦਮੋਦਰ ਨੇ ਕਿੱਸਾ ਕਹਿਣ ਦੀ ਭਾਰਤੀ ਪਰੰਪਰਾ

ਅਪਨਾਈ, ਕਿਉਂ ਜੋ ਉਸ ਸਮੇਂ ਤੱਕ ਹਾਲੇ ਇਰਾਨੀ ਜਾਂ ਇਸਲਾਮੀ ਕਿੱਸਾ-ਕਾਵਿ ਪਰੰਪਰਾ ਲਿਖਤੀ ਰੂਪ ਵਿਚ ਸਾਹਮਣੇ ਨਹੀਂ ਆਈ ਸੀ । ਇਸ ਲਈ ਦਮੋਦਰ ਦੇ ਕਿੱਸੇ ਵਿਚ ਕਥਾ-ਵਸਤੂ ਨੂੰ ਪ੍ਰਥਮ ਸਥਾਨ ਦਿੱਤਾ ਗਿਆ ਹੈ । ਦਮੋਦਰ ਤੋਂ ਪਿਛੋਂ ਅਹਿਮਦ ਗੁਜ਼ਰ, ਮੁਕਬਲ, ਚਿਰਾਗ ਅੱਵਾਨ, ਵਾਰਿਸ ਤੇ ਹਾਮਦ ਨੇ ਬੈਂਤਾਂ ਵਿਚ ਕਿੱਸਾ 'ਹੀਰ-ਰਾਂਝਾ' ਰਚਿਆ । ਕਿੱਸਾ-ਕਾਵਿ ਬੈਂਤਾਂ ਵਿਚ ਰਚਣ ਵਾਲਾ ਵਾਰਿਸ ਇਸ ਪ੍ਰਥਾ ਦਾ ਬਾਦਸ਼ਾਹ ਹੈ । ਉਸਨੇ ਕਿੱਸਾ 'ਹੀਰ-ਰਾਂਝਾ' ਰਚਿਆ ।

ਪੰਜਾਬੀ ਵਿਚ ਤਿੰਨ ਪ੍ਰਕਾਰ ਦੇ ਕਿੱਸੇ ਰਚੇ ਗਏ ਇਕ ਉਹ ਜੋ ਬਦੇਸ਼ੀ ਮੂਲ ਦੀਆਂ ਕਥਾਵਾਂ ਉਤੇ ਅਧਾਰਿਤ ਸਨ ਜਿਵੇਂ ਕਿ ਯੂਸਫ ਜ਼ੁਲੈਖਾ, ਲੈਲਾ ਮਜਨੂੰ, ਸ਼ੀਰੀ ਫਰਹਾਦ, ਸ਼ਾਹ ਬਹਿਰਾਮ, ਸੈਫਲਮਲੂਕ ਆਦਿ । ਦੂਜੇ ਜੋ ਭਾਰਤੀ ਸਨ, ਜਿਵੇਂ ਢੋਲਾ ਮਾਰੂ (ਰਾਜਿਸਥਾਨ) ਸੱਸੀ ਪੁੰਨੂ (ਸਿੰਧ ਬਲੋਚਿਸਤਾਨ) ਸੋਰਠ ਬੀਜਾ (ਉੱਤਰ ਪ੍ਰਦੇਸ਼) ਕਾਮਰੂਪ, ਕਾਮ ਕੰਦਲਾ (ਆਸਾਮ) ਭਰਥਰੀ ਹਰੀ (ਬੰਗਾਲ) ਆਦਿ ਅਤੇ ਤੀਜੇ ਜੋ ਇਸ ਪੰਜ ਦਰਿਆਵਾਂ ਦੀ ਧਰਤ ਦੇ ਸਨ, ਜਿਵੇਂ ਹੀਰ-ਰਾਂਝਾ, ਸੋਹਣੀ ਮਹੀਵਾਂਲ, ਸਹਿਤੀ ਮੁਰਾਦ, ਰੋਡਾ ਜਲਾਲੀ, ਮਿਰਜ਼ਾ-ਸਾਹਿਬਾਂ, ਪੂਰਨ ਭਗਤ ਆਦਿ। ਇਨ੍ਹਾਂ ਵਿਚੋਂ ਹੀਰ-ਰਾਂਝਾ ਸਭ ਤੋਂ ਵੱਧ ਲੋਕ-ਪ੍ਰਿਯ ਹੋਇਆ ਅਤੇ ਸਭ ਤੋਂ ਵਧੇਰੀ ਸੰਖਿਆ ਵਿਚ ਕਿੱਸਾਕਾਰਾਂ ਨੇ ਇਹ ਕਿੱਸਾ ਰਚਿਆ। ਇਸ ਦਾ ਪੰਜਾਬੀ ਵਿਚ ਮੋਢੀ ਰਚਨਹਾਰਾ ਦਮੋਦਰ ਸੀ । ਇਸੇ ਲਈ ਉਸਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਪਰੰਤੂ ਵਾਰਿਸ ਨਾਲ ਇਹ ਕਿੱਸਾ ਆਪਣੇ ਪੂਰੇ ਜੋਬਨ ਤੇ ਆਇਆ ਤੇ ਵਾਰਿਸ ਦੇ ਸ਼ਾਹਕਾਰ ਕਿੱਸਾ ਹੀਰ-ਰਾਂਝਾ ਨੂੰ ਪ੍ਰਥਮ ਸਥਾਨ ਮਿਲਿਆ। ਮਿਰਜ਼ਾ ਸਾਹਿਬਾਂ ਕਿੱਸੇ ਦੀ ਆਪਣੀ ਵਿਲੱਖਣਤਾ ਹੈ। ਪੀਲੂ ਤੇ ਹਾਫਜ਼ ਬਰਖੁਰਦਾਰ ਨੂੰ ਇਸ ਦੇ ਲੇਖਕ ਹੋਣ ਕਰਕੇ ਬੜੀ ਭਾਰੀ ਪ੍ਰਸਿੱਧੀ ਨਸੀਬ ਹੋਈ। ਇਹ ਸੱਦ ਕਾਵਿ-ਰੂਪ ਵਿਚ ਹੀ ਪਰਚਲਿਤ ਹੋਇਆ। ਮਾਂਝੇ ਵਿਚ ਇਹ ਕਿੱਸਾ ਬਹੁਤ ਲੋਕ-ਪ੍ਰਿਯ ਰਿਹਾ ਹੈ।

ਅਠਾਰ੍ਹਵੀਂ ਸਦੀ ਕਿੱਸਾ-ਕਾਵਿ ਦਾ ਸੁਨਹਿਰੀ ਕਾਲ ਹੈ। ਉਨੀਵੀਂ ਸਦੀ ਇਸ ਪਰੰਪਰਾ ਦੇ ਵਿਸਥਾਰ ਦਾ ਸਮਾਂ ਹੈ। ਭਾਵੇਂ ਕਿੱਸਾ ਸੱਸੀ ਪੁੰਨੂੰ ਹਾਫਜ਼ ਬਰਖੁਰਦਾਰ ਨੇ ਸਭ ਤੋਂ ਪਹਿਲਾਂ ਪੰਜਾਬੀ ਵਿਚ ਕਿਹਾ ਪਰ ਇਸ ਪਰੰਪਰਾ ਦਾ ਸ਼ਰੋਮਣੀ ਅਤੇ ਸਰਵੋਤਮ ਕਵੀ ਹੋਣ ਦਾ ਮਾਣ ਹਾਸ਼ਮ ਸ਼ਾਹ ਨੂੰ ਹੀ ਜਾਂਦਾ ਹੈ। ਉਸ ਨੂੰ ਸੱਸੀ-ਕਾਵਿ ਦਾ ਬਾਦਸ਼ਾਹ ਕਿਹਾ ਜਾਂਦਾ ਹੈ।

**ਸੱਸੀ ਹਾਸ਼ਮ ਬਾਰੇ ਵਿਦਵਾਨਾਂ ਦੀ ਰਾਇ :-**

ਬਾਵਾ ਬੁੱਧ ਸਿੰਘ (ਬਬੀਹਾ ਬੋਲ) ਦੇ ਕਥਨ ਅਨੁਸਾਰ 'ਹਾਸ਼ਮ ਨੇ ਸੱਸੀ ਕਾਹਦੀ ਰਚੀ, ਘਰ ਘਰ ਬ੍ਰਿਹੋਂ ਦਾ ਮੁਆਤਾ ਲਾ ਦਿੱਤਾ। ਹਾਸ਼ਮ ਦੀ ਸੱਸੀ ਇੰਨੀ ਹਰਮਨ-ਪਿਆਰੀ ਹੋਈ ਕਿ ਲੋਕ ਦਮੋਦਰ ਤੇ ਵਾਰਸ ਦੀ ਹੀਰ ਭੁੱਲ ਗਏ। ਹਾਫਜ਼ ਬਰਖੁਰਦਾਰ ਅਨੁਸਾਰ ਜਨਤਾ ਦੇ ਚੇਤਿਆਂ ਚੋਂ ਮਿਰਜੇ ਦੀ ਸੱਦ ਮਿਟ ਗਈ ਬਸ ਸੱਸੀ ਹੀ ਸੱਸੀ ਘਰ-ਘਰ ਗਾਈ ਤੇ ਸੁਣੀ ਜਾਣ ਲਗੀ। ਜਨ ਸਮੂਹ ਸੱਸੀ ਦੇ ਇਸ਼ਕ ਦੀ ਅੱਗ ਨੂੰ ਸੇਕ ਸੇਕ ਆਪਣੇ ਬਰਫ-ਬਣੇ ਹਿਰਦਿਆਂ ਨੂੰ ਗਰਮਾਉਣ ਲਗੇ ।

ਡਾ. ਮੋਹਨ ਸਿੰਘ (ਐਨ ਇੰਨਟਰੋਡਕਸ਼ਨ ਟੂ ਪੰਜਾਬੀ ਲਿਟਰੇਚਰ-ਪੰਨਾ 148) ਹਾਸ਼ਮ ਨੂੰ ਇਕ ਪਰਪੱਕ, ਨਿਪੁੰਨ ਸਰੋਦੀ ਤੇ ਵਿਅਕਤੀਵਾਦੀ ਕਿੱਸਾਕਾਰ ਕਹਿੰਦਾ ਹੈ। ਲਾਜਵੰਤੀ ਰਾਮਾਕ੍ਰਿਸ਼ਨਾ (ਪੰਜਾਬੀ ਸੂਫੀ ਪੋਇਟਸ-ਪੰਨੇ 109-11) ਹਾਸ਼ਮ ਨੂੰ ਇਕ ਮਹਾਨ ਸੂਫੀ ਕਵੀ ਮੰਨਦੀ ਹੈ, ਜਿਸ ਨੇ ਫਕੀਰੀ ਜਾਂ ਪੀਰੀ ਦਾ ਦਾਅਵਾ ਨਹੀਂ ਕੀਤਾ । ਉਸ ਦੇ ਕਥਨ ਮੁਤਾਬਕ ਕਿੱਸਾ ਸੱਸੀ-ਪੁੰਨੂ ਅਤੇ ਦੋਹੜੇ ਹਾਸ਼ਮ ਦੇ ਸ਼ਾਹਕਾਰ ਹਨ । ਸੱਸੀ ਹਾਸ਼ਮ ਭਾਵਕਤਾ, ਸਪੱਸ਼ਟਤਾ, ਸੰਖਿਪਤਾ ਕਰਕੇ ਇਕ ਸਰਵ ਸ੍ਰੇਸ਼ਟ ਕਾਵਿ ਰਚਨਾ ਹੈ । ਇਹੀ ਕਾਰਨ ਸੀ ਕਿ ਇਸ ਕਿੱਸੇ ਨੂੰ ਬੜੀ ਭਾਰੀ ਪ੍ਰਸਿੱਧੀ ਹਾਸਲ ਹੋਈ । ਇਹ ਰਚਨਾ ਹਾਸ਼ਮ ਦੀ ਪਕੇਰੀ ਉਮਰ ਦਾ ਪਰਿਣਾਮ ਹੈ ।

ਹਾਸ਼ਮ ਨੇ ਨਾਇਕਾ ਦੀ ਸੱਚੀ ਪ੍ਰੀਤ ਉੱਤੇ ਹੀ ਜ਼ੋਰ ਦਿੱਤਾ ਹੈ, ਇਸ ਨੂੰ ਬੜੀ ਪ੍ਰਭਾਵਸ਼ਾਲੀ ਸ਼ੈਲੀ ਵਿਚ ਪ੍ਰੇਸ਼ ਕਰਨ ਵਿਚ ਸਫਲ ਹੋਇਆ ਹੈ । ਡਾ. ਅਤਰ ਸਿੰਘ (ਪੰਜਾਬੀ ਪਾਸਟ ਐਂਡ ਪ੍ਰੈਜ਼ੈਂਟ 1968-ਪੰਨਾ 190) ਹਾਸ਼ਮ ਦੇ ਕਿੱਸੇ ਸੱਸੀ ਪੁੰਨੂੰ ਨੂੰ ਇਕ ਅਤਿ-ਮਹੱਤਵ ਪੂਰਣ ਕਾਵਿ-ਰਚਨਾ ਦਸਦਾ ਹੈ । ਉਹ ਲਿਖਦਾ ਹੈ ਕਿ ਕੇਵਲ ਕਹਾਣੀ ਸੁਣਾਉਣਾ ਹੀ ਹਾਸ਼ਮ ਦੀ ਕਲਾ ਨਹੀਂ, ਉਹ ਨਾਇਕ ਨਾਇਕਾ ਦੇ ਪ੍ਰੀਤ-ਭਾਵਾਂ ਨੂੰ ਹੋਣੀ ਦੇ ਵਿਰੁੱਧ ਦੁਖਾਂਤਮਈ ਡੂੰਘਾਈ ਤੇ ਭਾਵੁਕ-ਤੀਬਰਤਾ ਸਹਿਤ ਪ੍ਰਗਟ ਕਰਨ ਵਿਚ ਮਾਹਰ ਹੈ । ਡਾ. ਤਾਰਨ ਸਿੰਘ (ਪੰਜਾਬੀ ਦੁਨੀਆਂ, ਕਿੱਸਾ ਕਾਵਿ ਅੰਕ ਜੁਲਾਈ-ਅਗਸਤ 1952 ਪੰਨਾ-11) ਹਾਸ਼ਮ ਬਾਰੇ ਲਿਖਦਾ ਹੈ ਕਿ ਹਾਸ਼ਮ ਨੇ ਪਿਆਰ ਦੇ ਜ਼ਜਬੇ ਦੀ ਅਸਲੀਅਤ ਵਧੇਰੇ ਦਰਸਾਈ ਹੈ । ਉਹ ਇਸ਼ਕ ਨੂੰ ਅਕਲ ਉੱਤੇ ਵਿਜੈਸ਼ਾਲੀ ਦਰਸਾਉਂਦਾ ਹੈ :

ਫਤਹਿ ਨਸੀਬ ਇਸ਼ਕ ਨੂੰ ਹਾਸ਼ਮ

ਅਕਲ ਹਮੇਸ਼ਾ ਹਾਰੂ,

ਡਾ. ਐਸ. ਐਸ. ਕੋਹਲੀ (ਪੰਜਾਬੀ ਸਾਹਿਤ ਦਾ ਇਤਿਹਾਸ, ਚੌਥੀ ਵਾਰ, ਪੰਨੇ 452-55) ਹਾਸ਼ਮ ਨੂੰ ਸਿੱਖ ਕਾਲ ਦਾ ਸਭ ਤੋਂ ਚੰਗਾ ਤੇ ਪ੍ਰਤੀਨਿਧ ਕਵੀ ਮੰਨਦਾ ਹੈ ।

**ਹਾਸ਼ਮ ਦਾ ਰਚਨਾਤਮਕ ਵਿਵੇਕ :**

ਹਾਸ਼ਮ ਇਕ ਆਵੇਸ਼ ਵਾਲਾ ਕਲਾਤਮਕ ਕਿੱਸਾਕਾਰ ਸੀ, ਜਿਸ ਦੀ ਅਜ਼ਮਤ ਤੇ ਵਡਿਆਈ ਨੂੰ ਪ੍ਰਸਿੱਧ ਕਵੀਆਂ ਨੇ ਵੀ ਪ੍ਰਵਾਨ ਕੀਤਾ ਹੈ । ਮੁਹੰਮਦ ਬਖਸ਼ ਕਰਤਾ ਸੈਫ਼ਲਮਲੂਕ ਹਾਸ਼ਮ ਬਾਰੇ ਲਿਖਦਾ ਹੈ :

ਹਾਸ਼ਮ ਸ਼ਾਹ ਦੀ ਹਸ਼ਮਤ ਬਰਕਤ :
ਗਿਣਤਰ ਵਿਚ ਨਾ ਆਵੇ,
ਦੁਰਿ ਯਤੀਮ ਜਵਾਹਰ ਲੜੀਆਂ
ਜ਼ਾਹਰ ਕੱਢ ਲੁਟਾਵੇ

ਇਸ ਪ੍ਰਕਾਰ ਹਾਸ਼ਮ ਦਾ ਸਥਾਨ ਇਕ ਅਦੁਤੀ ਹੀਰੇ ਜਾਂ ਮੋਤੀ ਵਰਗਾ ਹੈ, ਜਿਸ ਦੀ ਆਭਾ ਨੂੰ ਵਿਰਲਾ ਹੀ ਪੁਜ ਜਾਂ ਪਾ ਸਕਿਆ । ਉਸ ਨੂੰ ਮੁਹੰਮਦ ਬਖਸ਼ ਦੇ ਸ਼ਬਦਾ ਵਿਚ ਮੁਲਕਿ-ਸੁਖਨ (ਕਵਿਤਾ ਦੀ ਪਾਤਸ਼ਾਹੀ) ਵਿਚ ਸਿਰ ਕੱਢ ਰਾਜਾ ਕਹਿ ਸਕਦੇ ਹਾਂ :

ਉਹ ਵੀ ਮੁਲਕ ਸੁਖਨ ਦੇ ਅੰਦਰ,
ਰਾਜਾ ਸੀ ਸਰਕਰਦਾ,
ਜਿਸ ਕਿੱਸੇ ਦੀ ਚੜ੍ਹੇ ਮੁਹਿੰਮੇ,
ਸੋਈਓ ਹੀ ਸਰ ਕਰਦਾ।

ਮਾਨੋ ਹਾਸ਼ਮ ਉਪਰ ਕਿਸੇ ਦੈਵੀ ਉਸਤਾਦ ਦੀ ਰਹਿਮਤ ਸੀ । ਹਸ਼ਮਤ, ਅਜ਼ਮਤ ਦੇ ਨਾਲ-ਨਾਲ ਉਸ ਉੱਤੇ ਰੱਬ ਦੀ ਬਰਕਤ ਤੇ ਬਖਸਿਸ ਵੀ ਸੀ । ਅਹਿਮਦਯਾਰ ਹਾਸ਼ਮ ਬਾਰੇ ਇਨ੍ਹਾਂ ਭਾਵਾਂ ਦੀ ਪੁਸ਼ਟੀ ਇਨ੍ਹਾਂ ਸ਼ਬਦਾ ਵਿਚ ਕਰਦਾ ਹੈ:

ਹਾਸ਼ਮ ਸੱਸੀ ਸੋਹਣੀ ਆਖੀ,
ਸਦ ਰਹਿਮਤ ਉਸਤਾਦੋਂ

**ਪੰਜਾਬੀ ਕਿੱਸੇ ਉੱਤੇ ਸਾਮੀ ਪ੍ਰਭਾਵ**

ਪੰਜਾਬੀ ਕਿੱਸਾ-ਕਾਵਿ ਪਰੰਪਰਾ ਨੇ ਸਾਮੀ, ਮੁਸਲਮਾਨੀ,ਯੂਨਾਨੀ,ਈਰਾਨੀ ਤੇ ਭਾਰਤੀ ਪ੍ਰਭਾਵ ਨੂੰ ਕਬੂਲਿਆ। ਸਾਮੀ ਪ੍ਰਭਾਵ ਹੇਠ ਆਜੜੀ ਦਾ ਪਾਤਰ ਅਵੱਸ਼ ਆਉਂਦਾ ਹੈ। ਇਹ ਪਾਤਰ ਹੀਰ ਦੇ ਕਿੱਸੇ ਵਿਚ ਵੀ ਹੈ, ਜਦ ਰੰਗਪੁਰ ਖੇੜਿਆਂ ਨੂੰ ਜਾਂਦਿਆਂ ਉਹ ਰਾਂਝੇ ਜੋਗੀ ਨੂੰ ਜੂਹ ਵਿਚ ਮਿਲਦਾ ਹੈ ਤਾਂ ਉਸ ਨੂੰ ਪਛਾਣ ਲੈਂਦਾ ਹੈ । ਸੱਸੀ ਹਾਸ਼ਮ, ਵਿਚ ਆਜੜੀ ਦਾ ਪਾਤਰ ਸਭ ਤੋ ਵੱਧ ਪ੍ਰਭਾਵਸ਼ਾਲੀ ਹੈ। ਉਹ ਸੱਸੀ ਦੀਆਂ ਕੂਕਾਂ ਸੁਣਕੇ ਅੰਤ ਸਮੇਂ ਉਸ ਵਲ ਦੌੜਿਆ ਆਉਂਦਾ ਹੈ । ਨਾਲ ਹੀ ਯੂਨਾਨੀ ਪ੍ਰਭਾਵ ਹੇਠ ਸਾਡੇ ਕਿੱਸਿਆਂ ਵਿਚ ਹੋਣੀ ਦੇ ਜ਼ਿਕਰ ਨੂੰ ਵੀ ਉਜਾਗਰ ਕੀਤਾ ਗਿਆ ਹੈ :

'ਕਰ ਕਰ ਧਿਆਨ ਅੱਯਾਲੀ ਦਿਲ ਵਿਚ
ਸੋਚ ਕਰੇ ਇਸ ਗੱਲ ਦੀ,
ਕੀ ਅਸਰਾਰ ਰਹੀ ਡਿਗ ਏਵੇਂ
ਫੇਰ ਨਹੀ ਮੁੜ ਹਲਦੀ,
ਮਤ ਕੋਈ ਨਾਰਿ ਰਹੇ ਮਰ ਪਿਆਸੀ
ਰਾਹ ਪੰਧਾਣੂ ਚਲਦੀ,
ਹਾਸ਼ਮ ਚਲ ਵੇਖਾਂ ਕੀ ਡਰਨਾ
ਹੋਣਹਾਰ ਨਹੀ ਟਲਦੀ।

ਅੱਯਾਲੀ ਸੱਸੀ ਦੇ ਇਸ਼ਕ ਤੋਂ ਇੰਨਾ ਪ੍ਰਭਾਵਿਤ ਹੁੰਦਾ ਹੈ ਕਿ ਉਹ ਘਰ ਬਾਰ ਛੱਡ ਕੇ ਸੱਸੀ ਦੀ ਕਬਰ ਦਾ ਮਜਾਵਰ ਬਣ ਜਾਂਦਾ ਹੈ । ਜੀਵਨ ਦੇ ਸੁੱਖ ਆਰਾਮ ਨੂੰ ਠੋਕਰ ਮਾਰ ਫਕੀਰੀ ਫੜ ਲੈਂਦਾ ਹੈ :

'ਦਿਲ ਥੋਂ ਸ਼ੋਕ ਗਿਆ ਉੱਠ ਸਾਰਾ,
ਮਾਲ ਧੀਆਂ ਪੁੱਤ ਘਰ ਦਾ
ਹਾਸ਼ਮ ਜਾਣ ਦਿਲੋਂ ਜਗ ਫਾਨੀ,
ਵੇਖ ਫਕੀਰੀ ਫੜਦਾ ।

**ਪੰਜਾਬੀ ਕਿੱਸਾ ਅਤੇ ਯੂਨਾਨੀ ਪਰੰਪਰਾ**

ਯੂਨਾਨੀ ਪ੍ਰਭਾਵ ਹੇਠ ਕਿੱਸਿਆਂ ਵਿਚ ਹੋਣੀ ਦਾ ਸੰਕਲਪ ਆਉਂਦਾ ਹੈ ਅਤੇ ਮੁੱਖ ਤੌਰ ਤੇ ਕਿੱਸੇ ਦੁਖਾਂਤ ਦਾ ਰੂਪ ਧਾਰ ਲੈਂਦੇ ਹਨ । ਵਾਰਿਸ ਨੇ ਵੀ ਇਸੇ ਪ੍ਰਭਾਵ ਹੇਠ ਪਹਿਲੀ ਵਾਰ ਹੀਰ ਦੇ ਕਿੱਸੇ ਨੂੰ ਦੁਖਾਂਤ ਦਾ ਰੂਪ ਦਿੱਤਾ। ਸੋਹਣੀ ਤੇ ਮਿਰਜ਼ਾ ਸਾਹਿਬਾਂ ਵੀ ਦੁਖਾਂਤਕ ਕਿੱਸੇ ਸਨ। ਹਾਸ਼ਮ ਨੇ ਇਸ ਪ੍ਰਭਾਵ ਨੂੰ ਗ੍ਰਹਿਣ ਕੀਤਾ ਅਤੇ ਕਿੱਸੇ ਨੂੰ ਦੁਖਾਂਤ ਵਿਚ ਖਤਮ ਕੀਤਾ ।

ਯੂਨਾਨੀ ਪ੍ਰਭਾਵ ਦਾ ਦੂਜਾ ਅੰਸ਼ ਹੈ ਚਿਤਰਕਾਰੀ, 'ਮੂਰਤੀਕਾਰੀ'। ਸੱਸੀ ਇਕ ਸੌਦਾਗਾਰ ਦੇ ਬਣਾਏ ਬਾਗ ਦੀ ਸੋਭਾ ਸੁਣਕੇ ਉਥੇ ਜਾਂਦੀ ਹੈ । ਉਸ ਬਾਗ ਵਿਚ ਹਰ ਮੁਲਕ ਦੇ ਸ਼ਹਿਜਾਦੇ ਦੀ ਤਸਵੀਰ ਚਿੱਤਰੀ ਮਿਲਦੀ ਹੈ । ਸੱਸੀ ਪੁੰਨੂੰ ਦੇ ਚਿੱਤਰ ਨੂੰ ਵੇਖ ਕੇ ਮੋਹਿਤ ਹੋ ਜਾਂਦੀ ਹੈ ।

ਸੱਸੀ ਸੁਣੇ ਤਾਰੀਫ ਹਮੇਸ਼ਾ ਲਾਇਕ ਮੁਸ਼ਕ ਖੁਤਨ ਦੀ,
ਇਕ ਦਿਨ ਨਾਲ ਸਈਆਂ ਉਠ ਦੌੜੀ। ਖਾਤਰ ਸੈਲ ਚਮਨ ਦੀ,
ਦੇਖਿਆ ਨਕਸ਼ ਦੀਵਾਰ ਖੜੋਤਾ, ਸੂਰਤ ਸੀਮ ਬਦਨ ਦੀ,
ਹਾਸ਼ਮ ਵੇਖ ਹੋਈ ਦਿਲ ਘਾਇਲ, ਵਾਗੂੰ ਕੋਹ ਸ਼ਿਕਨ ਦੀ,

ਇਸ ਤਰ੍ਹਾਂ ਇਹ ਕਿੱਸਾ ਸਾਮੀ ਤੇ ਯੂਨਾਨੀ ਪ੍ਰਭਾਵਾਂ ਨੂੰ ਗ੍ਰਹਿਣ ਕਰਦਾ ਹੈ। ਪਰੰਤੂ, ਇਰਾਨੀ ਪ੍ਰਭਾਵ ਨੂੰ ਨਾ ਦਮੋਦਰ ਨੇ ਤੇ ਨਾ ਹਾਸ਼ਮ ਨੇ ਕਬੂਲ ਕੀਤਾ। ਈਰਾਨੀ ਪ੍ਰਭਾਵ ਵਧੇਰੇ ਕਰਕੇ ਕਿੱਸਾ-ਬਣਤਰ ਨਾਲ ਅਤੇ ਨਾਇਕ-ਨਾਇਕਾ ਦੇ ਅੰਗ ਚਿੱਤਰਣ ਨਾਲ ਸੰਬੰਧ ਰਖਦਾ ਹੈ। ਦਮੋਦਰ ਤੇ ਹਾਸ਼ਮ ਨੇ ਕਿੱਸੇ ਦੀ ਉਸਾਰੀ ਵੀ ਭਾਰਤੀ ਪਰੰਪਰਾ ਅਨੁਸਾਰ ਕੀਤੀ ਹੈ ਅਤੇ ਨਾਇਕ ਨਾਇਕਾ ਦੇ ਨਖ-ਸ਼ਿਖ ਚਿੱਤਰਣ ਦੀ ਥਾਂ ਉਨ੍ਹਾਂ ਦੇ ਹੁਸਨ ਇਸ਼ਕ ਤੇ ਪ੍ਰਭਾਵ ਉਪਰ ਜ਼ੋਰ ਦਿੱਤਾ ਹੈ । ਇਹ ਵਸਫ਼ ਦਮੋਦਰ ਤੇ ਹਾਸ਼ਮ ਨੂੰ ਵਿਸ਼ੇਸ਼ ਵਿਲੱਖਣਤਾ ਬਖਸ਼ਦਾ ਹੈ ਕਿ ਉਨ੍ਹਾਂ ਨੇ ਈਰਾਨੀ ਪਰੰਪਰਾ ਦੀ ਥਾਂ ਭਾਰਤੀ ਪਰੰਪਰਾ ਨੂੰ ਅਪਣਾਇਆ ।

**ਪੰਜਾਬੀ ਕਿੱਸਾ ਅਤੇ ਭਾਰਤੀ ਪਰੰਪਰਾ**

ਭਾਰਤੀ ਪਰੰਪਰਾ ਅਧੀਨ ਹੀ ਹਾਸ਼ਮ ਨੇ ਸੱਸੀ ਦੇ ਅਧਿਆਤਮਕ ਮਿਆਰ ਨੂੰ ਉਜਾਗਰ ਕੀਤਾ ਹੈ । ਸਰੀਰਾਂ ਦਾ ਮੇਲ ਨਹੀ ਕਰਵਾਇਆ । ਆਤਮਾ ਦੇ ਸੰਜੋਗ ਨੂੰ ਅਮਰ ਕੀਤਾ ਹੈ । ਦਮੋਦਰ ਨੇ ਹੀਰ ਦੇ ਮੂੰਹੋਂ ਰਾਂਝੇ ਨੂੰ ਆਪਣਾ ਅੱਲ੍ਹਾ ਕਹਿਲਾਇਆ ਹੈ । ਹਾਸ਼ਮ ਨੇ ਸੱਸੀ ਦੇ ਮੂੰਹੋਂ ਆਪਣੇ ਪ੍ਰੇਮੀ ਆਸ਼ਕ ਪੁੰਨੂੰ ਨੂੰ ਬੇਪਰਵਾਹ ਦਰਸਾਇਆ ਹੈ ।

ਸੁਣ ਮਾਏ ! ਜੇ ਦਿਲ ਵਿਚ ਏਵੇਂ, ਹੋਗ ਮੇਰੇ ਦਿਲਬਰ ਦੇ ,
ਦਿਲਬਰ ਬੇਪਰਵਾਹ ਹਮੇਸ਼ਾ, ਕੁਝ ਪਰਵਾਹ ਨ ਧਰਦੇ।
ਵੇਖ ਚਕੋਰ ਪਤੰਗ ਵਿਚਾਰੇ, ਮੁਫਤ ਬਿਰਹੁੰ ਵਿਚ ਮਰਦੇ,
ਹਾਸ਼ਮ ਮੋੜ ਰਹੇ ਨਹੀ ਮੁੜਦੀ, ਘਰ ਦੇ ਲੋਕ ਸ਼ਹਿਰ ਦੇ ।

ਭਾਰਤੀ ਇਸਤਰੀ ਇਕ ਪਰਵਾਨੇ ਜਾਂ ਚਕੋਰ ਦੇ ਨਿਆਈਂ ਹੈ ਜੋ ਆਪਣੇ ਪ੍ਰੇਮੀ ਰੂਪੀ ਸ਼ਮ੍ਹਾਂ ਤੇ ਸੜ ਮਰਦੀ ਹੈ, ਜਾਂ ਆਪਣੇ ਚੰਨ ਤੋਂ ਆਪਾਂ ਵਾਰ ਦਿੰਦੀ ਹੈ। ਇਸੇ ਲਈ ਹਾਸ਼ਮ ਦਾ ਸਥਾਨ ਭਾਰਤੀ ਕਥਾ-ਪਰੰਪਰਾ ਵਿਚ ਨਿਆਰਾ ਹੈ। ਉਹ ਭਾਰਤੀ ਪਰੰਪਰਾ ਦਾ ਮਹਾਨ ਕਥਾਕਾਰ ਹੈ। ਮੁਕਬਲ, ਹਾਮਦ, ਵਾਰਿਸ ਆਦਿ ਨੇ ਈਰਾਨੀ ਕਿੱਸਾ-ਕਾਵਿ ਪਰੰਪਰਾ ਨੂੰ ਅਪਣਾਇਆ। ਇਸ ਕਰਕੇ ਉਹ ਮਹਾਨ ਕਿੱਸਾ-ਕਾਰ ਬਣੇ। ਪਰੰਤੂ ਹਾਸ਼ਮ ਮੂਲ ਰੂਪ ਵਿਚ ਭਾਰਤੀ ਕਥਾ-ਵਖਿਆਨ ਪਰੰਪਰਾ ਦਾ ਕਵੀ ਹੈ ਤੇ ਇਸੇ ਪਰੰਪਰਾ ਨੂੰ ਉਸ ਨੇ ਅਪਣਾਇਆ ਤੇ ਇਸੇ ਕਰਕੇ ਉਹ ਜਗਤ ਪ੍ਰਸਿੱਧ ਹੋਇਆ। ਉਸ ਦੀ ਦਾਸਤਾਨੇ-ਸੱਸੀ ਲੋਕ-ਪ੍ਰਿਯ ਹੋਈ।

ਭਾਰਤੀ ਇਸਤਰੀ ਅੰਤ ਤਕ ਆਪਣੇ ਪਤੀ/ਪ੍ਰੇਮੀ ਦਾ ਨਾਮ ਜਪਦੀ ਰਹਿੰਦੀ ਹੈ । ਹਾਸ਼ਮ ਨੇ ਇਸੇ ਤੱਥ ਨੂੰ ਕਿੱਸੇ ਦੇ ਅੰਤ ਉੱਤੇ ਰੂਪਮਾਨ ਕੀਤਾ ਹੈ :

ਜਪਦੀ ਨਾਮ ਪੁੰਨੂੰ ਦਾ ਆਹੀ, ਦਰਦ ਇਸ਼ਕ ਦੀ ਮਾਰੀ,
ਹਾਸ਼ਮ ਥਾਉਂ ਮਕਾਨ ਨ ਜਾਣਾ, ਆਹੀ ਕੌਣ ਬਿਚਾਰੀ।

ਇਸੇ ਤਰ੍ਹਾਂ ਭਾਰਤੀ ਪਰੰਪਰਾ ਵਿਚ ਸੂਰਮਤਾਈ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਨਾਇਕ ਨਾਇਕਾ ਨੂੰ ਬੀਰ ਜੋਧਾ ਬੀਰਾਂਗਣ ਬਹਾਦਰ ਚਿਤਰਿਆ ਜਾਂਦਾ ਹੈ। ਦਮੋਦਰ ਦੀ ਹੀਰ ਅਜਿਹੀ ਨਾਇਕਾ ਹੈ। ਹਾਸ਼ਮ ਨੇ ਵੀ ਇਸ ਤੱਥ ਨੂੰ ਅੱਖੋਂ ਉਹਲੇ ਨਹੀ ਕੀਤਾ।

ਉਸ ਨੂੰ ਬਾਗਬਾਨਾਂ ਦੁਆਰਾ ਪਤਾ ਲਗਦਾ ਹੈ ਕਿ ਬਾਗ ਨੂੰ ਬਲੋਚ ਕਾਰਵਾਨਾਂ ਨੇ ਵਿਰਾਨ ਕਰ ਦਿੱਤਾ ਹੈ ਤੇ ਉਹ ਸਮਝਦੇ ਹਨ ਕਿ ਸ਼ਹਿਰ ਭੰਬੋਰ ਨਖਸਮਾ ਤੇ ਬਿਨਾਂ ਰਾਜੇ ਜਾਂ ਸੁਲਤਾਨ ਦੇ ਹੈ:

ਜਾਇ ਖੜੇ ਦਰਬਾਰ ਸੱਸੀ ਦੇ, ਸ਼ੋਰ ਕੀਤਾ ਬਗਬਾਨਾ।
ਬਾਗ ਵੀਰਾਨ ਹੋਇਆ ਕੁਲ ਸਾਰਾ, ਚਾਰ ਲਿਆ ਕਰਵਾਨਾਂ।
ਖੌਫ ਖ਼ੁਦਾਇ ਨਾ ਮਰਨੋਂ ਡਰਦੇ, ਖਾਵਣ ਮਾਲ ਬਿਗਾਨਾਂ,
ਹਾਸ਼ਮ ਸ਼ਹਿਰ ਭੰਬੋਰ ਬਿ-ਰਾਜਾ,ਜਾਨਿਊਂ ਨਹੀ ਸੁਲਤਾਨਾਂ ।

ਸੱਸੀ ਆਪਣੀਆਂ ਸਖੀ-ਸਹੇਲੀਆਂ ਨੂੰ ਨਾਲ ਲੈ ਕੇ ਉਨ੍ਹਾਂ ਬਲੋਚਾਂ ਉੱਤੇ ਜਾ ਹਮਲਾ ਕਰਦੀ ਹੈ । ਉਸਨੂੰ ਤੇ ਉਸ ਦੀਆਂ ਸਖੀਆਂ ਨੂੰ ਆਪਣੀ ਉਮਰ ਤੇ ਰੂਪ-ਜਵਾਨੀ ਦਾ ਮਾਣ ਸੀ । ਇਸ ਭਾਰਤੀ ਚਰਿੱਤਰ ਨੂੰ ਹਾਸ਼ਮ ਨੇ ਬੜੇ ਸੁੰਦਰ ਢੰਗ ਨਾਲ ਉਘਾੜਿਆ ਹੈ ।

ਸੱਸੀ ਨਾਲ ਸਈਆਂ ਕਰ ਮਸਲਿਤ
ਬਾਗ ਬੰਨੇ ਚਲਿ ਆਈ ।
ਹਰ ਹਰ ਦੇ ਹੱਥ ਸ਼ਾਖ ਚਿਨਾਰੀ ।
ਤੇਗ ਮਿਸਾਲ ਸਿਪਾਈ ।
ਉਮਰ ਅਵਾਇਲ ਮਾਣ ਹੁਸਨ ਦਾ
ਜਾਇ ਪਈਆ ਕਰ ਧਾਈ
ਹਾਸ਼ਮ ਮਾਰ ਪਈ ਕਰਵਾਨਾ ।
ਦੇਣ ਬਲੋਚ ਦੁਹਾਈ ।

ਜਦ ਪੁੰਨੂੰ ਦੇ ਭਰਾ ਉਸਨੂੰ ਕੇਚ ਮਕਰਾਨ ਤੋਂ ਭੰਬੋਰ ਲੈ ਆਉਦੇਂ ਹਨ ਤੇ ਸੱਸੀ ਨੂੰ ਇਸ ਗੱਲ ਦਾ ਪਤਾ ਲਗਦਾ ਹੈ ਤਾਂ ਉਨ੍ਹਾਂ ਦੀ ਖਿਦਮਤ ਤੇ ਆਉ ਭਗਤ ਕਰਨ ਲਈ ਬੇਕਰਾਰ ਹੁੰਦੀ ਹੈ । ਇਹ ਸੁਭਾਉ ਵੀ ਭਾਰਤੀ ਨਾਰੀ ਦਾ ਹੀ ਹੈ । ਉਸ ਨੂੰ ਆਪਣੇ ਪ੍ਰੇਮੀ ਦੇ ਸਾਕ ਸੰਬੰਧੀ ਤੇ ਮਿੱਤਰ ਪਿਆਰੇ ਬਹੁਤ ਚੰਗੇ ਲਗਦੇ ਹਨ । ਅਜਿਹੇ ਮੇਲ ਨੂੰ ਭਾਗ ਭਲੇ ਦਿਨ ਫਿਰਦੇ ਦਾ ਪਰਿਣਾਮ ਸਮਝਿਆ ਜਾਂਦਾ ਹੈ :

ਸੁਣ ਕੇਚਮ ਕਰਵਾਨ ਸੱਸੀ ਨੂੰ,
ਚੜ੍ਹਿਆ ਚੰਦ' ਵਧੇਰੇ ।
ਰਲ ਮਿਲ ਨਾਲ ਸਈਆ ਦੇ ਆਖੇ,
ਭਾਗ ਭਲੇ ਦਿਨ ਮੇਰੇ ।

ਪਾਪਾਂ ਤੇ ਕਰਮਾਂ ਵਿਚ ਵਿਸ਼ਵਾਸ ਰੱਖਣਾ ਵੀ ਭਾਰਤੀ ਪਰੰਪਰਾ ਦੀ ਵਿਸ਼ੇਸ਼ਤਾਈ ਹੈ । ਭਾਰਤੀ ਪ੍ਰੇਮਿਕਾ ਪ੍ਰੇਮੀ ਦੇ ਸਾਥੀਆਂ ਦੀ ਹਰ ਪ੍ਰਕਾਰ ਦੀ ਸੇਵਾ ਕਰਨਾ ਆਪਣਾ ਪਰਮ ਧਰਮ ਸਮਝਦੀ ਹੈ । ਇਹ ਉਸ ਦੇ ਉੱਤਮ ਕਰਮਾਂ ਕਰਕੇ ਹੀ ਹੁੰਦਾ ਹੈ ।

ਇਕ ਥੋਂ ਚਾਰ ਹੋਏ ਵਿਚ ਖਿਦਮਤ,
ਨਫ਼ਰ ਗੁਲਾਮ ਵਧੇਰੇ,
ਹਾਸ਼ਮ ਫੇਰ ਨਾ ਸਮਝਣ ਪਾਪੀ,
ਪਾਪ ਕਰੇਂਦੇ ਜਿਹੜੇ।

ਭਾਰਤੀ ਨਾਰੀ ਵਲੋ ਪ੍ਰੇਮ ਕਰਨਾ ਆਪਣੇ ਉੱਚ ਅਸਲੇ ਨੂੰ ਸਾਬਤ ਕਰਨਾ ਹੈ । ਹਾਸ਼ਮ ਇਸ ਗੱਲ ਦੀ ਪ੍ਰੋੜ੍ਹਤਾ

ਕਰਦਾ ਹੈ

ਹਾਸ਼ਮ ਨੇਹੁ ਅਸੀਲ ਕਮਾਵਣ,
ਹੋਰ ਗਵਾਰ ਕੀ ਜਾਨਣ ।

ਲਿਖੇ ਲੇਖਾਂ ਵਿਚ ਵਿਸ਼ਵਾਸ ਵੀ ਭਾਰਤੀ ਚਿੰਤਨ ਪਰੰਪਰਾ ਦਾ ਅਟੁੱਟਵਾਂ ਅੰਗ ਹੈ । ਉਸਦਾ ਪੁੰਨੂੰ ਦੀ ਪ੍ਰੀਤ ਤੇ ਆਪਣੇ ਲੇਖਾਂ ਵਿਚ ਦ੍ਰਿੜ੍ਹ ਵਿਸ਼ਵਾਸ ਹੈ :

ਹਾਸ਼ਮ ਲੇਖ ਲਿਖੇ ਸੋ ਵਾਚੇ,
ਛੱਡ ਮੇਰਾ ਲੜ ਮਾਏ ।

ਆਪਣੇ ਪਿਆਰੇ ਨੂੰ ਹਰ ਹਾਲਤ ਜਾ ਮਿਲਣਾ ਤੇ ਉਸਦੇ ਚਰਣ ਪਰਸਣ ਭਾਰਤੀ ਸਭਿਅਤਾ ਦਾ ਲਖਾਇਕ ਤੇ ਭਾਰਤੀ ਇਸਤਰੀ ਦਾ ਕਰਤੱਵ ਹੁੰਦਾ ਹੈ ਅਤੇ ਸੁੱਚਮ, ਇਸ਼ਕ ਤੇ ਸ਼ਹੀਦ ਹੋਣਾ ਨਿਰੋਲ ਭਾਰਤੀ ਪਰੰਪਰਾ ਹੈ :

ਜੋ ਰੱਬ ਕੂਕ ਸੱਸੀ ਦੀ ਸੁਣਸੀ ।
ਜਾਇ ਮਿਲਾਂ ਪਗ ਪਰਸਾਂ ।
ਹਾਸ਼ਮ ਨਹੀਂ ਸ਼ਹੀਦ ਹੋਵੈਸਾਂ,
ਥਲ ਮਾਰੂ ਵਿਚ ਮਰਸਾਂ ।

ਅਤੇ ਸੱਸੀ ਨੇ ਉਪਰੋਕਤ ਕਥਨ ਸੱਚ ਕਰ ਵਿਖਾਇਆ ਅਖੀਰ ਉਹ ਆਪਣੇ ਪੁੰਨੂੰ ਲਈ ਸ਼ਹੀਦ ਹੋ ਗਈ ।

ਆਤਮਾ ਵਿਚ ਵਿਸ਼ਵਾਸ ਦੇ ਸਿਧਾਂਤ ਨੂੰ ਭਾਰਤੀ ਕਥਾ-ਪਰੰਪਰਾ ਨੇ ਥਾਂ ਪਰ ਥਾਂ ਸਿੱਧ ਕੀਤਾ ਹੈ । ਸੱਸੀ ਦੀ ਆਤਮਾ ਉਸ ਦੇ ਮਰਨ ਪਿਛੋਂ ਸੁੱਤੇ ਪੁੰਨੂੰ ਨੂੰ ਜਾ ਜਾਗਾਂਦੀ ਹੈ ਤੇ ਉਹ ਭੰਬੋਰ ਵੱਲ ਨੂੰ ਉਠ ਦੌੜਦਾ ਹੈ । ਅੰਤ ਸੱਸੀ ਦੀ ਕਬਰ ਤੇ ਪਹੁੰਚ ਕੇ ਜਾਨ ਦੇ ਦਿੰਦਾ ਹੈ ।

ਇਸ ਤਰ੍ਹਾਂ ਹਾਸ਼ਮ ਨੇ ਦਾਸਤਾਨਿ ਸੱਸੀ ਪੁੰਨੂੰ ਬਿਆਨ ਕਰਨ ਵਿਚ ਇਸਲਾਮੀ ਜਾਂ ਈਰਾਨੀ ਕਿੱਸਾ-ਕਾਵਿ ਪੰਰਪਰਾ ਨੂੰ ਨਹੀਂ ਅਪਨਾਇਆ, ਸਗੋਂ ਨਿਰੋਲ ਭਾਰਤੀ ਪਰੰਪਰਾ ਨੂੰ ਹੀ ਮੁੱਖ ਰਖਿਆ; ਹੈ । ਇਸ ਲਈ ਅਸੀਂ ਬਿਨਾਂ ਕਿਸੇ ਸੰਕੋਚ ਜਾਂ ਸੰਸੇ ਦੇ ਕਹਿ ਸਕਦੇ ਹਾਂ ਹਾਸ਼ਮ ਪਹਿਲਾ ਮੁਸਲਮਾਨ ਕਿੱਸਾਕਾਰ ਹੈ, ਜਿਸ ਨੇ ਭਾਰਤੀ ਕਿੱਸਾ-ਕਾਵਿ ਪਰੰਪਰਾ ਨੂੰ ਅਪਣਾਇਆ, ਭਾਰਤੀ ਦਵੱਇਆ ਛੰਦ ਨੂੰ ਆਪਣਾ ਵਾਹਣ ਬਣਾਇਆ, ਕਥਾ ਬਿਆਨ ਕਰਨ ਲਗਿਆਂ ਵਿਸਥਾਰ ਦੀ ਥਾਂ ਸੰਜਮ ਤੇ ਸੰਕੋਚ ਤੋਂ ਕੰਮ ਲਿਆ ਅਤੇ ਅੰਤ ਉੱਤੇ ਨਾਇਕਾ-ਨਾਇਕ ਦਾ ਸਰੀਰਕ ਮੇਲ ਕਰਵਾਉਣ ਦੀ ਥਾਂ ਆਤਮ ਸੰਜੋਗ ਕਰਵਾਇਆ, ਜੋ ਸਦੀਵੀਂ ਤੇ ਅਮਰ ਸਮਝਿਆ ਜਾਂਦਾ ਹੈ । ਨਿਰਸੰਦੇਹ ਹਾਸ਼ਮ ਦਾ ਭਾਰਤੀ ਕਿੱਸਾ-ਕਾਵਿ ਪਰੰਪਰਾ ਵਿਚ ਪ੍ਰਥਮ ਤੇ ਸ਼ਰੋਮਣੀ ਸਥਾਨ ਹੈ ਜਿਸ ਨੂੰ ਅੱਜ ਤਕ ਹੋਰ ਕੋਈ ਕਿੱਸਾਕਾਰ ਪ੍ਰਾਪਤ ਨਹੀਂ ਕਰ ਸਕਿਆ ਅਤੇ ਨਾ ਸਫਲਤਾ ਸਹਿਤ ਨਿਭਾਹ ਸਕਿਆ ਹੈ ।

ਕਿੱਸਾ-ਕਾਵਿ ਪਰੰਪਰਾ ਜ਼ਾਹਰ ਰੂਪ ਵਿਚ ਮੁਸਲਮਾਨੀ ਤਥਾ ਈਰਾਨੀ ਮੂਲ ਦੀ ਜਾਪਦੀ ਹੈ ।ਪਰੰਤੂ, ਭਾਰਤ ਵਿਚ ਕਥਾ, ਕਹਾਣੀ, ਆਖਿਆਨ ਆਦਿ ਮੁੱਢ ਤੋਂ ਹੀ ਪ੍ਰਚਲਤ ਸਨ । ਕਥਾ ਧਾਰਾ ਨੂੰ ਡਾਃ ਮੋਹਨ ਸਿੰਘ (ਜਤਿੰਦਰਾ ਸਾਹਿਤ ਸਰੋਵਰ ਪੰਨੇ 64-65) ਨੇ ਵੱਖਰਾ ਕਰਕੇ ਉਲੀਕਿਆ ਹੈ ਭਾਰਤੀ ਕਥਾਵਾਂ ਵਧੇਰੇ ਕਰਕੇ ਬੀਰਤਾ ਦੇ ਸਾਕੇ ਹੁੰਦੀਆਂ ਸਨ । ਇਸ ਲਈ ਪਿਛੋਂ ਸਾਡੇ ਕਿੱਸਿਆ ਵਿਚ ਵੀ ਸ਼ਿੰਗਾਰ ਰਸ ਦੇ ਨਾਲ ਨਾਲ ਬੀਰ ਰਸ ਵੀ ਪ੍ਰਧਾਨ ਦਿਸਦਾ ਹੈ । ਹੀਰ ਨੂੰ ਦਮੋਦਰ ਨੇ ਵੀਰਾਂਗਣਾ ਦੇ ਰੂਪ ਵਿਚ ਚਿਤਰਿਆ ਹੈ । ਉਹ ਸਹੇਲੀਆਂ ਨੂੰ ਲੈ ਕੇ ਲੁੱਡਣ ਮਲਾਹ ਨੂੰ ਛੁਡਾਉਣ ਆਏ ਮਰਦਾਂ ਦੀ ਵਾਹਰ ਨਾਲ ਲੜਦੀ ਵਿਖਾਈ ਹੈ। ਇਸੇ ਤਰ੍ਹਾਂ ਸੱਸੀ ਹਾਸ਼ਮ ਵਿਚ ਵੀ ਸੱਸੀ ਕੇਚ ਮਕਰਾਨ ਤੋਂ ਆਏ ਸੌਦਾਗਰਾਂ ਦੇ ਕਾਫਲੇ ਨੂੰ ਕੈਦ ਕਰ ਲੈਂਦੀ ਹੈ ਤੇ ਬੱਬਣ ਤੇ ਬੰਬੀਹਾ ਦੋਹਾਂ ਸਰਦਾਰਾ ਨੂੰ ਪੁੰਨੂੰ ਨੂੰ ਲਿਆਉਣ ਲਈ ਮਜ਼ਬੂਰ ਕਰ ਦਿੰਦੀ ਹੈ । ਕਿੱਸਾ ਮਿਰਜ਼ਾ ਸਾਹਿਬਾਂ ਵਿਚ ਵੀ ਨਾਇਕ ਨੂੰ ਸੂਰਬੀਰ ਜੋਧਾ ਵਿਖਾਇਆ ਗਿਆ ਹੈ, ਜੋ ਇੱਕਲਾ ਸਿਆਲਾਂ ਦੀ ਵਾਹਰ ਨਾਲ ਲੜਦਾ ਹੋਇਆ ਸ਼ਹੀਦ ਹੋ ਜਾਂਦਾ ਹੈ। ਮੱਧਕਾਲੀ ਕਿੱਸੇ ਵੀ ਭਾਰਤੀ ਪਰੰਪਰਾ ਦੀਆਂ ਬੀਰ ਕਥਾਵਾਂ ਦੇ ਨਵੀਨ ਰੂਪ ਹੀ ਹਨ। ਭਾਈ ਮੋਹਨ ਸਿੰਘ ਦੇ ਕਥਨ ਅਨੁਸਾਰ (ਜਤਿੰਦਰਾ ਸਾਹਿਤ ਸਰੋਵਰ, ਪੰਨੇ 65-66) ਦਮੋਦਰ ਦੀ ਹੀਰ, ਅਹਿਮਦਯਾਰ ਦੀ ਗੁਰਦਾਸ ਦੀ ਹੀਰ। ਹਾਸ਼ਮ ਦੀ ਸੱਸੀ, ਪੀਲੂ ਦਾ ਮਿਰਜ਼ਾ ਸਾਹਿਬਾਂ। ਕਾਲੀਦਾਸ ਦਾ ਪੂਰਨ ਅਤੇ ਰੂਪ ਬਸੰਤ, ਚਾਤ੍ਰਿਕ ਦੀ ਨਲ ਦਮਿਯੰਤੀ ਤੇ ਭਰਥਰੀ, ਦੌਲਤ ਰਾਮ ਦਾ 'ਰਸਲੂ' ਇਹ ਅਸਲ ਵਿਚ ਕਵਿਤਾ ਵਿਚ ਨਾਵਲ ਹਨ ਤੇ ਹਰੇਕ ਰਸ, ਹਾਸ ਰਸ, ਪ੍ਰੇਮ ਰਸ, ਕਰੁਣਾ ਰਸ ਨੂੰ ਆਪਣੀ ਬੋਤਲ ਵਿਚ ਪਾਈ ਫਿਰਦੇ

ਹਨ, ਕਲਪਨਾ ਦੀਆਂ ਮੂਰਤਾਂ ਵੀ ਵਿਖਾਉਂਦੇ ਹਨ ਤੇ ਸੱਚ ਦੀਆਂ ਤਸਵੀਰਾਂ ਵੀ । ਨਿਰਸੰਦੇਹ ਕਹਿ ਸਕਦੇ ਹਾਂ ਕਿ ਹਾਸ਼ਮ ਨੇ ਪਰੰਪਰਾ ਨੂੰ ਕਾਇਮ ਰੱਖਿਆ ਹੈ ਇਸ ਲਈ ਭਾਰਤੀ ਕਥਾ ਪਰੰਪਰਾ ਵਿਚ ਹਾਸ਼ਮ ਦਾ ਵਿਸ਼ੇਸ਼ ਸਥਾਨ ਹੈ ।

ਜੋ ਸਥਾਨ ਦਮੋਦਰ ਨੂੰ ਸਤਾਰ੍ਹਵੀਂ ਸਦੀ ਵਿਚ ਹੀਰ ਦਾ ਕਿੱਸਾ ਭਾਰਤੀ ਪਰੰਪਰਾ ਅਨੁਸਾਰ ਪਹਿਲੀ ਵਾਰ ਕਹਿਣ ਕਰਕੇ ਪ੍ਰਾਪਤ ਹੈ, ਅਹਿਮਦ ਗੁੱਜਰ ਨੂੰ ਏਹੀ ਕਿੱਸਾ ਈਰਾਨੀ ਪਰੰਪਰਾ ਵਿਚ ਬੈਂਤਾ ਤੋਂ ਪਹਿਲਾ ਲਿਖਣ ਕਰਕੇ ਹਾਸਲ ਹੈ। ਪੀਲੂ ਨੂੰ ਮਿਰਜ਼ਾ ਸਾਹਿਬਾਂ ਸੱਦ ਵਿਚ ਰਚਣ ਕਰਕੇ ਪ੍ਰਾਪਤ ਹੈ ਅਤੇ ਵਾਰਿਸ ਨੂੰ ਅਠਾਰ੍ਹਵੀ ਸਦੀ ਵਿਚ ਬੈਂਤ ਨੂੰ ਟਕਸਾਲੀ ਬਣਾਉਣ ਕਾਰਣ ਹੈ। ਉਸ ਤੋਂ ਵਡੇਰਾ ਸਥਾਨ ਹਾਸ਼ਮ ਨੂੰ ਉਨ੍ਹੀਵੀ ਸਦੀ ਵਿਚ ਸੱਸੀ ਕਹਿਣ ਕਰਕੇ ਪ੍ਰਾਪਤ ਹੋਇਆ। ਹਾਸ਼ਮ ਨੇ ਦਮੋਦਰ ਤੇ ਪੀਲੂ ਵਾਂਗ ਭਾਰਤੀ ਕਾਵਿ ਪਰੰਪਰਾ ਨੂੰ ਹੀ ਅਪਨਾਇਆ । ਹਾਸ਼ਮ ਨੇ ਕਿੱਸਾ ਕਿੱਸਾ-ਕਲਾ ਨੂੰ ਸੂਫੀ ਰੰਗਣ ਵਿਚ, ਕਥਾ ਵਸਤੂ ਜਾਂ ਕਾਵਿ ਸ਼ਿੰਗਾਰ ਦੀ ਥਾਂ ਬ੍ਰਿਹਾ, ਤੜਪ, ਸੋਜ਼ ਤੇ ਪੀੜ ਨੂੰ ਪਹਿਲ ਦਿੱਤੀ ਅਤੇ ਸੱਚੀ ਪ੍ਰੀਤ ਦਾ ਪ੍ਰਭਾਵ ਪੇਸ਼ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ।

ਹਾਸ਼ਮ ਅਜਿਹਾ ਕਵੀ ਹੈ, ਜਿਸ ਵਿਚ ਕਿੱਸਾ, ਮੂਰਤੀਕਾਰੀ, ਨਾਟਕੀਅਤਾ ਤੇ ਕਲਾਕਾਰੀ, ਸਭ ਇਕ ਥਾਂ ਸੰਮਲਿਤ ਹੋ ਸਕੀਆਂ ਹਨ। ਹਾਸ਼ਮ ਨੇ ਕਿੱਸਾ-ਕਾਵਿ ਨੂੰ ਦੈਵੀ ਤੇ ਅਮਰ ਰੂਪ ਦਿੱਤਾ ਅਤੇ ਰਹੱਸਮਈ ਭਾਵਾਂ ਨੂੰ ਉਜਾਗਰ ਕੀਤਾ। ਕਿੱਸਾ-ਕਾਵਿ ਪਰੰਪਰਾਂ ਵਿਚ ਹਾਸ਼ਮ ਦਾ ਆਪਣਾ ਨਿਵੇਕਲਾ ਤੇ ਵਿਸ਼ੇਸ਼ ਸਥਾਨ ਹੈ।

ਹਾਸ਼ਮ ਨਾਲ ਕੇਵਲ ਸੱਸੀ ਕਾਵਿ ਪਰੰਪਰਾ ਹੀ ਸਿਖਰ ਤੇ ਨਹੀ ਪੁੱਜਦੀ, ਸਗੋਂ ਸਮੁੱਚਾ ਕਿੱਸਾ-ਕਾਵਿ ਪੂਰਨਤਾ ਦੇ ਪੜਾਉ ਨੂੰ ਛੂੰਹਦਾ ਹੈ ਹਾਸ਼ਮ ਦੀ ਕਲਾ ਦਮੋਦਰ ਅਤੇ ਵਾਰਿਸ ਦੀਆਂ ਪਾਈਆਂ ਹੋਈਆਂ ਲੀਹਾਂ ਨੂੰ ਪਕੇਰਿਆਂ ਤੇ ਡੂੰਘੇ ਰਿਆਂ ਕਰਦੀ ਹੈ। ਜਿਵੇਂ ਸੱਸੀ ਦੀ ਕਹਾਣੀ ਸਦਾ ਫਾਨੀ ਜੱਗ ਵਿਚ ਬਾਕੀ ਰਹੇਗੀ, ਹਾਸ਼ਮ ਦਾ ਨਾਮ ਹਮੇਸ਼ਾ ਅਮਿਟ ਤੇ ਅਮਰ ਰਹੇਗਾ :

ਹਾਸ਼ਮ ਅੰਤ ਗਏ ਰਲ ਮਾਟੀ, ਸੂਰਤ ਹੁਸਨ ਜਵਾਨੀ।
ਹਾਸ਼ਮ ਰਹੇ ਬਕਾ ਅਲਾਹੀ, ਹੋਰ ਸਾਰਾ ਜਗ ਫਾਨੀ।

**ਛੋਟੇ ਪ੍ਰਸ਼ਨਾ ਲਈ ਸਹਾਇਕ ਸਮੱਗਰੀ**

- ਉਸ ਨੇ ਭਾਰਤੀ ਪਰੰਪਰਾ ਨੂੰ ਅਪਣਾਇਆ ।
- ਉਸ ਨੂੰ ਕਥਾ ਵਸਤੂ ਉੱਤੇ ਜ਼ੋਰ ਦੇਣ ਦੀ ਥਾਂ ਇਸ਼ਕ ਦੇ ਪ੍ਰਭਾਵ ਉਲੀਕਣ ਉਪਰ ਬਲ ਦਿੱਤਾ।
- ਉਸ ਨੇ ਨਾਇਕਾ ਨੂੰ ਨਾਇਕ ਦੇ ਰੂਪ ਵਿਚ ਪੇਸ਼ ਕੀਤਾ ।
- ਉਸ ਨੇ ਨਾਇਕਾ ਨਾਇਕ ਦੇ ਅੰਗ-ਚਿੱਤਰਣ ਦੀ ਥਾਂ ਅਨੁਭਵ ਤੇ ਪ੍ਰੀਤ-ਭਾਵਾਂ ਨੂੰ ਉਜਾਗਰ ਕਰਨ ਉਪਰ ਬਲ ਦਿੱਤਾ।
- ਉਸਨੇ ਸਰੀਰਕ ਸੰਜੋਗ ਦੀ ਥਾਂ ਆਤਮਕ ਸੰਜੋਗ ਨੂੰ ਤਰਜੀਹ ਦਿੱਤੀ।
- ਉਸਨੇ ਵਿਸਥਾਰ, ਵਾਰਤਾਲਾਪ ਆਦਿ ਦੀ ਥਾਂ ਸੰਕੋਚ ਤੇ ਸੰਜਮ ਤੋਂ ਕੰਮ ਲਿਆ।
- ਉਸਨੇ ਮੁਸਲਮਾਨੀ ਜਾਂ ਇਰਾਨੀ ਪ੍ਰੰਪਰਾ ਅਧੀਨ ਕਿੱਸਾ-ਉਸਾਰੀ ਦੀ ਥਾਂ ਕੇਵਲ ਸੱਸੀ ਦੇ ਇਸ਼ਕ ਦੀ ਅੱਗ ਨੂੰ ਰੂਪਮਾਨ ਕੀਤਾ।
- ਉਸਨੇ ਸੁਖਾਂਤ ਦੀ ਥਾਂ ਦੁਖਾਂਤ ਨੂੰ ਪਹਿਲ ਦਿੱਤੀ । ਦੁਖਾਂਤ ਦਾ ਅਸਰ ਚਿਰਕਾਲੀ ਹੁੰਦਾ ਹੈ। ਇਥੇ ਉਸ ਨੇ ਭਾਰਤੀ ਪ੍ਰੰਪਰਾ ਦੀ ਪਰਵਾਹ ਨਹੀਂ ਕੀਤੀ। ਸ਼ਾਇਦ ਇਸ ਲਈ ਕਿ ਉਹ ਮੁਸਲਮਾਨ ਸੀ। ਉਸਨੂੰ ਕੋਹ-ਸ਼ਿਕਨ (ਫਰਿਹਾਦ) ਦੀ ਪ੍ਰੀਤ ਵਧੇਰੇ ਪ੍ਰਭਾਵਿਤ ਕਰ ਸਕੀ, ਜੋ ਸ਼ੀਰੀ ਦੇ ਚਿੱਤਰ ਚਿਤਰਦਾ ਆਪ ਤੇਸਾ ਮਾਰਕੇ ਮਰ ਗਿਆ।
- ਉਸਨੇ ਇਸ਼ਕ ਦੇ ਸੂਫੀਆਨਾ ਰੰਗ ਨੂੰ ਅਨੁਭਵ ਕਰ ਲਿਆ ਸੀ। ਹਾਸ਼ਮ ਪਹਿਲਾ ਕਵੀ ਹੈ ਜਿਸ ਨੇ ਕਿੱਸਾ ਕਲਾ ਤੇ ਸੂਫੀ ਸਿਧਾਂਤ ਦਾ ਸੰਜੋਗ ਸਥਾਪਤ ਕੀਤਾ।
- ਪੰਜਾਬੀ ਕਿੱਸਾ-ਕਾਵਿ ਪਰੰਪਰਾ ਨੇ ਮੁਸਲਮਾਨਾਂ ਦੀ ਆਮਦ ਨਾਲ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕੀਤਾ।
- ਪੰਜਾਬੀ ਕਿੱਸਾ-ਕਾਵਿ ਸੋਲ੍ਹਵੀ ਸਦੀ ਵਿਚ ਆਰੰਭ ਹੋਇਆ। ਸਤਾਰ੍ਹਵੀ ਸਦੀ ਵਿਚ ਵਿਸਤ੍ਰਿਤ ਹੋਇਆ । ਅਠਾਰ੍ਹਵੀ ਸਦੀ ਇਸਦਾ ਸੋਨ-ਸੁਨਹਿਰੀ ਕਾਲ ਹੈ। ਉਨ੍ਹੀਵੀਂ ਸਦੀ ਵਿਚ ਭਰ ਜੋਬਨ ਤੇ ਆਇਆ ਅਤੇ ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਇਸ ਦਾ ਅੰਤ ਹੋਇਆ।

- ਪੰਜਾਬੀ ਵਿਚ ਤਿੰਨ ਪ੍ਰਕਾਰ ਦੇ ਕਿੱਸੇ ਰਚੇ ਗਏ ਹਨ। ਇਕ ਬਿਦੇਸ਼ੀ, ਜਿਵੇਂ ਯੂਸਫ-ਜ਼ੁਲੈਖਾਂ, ਲੈਲਾ ਮਜਨੂੰ, ਸ਼ੀਰੀ ਫਰਿਹਾਦ ਆਦਿ। ਦੂਜੇ ਭਾਰਤੀ ਆਲ੍ਹਾ ਉਦਲ ਤੇ ਸੋਰਠ ਬੀਜਾਂ (ਉਤਰ ਪ੍ਰਦੇਸ਼) ਸੱਸੀ (ਸਿੱਧ ਬਲੋਚਿਸਤਾਨ) ਭਰਥਰੀ ਹਰੀ (ਬੰਗਾਲ) ਕਾਮਰੂਪ, ਕਾਮ ਕੁੰਦਲਾ (ਆਸਾਮ) ਢੋਲਾ ਮਾਰੂ (ਰਾਜਿਸਥਾਨ) ਆਦਿ ਅਤੇ ਤੀਜੇ ਪੰਜਾਬ ਦੇ ਆਪਣੇ ਲੋਕ-ਪ੍ਰਿਯ ਜਿਵੇਂ ਹੀਰ ਰਾਝਾਂ, ਸੋਹਣੀ ਮਹੀਵਾਲ, ਮਿਰਜਾ ਸਾਹਿਬਾ, ਮਲਕੀ ਕੀਮਾ, ਰੋਡਾ ਜਲਾਲੀ, ਪੂਰਨ ਭਗਤ, ਰਾਜਾ ਰਸਾਲੂ ਆਦਿ।
- ਯੂਸਫ ਜੁਲੈਖਾ ਸੱਭ ਤੋਂ ਪਹਿਲਾਂ ਕਿੱਸਾ ਰਚਿਆ ਗਿਆ । 'ਹੀਰ ਰਾਝਾਂ' ਸਭ ਤੋਂ ਵੱਧ ਲੋਕ ਪ੍ਰਿਯ ਹੋਇਆ।
- ਕਿੱਸੇ ਭਾਰਤੀ ਤੇ ਈਰਾਨੀ-ਦੋਹਾਂ ਪ੍ਰੰਪਰਾਵਾਂ ਵਿਚ ਲਿਖੇ ਗਏ।
- ਹਾਸ਼ਮ ਬ੍ਰਿਹਾ ਸੋਜ਼, ਤੜਪ, ਕਰਕੇ ਲੋਕ-ਪ੍ਰਿਯ ਹੋਇਆ। ਇਸੇ ਲਈ ਉਸ ਨੂੰ ਉਨ੍ਹੀਵੀ ਸਦੀ ਦਾ ਸ਼੍ਰੋਮਣੀ ਕਿੱਸਾਕਾਰ ਮੰਨਿਆ ਗਿਆ ਹੈ।
- ਹਾਸ਼ਮ ਨੇ ਸੰਕੋਚ ਤੇ ਸੰਜਮ ਤੋਂ ਕੰਮ ਲਿਆ। ਉਹ ਕਥਾ-ਵਸਤੂ ਦੇ ਵਿਸਥਾਰ ਉੱਤੇ ਜ਼ੋਰ ਨਹੀ ਦਿੰਦਾ, ਸਗੋਂ ਸੱਚੇ ਇਸ਼ਕ ਦੇ ਪ੍ਰਭਾਵ ਨੂੰ ਉਘਾੜ ਕੇ ਕਿੱਸੇ ਵਿਚ ਤੀਬਰਤਾ ਪੈਦਾ ਕਰਦਾ ਹੈ।
- ਹਾਸ਼ਮ ਨੇ ਕਿੱਸਾ ਕਾਵਿ ਵਿਚ ਸੂਫੀ ਰੰਗ ਭਰਿਆ। ਉਸ ਦੇ ਕਿੱਸੇ ਵਿਚ ਨਾਟਕੀਅਤਾ ਪ੍ਰਬਲ ਹੈ ਤੇ ਪ੍ਰਭਾਵ ਗਜ਼ਬ ਦਾ ਹੈ।
- ਹਾਸ਼ਮ ਨੂੰ ਸੱਸੀ-ਕਾਵਿ ਦਾ ਬਾਦਸ਼ਾਹ ਕਿਹਾ ਜਾ ਸਕਦਾ ਹੈ ਉਸ ਦਾ ਸਥਾਨ ਕਿੱਸਾ-ਕਾਵਿ ਦੇ ਇਤਿਹਾਸ ਵਿਚ ਨਿਆਰਾ ਤੇ ਵਿਸ਼ੇਸ਼ ਹੈ। ਸੱਸੀ ਉਸ ਦਾ ਸ਼ਾਹਕਾਰ ਹੈ। ਹਾਸ਼ਮ ਦੀ ਕਾਵਿ-ਕਲਾ ਸੱਸੀ ਪੁੰਨੂੰ ਵਿਚ ਸਿਖਰਾਂ ਤੇ ਹੈ। 'ਸੱਸੀ ਹਾਸ਼ਮ' ਨੇ ਘਰ-ਘਰ ਬ੍ਰਿਹਾ ਦੀ ਅੱਗ ਬਾਲ ਦਿੱਤੀ।

**ਪਾਠ ਨੰਬਰ : 1.2**

## ਸੱਸੀ-ਹਾਸ਼ਮ ਵਿਚ ਯੁੱਗ-ਚਿੱਤਰਣ

### ਸੱਸੀ ਹਾਸ਼ਮ ਦੇ ਇਤਿਹਾਸਕ ਪਹਿਲੂ

ਦਸਮ ਗ੍ਰੰਥ ਅਨੁਸਾਰ ਸੱਸੀ ਪੁੰਨੂੰ ਦੀ ਪ੍ਰੀਤ-ਕਹਾਣੀ ਮਿਥਿਹਾਸਕ ਯੁੱਗ ਦੀ ਵਾਰਤਾ ਹੈ। ਚਰਿੱਤਰ 108 ਵਿਚ ਜੋ ਸਾਰ ਦਿੱਤਾ ਗਿਆ ਹੈ ਉਹ ਪ੍ਰਾਚੀਨ ਭਾਰਤ ਵਰਸ਼ ਦੇ ਸਮੇਂ ਦਾ ਜਾਪਦਾ ਹੈ ਜਦੋਂ ਦੇਵੀ-ਦੇਵਤਿਆਂ ਦੀ ਮਾਨਤਾ ਤੇ ਉਪਾਸਨਾ ਕੀਤੀ ਜਾਂਦੀ ਸੀ । ਰੰਭਾ ਅਪਸਰਾ ਦੇ ਉਦਰ ਤੋਂ ਸੱਸੀ ਦਾ ਜਨਮ ਹੋਇਆ। ਜਨਮ ਪਿਛੋਂ ਉਹ ਸਿੰਧੂ ਨਦੀ ਵਿਚ ਰੁੜ੍ਹਦੀ ਦਿਸਦੀ ਹੈ। ਸਿੰਧ ਦੇ ਰਾਜੇ ਬ੍ਰਹਮ ਦੱਤ ਨੇ ਉਸ ਨੂੰ ਵੇਖ ਕੇ ਬਾਹਰ ਕੱਢ ਲਿਆ। ਆਪਣੀ ਧੀ ਬਣਾ ਲਈ। ਉਸ ਦਾ ਨਾਮ 'ਸਸਿਯਾ' ਰਖਿਆ। ਜਦੋਂ ਉਹ ਜਵਾਨ ਹੋਈ ਤਾਂ ਰਾਜੇ ਨੇ ਪੁੰਨੂੰ ਪਾਤਸ਼ਾਹ ਨੂੰ ਦੂਤ ਭੇਜ ਕੇ ਉਸ ਨੂੰ 'ਸਸਿਯਾ' ਵਰਨ ਲਈ ਪ੍ਰੇਰਿਆ । ਪੁੰਨੂੰ ਵੀ ਮਿਥਿਹਾਸਕ ਦੇਵਤਾ ਦੇ ਰੂਪ ਵਿਚ ਚਿਤਰਿਆ ਗਿਆ ਹੈ। ਉਸ ਦੇ ਹੱਥ ਵਿਚ ਸਬਜ਼ ਧਨੁਸ਼ ਸੀ। ਉਹ 'ਸਸਿਯਾ' ਨੂੰ ਬੜੀ ਧੂਮ ਨਾਲ ਵਿਆਹ ਕੇ ਲੈ ਗਿਆ। ਉਸ ਸਮੇਂ ਰਾਜਿਆਂ ਦੇ ਇਕ ਤੋਂ ਵੱਧ ਵਿਆਹ ਹੁੰਦੇ ਸਨ। ਪੁੰਨੂੰ ਦੀ ਵੀ ਪਹਿਲੀ ਵਹੁਟੀ ਮੌਜੂਦ ਸੀ।ਉਸ ਨੇ ਮੰਤਰ ਟੂਣੇ ਕੀਤੇ। ਇਹ ਵੀ ਉਸ ਯੁੱਗ ਦੀ ਨਿਸ਼ਾਨੀ ਹੈ। ਜਦ ਪੁੰਨੂੰ ਦਾ ਦਿਲ ਸੱਸੀ ਤੋਂ ਉਚਾਟ ਨਾ ਹੋਇਆ ਤਾਂ ਪਹਿਲੀ ਵਹੁਟੀ ਨੇ ਪਤੀ ਮਰਵਾ ਦੇਣ ਦੀ ਵਿਉਂਤ ਬਣਾਈ। ਆਪ ਤੀਰਥਾਂ ਤੇ ਚਲੀ ਗਈ ਤੇ ਪਿਛੋਂ ਇਕ ਦਿਨ ਸ਼ਿਕਾਰ ਖੇਡਦੇ ਪੁੰਨੂੰ ਨੂੰ ਸ਼ਤਰੂਆਂ ਨੇ ਤੀਰ ਦਾ ਨਿਸ਼ਾਨਾ ਬਣਾ ਦਿੱਤਾ। ਰਾਜੇ ਦੀ ਲੋਥ ਨੂੰ ਉਥੇ ਹੀ ਦਬਾ ਦਿੱਤਾ ਗਿਆ।

ਤਾਂ ਤੇ ਯਾਕੀ ਕਬਰ ਖਨਿ,
ਗਾਡਹੁ ਇਹੀ ਬਾਇ

ਹਾਸ਼ਮ ਦੇ ਕਿੱਸੇ ਦਾ ਘਟਨਾ ਸਥਾਨ ਸਿੰਧ ਵਾਦੀ ਹੀ ਹੈ ਅਤੇ ਅੰਤ ਉੱਤੇ ਦੋਵੇਂ ਹੀ ਰੇਤ ਦੀ ਕਬਰ ਵਿਚ ਸਮਾਂ ਜਾਦੇਂ ਹਨ। ਸਿੰਧ ਘਾਟੀ ਦੀ ਸਭਿਅਤਾ ਵਿਚ ਮੋਇਆਂ ਨੂੰ ਦੱਬਣ ਦਾ ਹੀ ਰਿਵਾਜ਼ ਸੀ। ਇਸ ਲਈ ਭਾਵੇਂ ਸੱਸੀ ਤੇ ਪੁੰਨੂੰ ਹਿੰਦਵੀ ਨਾਮ ਹਨ, ਪਰ ਉਨ੍ਹਾਂ ਨੂੰ ਦੱਬਿਆ ਵਿਖਾਇਆ ਜਾਂਦਾ ਹੈ, ਇਹ ਤੱਥ ਸਿੰਧ-ਵਾਦੀ ਦੀ ਯਾਦ ਦਿਵਾਉਂਦਾ ਹੈ। ਸੱਸੀ ਨੇ ਪਿਆਰੇ ਹੇਤ ਆਪਣੀ ਜਾਨ ਵਾਰੀ ਸੀ। ਇਸ ਲਈ ਉਸ ਦੀ ਆਤਮਾ ਦੇਵ ਲੋਕ ਨੂੰ ਗਈ ਜਿਥੇ ਇੰਦਰ ਨੇ ਉਸ ਨੂੰ ਅੱਧਾ ਆਸਨ ਬਖਸ਼ਿਆ ਤੇ ਉਸ ਦਾ ਬਹੁਤ ਆਦਰ ਮਾਣ ਕੀਤਾ।

'ਪ੍ਰਿਯ ਹੇਤ ਦੇਰ ਤਵਨ ਤ੍ਰਿਯ ਦਈ,
ਦੇਵ ਲੋਕ ਭੀਤਰ ਲੈ ਗਈ।
ਅਰਧਾਸਨ ਬਾਸਵ ਤਿਹ ਦੀਨੋ,
ਭਾਂਤ ਭਾਂਤ ਸੇ ਆਦਰ ਕੀਨੋ।

ਇਹ ਭੂਮਿਕਾ ਇਸ ਲਈ ਦਿੱਤੀ ਗਈ ਹੈ ਤਾਂ ਜੋ ਹਾਸ਼ਮ ਦੀ ਸੱਸੀ ਦੇ ਕਾਲ ਦਾ ਪਿਛੋਕੜ ਪਤਾ ਲੱਗ ਸਕੇ। ਹਾਸ਼ਮ ਨੇ ਇਤਿਹਾਸਕ ਕਾਲ ਦੇ ਚਿੰਨ੍ਹ ਆਪਣੇ ਕਿੱਸੇ ਵਿਚ ਕਾਇਮ ਰਖੇ ਹਨ ਜਿਵੇਂ ਕਿ ਉਸ ਨੇ ਸੱਸੀ ਤੇ ਪੁੰਨੂੰ ਦੇ ਨਾਮ ਪਹਿਲੇ ਵਾਲੇ ਹੀ ਰਖੇ ਹਨ।ਸੱਸੀ ਪੁੰਨੂੰ ਨੂੰ ਕਬਰ ਵਿਚ ਦਫਨਾਇਆ ਹੈ। ਮਰਨ ਪਿਛੋਂ ਸੱਸੀ ਦੀ ਆਤਮਾ ਨੂੰ ਪੁੰਨੂੰ ਵਲ ਭੇਜਿਆ ਹੈ ਜੋ ਉਸ ਨੂੰ ਜਾ ਕੇ ਸੱਸੀ ਦੀ ਮ੍ਰਿਤੂ ਦੀ ਖਬਰ ਦਿੰਦੀ ਹੈ :

'ਉਡਿਆ ਰੂਹ ਸੱਸੀ ਦੇ ਤਨ ਤੋਂ
ਫਿਰ ਪੁੰਨੂੰ ਵਲ ਆਇਆ।
ਮਹਿਮਲ ਲੈ ਬੇਹੋਸ਼ ਪੁੰਨੂੰ ਨੂੰ,
ਸੁਫਨੇ ਆਣ ਜਗਾਇਆ।
ਲੈ ਹੁਣ ਯਾਰ ਅਸਾਂ ਸੰਗ ਤੇਰੇ,
ਕੌਲ ਕਰਾਰ ਨਿਭਾਇਆ।
ਹਾਸ਼ਮ ਰਹੀ ਸੱਸੀ ਵਿਚ ਥਲ ਦੇ,
ਮੈਂ ਰੁਖਸਤ ਹੋ ਆਇਆ।

ਇਸ ਤੋਂ ਸਪੱਸ਼ਟ ਹੈ ਕਿ ਸੱਸੀ ਦੀ ਪ੍ਰੀਤ-ਘਟਨਾ ਦੇ ਯੁੱਗ ਵਿਚ ਲੋਕਾਂ ਦਾ ਰੂਹ ਜਾਂ ਆਤਮਾ ਹੋਣ ਦਾ ਵਿਸ਼ਵਾਸ ਸਥਿਰ ਸੀ, ਚਾਹੇ ਹਿੰਦੂ ਸਨ ਤੇ ਚਾਹੇ ਮੁਸਲਮਾਨ। ਭਾਈ ਗੁਰਦਾਸ ਨੇ 27 ਵੀ ਵਾਰ ਵਿਚ ਪ੍ਰੀਤ-ਜੋੜਿਆਂ ਬਾਰੇ ਸੰਕੇਤ ਕੀਤਾ ਹੈ। ਸੱਸੀ ਪੁੰਨੂੰ ਆਸ਼ਕੀ ਨੂੰ ਉਹ 'ਜਾਤਿ ਅਜਾਤੀ' ਦੀ ਆਸ਼ਕੀ ਜਾਂ ਦੋਸਤੀ ਕਹਿੰਦੇ ਹਨ :

'ਸੱਸੀ ਪੁੰਨੂੰ ਆਸ਼ਕੀ,
ਹੋਇ ਜਾਤਿ ਅਜਾਤੀ।

ਇਸ ਦਾ ਭਾਵ ਇਹ ਹੋਇਆ ਕਿ ਉਸ ਯੁੱਗ ਵਿਚ ਅੰਤਰ-ਜਾਤੀ ਵਿਆਹ ਸੰਬੰਧ ਵਿਵਰਜਤ ਸਨ ਅਤੇ ਲੋਕ ਅਜਾਤੀ ਸੰਬੰਧ ਜਾਂ ਪਿਆਰ ਨੂੰ ਚੰਗੀ ਨਜ਼ਰ ਨਾਲ ਨਹੀ ਵੇਖਦੇ ਸਨ। ਇਸੇ ਲਈ ਪੁੰਨੂੰ ਦੀ ਪ੍ਰੀਤ ਸਿਰੇ ਨਾ ਚੜ੍ਹੀ। ਜਦ ਜੋਤਸ਼ੀ, ਨਜੂਮੀ ਆਦਮ ਜਾਮ ਨੂੰ ਇਹ ਗੱਲ ਦਸਦੇ ਹਨ ਕਿ ਸੱਸੀ ਜਵਾਨ ਹੋ ਕੇ ਕਮਾਲ ਦੀ ਆਸ਼ਕ ਹੋਵੇਗੀ ਅਤੇ ਮਸਤ ਬੇਹੋਸ਼ ਥਲਾਂ ਵਿਚ ਮਰੇਗੀ ਤਾਂ ਮਾਂ ਪਿਉ ਗਮਗੀਨ ਹੋ ਜਾਂਦੇ ਹਨ, ਉਨ੍ਹਾਂ ਦਾ ਰੰਗ ਪੀਲਾ ਜ਼ਰਦ ਹੋ ਜਾਂਦਾ ਹੇ ਤੇ ਬਾਪ ਉਸ ਨੂੰ ਮਰਵਾ ਦੇਣਾ ਚਾਹੁੰਦਾ ਹੈ :

'ਸੁਣ ਤਕਦੀਰ ਹੋਏ ਦਿਲ ਬਿਰੀਆਂ
ਮਾਂ ਪਿਉ ਖੇਸ਼ ਕਬੀਲਾ।
ਆਤਿਸ਼ ਚਮਕ ਉਠੀ ਹਰ ਦਿਲ ਨੂੰ,
ਜਿਉਂ ਕਰ ਤੇਲ ਫ਼ਤੀਲਾ :
ਖੁਸ਼ੀ ਖਰਾਬ ਹੋਈ ਵਿਚ ਗ਼ਮ ਦੇ,
ਜ਼ਰਦ ਹੋਇਆ ਰੰਗ ਪੀਲਾ।
ਹਾਸ਼ਮ ਬੈਠ ਦਨਾਉ ਸਿਆਣੇ,
ਹੋਰ ਵਿਚਾਰਨ ਹੀਲਾ।

ਆਮ ਲੋਕ ਤਕਦੀਰ ਵਿਚ ਪੂਰਨ ਵਿਸ਼ਵਾਸ ਰਖਦੇ ਸਨ। ਪ੍ਰਭੂ ਨੂੰ ਸਿਰਜਣਹਾਰਾ ਅਤੇ ਸਰਬ ਸ਼ਕਤੀਮਾਨ ਸਮਝਦੇ ਸਨ। ਉਹ ਸੁਲਤਾਨਾਂ ਨੂੰ ਤਖਤੋਂ ਲਾਹ ਸਕਦਾ ਹੈ। ਉਨ੍ਹਾਂ ਨੂੰ ਮੁੜ ਮੰਗਣ ਤੇ ਵੀ ਖੈਰ ਨਹੀ ਮਿਲਦੀ :

ਧੰਨ ਉਹ ਸਾਹਿਬ ਸਿਰਜਨ ਹਾਰਾ,
ਐਬ ਛੁਪਾਵਣ ਹਾਰਾ,
ਹਾਸ਼ਮ ਜੇ ਉਹ ਕਰੇ ਅਦਾਲਤ,
ਕੌਣ ਕਰੇ ਨਿਸਤਾਰ

ਅਤੇ

ਤਖਤੋਂ ਚਾਇ ਸੁਟੇ ਸੁਲਤਾਨਾ
ਖੈਰ ਮੰਗਣ ਦਰ ਦਰ ਦਾ।

ਸਭ ਸ੍ਰਿਸ਼ਟੀ ਉਸ ਦੇ ਹੁਕਮ ਵਿਚ ਹੈ। ਉਹ ਜੋ ਚਾਹੇ ਹੋ ਸਕਦਾ ਹੈ। ਮਨੁੱਖ ਵਿਚਾਰਾ ਕੀ ਦਮ ਭਰ ਸਕਦਾ ਹੈ? ਇਥੋਂ ਇਹ ਭਾਵ ਬਹੁਤ ਹੱਦ ਤਕ ਹਿੰਦੂ ਦਰਸ਼ਨ ਅਤੇ ਭਗਤੀ ਮਾਰਗ ਨਾਲ ਮਿਲਦੇ ਹਨ, ਜਿਸ ਤੋਂ ਇਹ ਸਿੱਟਾ ਨਿਕਲ ਸਕਦਾ ਹੈ ਕਿ ਹਾਸ਼ਮ ਦੀ ਸੱਸੀ ਦਾ ਯੁੱਗ ਭਗਤੀ ਕਾਲ ਦਾ ਹੀ ਸੀ :

'ਬੈਲ ਗਰੀਬ ਨਕਾਬਲ ਜੇਹਾ,
ਚਾਇ ਜ਼ਿਮੀ ਸਿਰ ਧਰਦਾ,
ਹਾਸ਼ਮ ਜਾਅ ਨਾ ਬੋਲਣ ਵਾਲੀ,
ਜੋ ਚਾਹੇ ਸੋਈ ਕਰਦਾ।

## ਸੱਸੀ ਹਾਸ਼ਮ ਵਿਚ ਮਿਥਿਹਾਸਕ ਹਵਾਲੇ

ਕਿੱਸਾ ਸੱਸੀ ਦਾ ਪਿਛੋਕੜ ਮਿਥਿਹਾਸਕ ਹੈ। ਦਸਮ ਗ੍ਰੰਥ ਦੇ ਚਰਿੱਤਰ 108 ਵਿਚ ਆਉਂਦਾ ਹੈ ਕਿ ਕਪਿਲਮੁਨੀ, ਰੰਭਾ ਨਾਮੀ ਇੱਕ ਅਪਸਰਾ ਨੂੰ ਵੇਖ ਕੇ ਉਸ ਪਰ ਮੋਹਿਤ ਹੋ ਗਿਆ ਅਤੇ ਕਾਮਵਸ ਹੋ ਕੇ ਵੀਰਯ ਡਿੱਗ ਪਿਆ, ਜਿਸ ਤੋਂ, ਰੰਭਾ ਦੇ ਉਦਰ ਤੋਂ ਸੱਸੀ ਪੈਦਾ ਹੋਈ । ਇਸ ਤਰ੍ਹਾਂ ਇਸ ਕਥਾ ਦਾ ਕੋਈ ਇਤਿਹਾਸਕ ਅਧਾਰ ਨਹੀ ਜਾਪਦਾ।

ਹਾਸ਼ਮ ਦੇ ਕਿੱਸੇ ਸੱਸੀ ਪੁੰਨੂੰ ਦੇ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਦਾਸਤਾਨ ਪੁਰਾਣੇ ਸਮਿਆਂ ਦੀ ਹੈ, ਜਦ ਇੱਕ ਪੁਰਖੀ ਰਾਜ ਹੁੰਦਾ ਸੀ। ਛੋਟੇ-ਛੋਟੇ ਰਾਜੇ ਰਾਜ ਕਰਦੇ ਸਨ। ਉਨ੍ਹਾਂ ਦਾ ਹੁਕਮ ਹੀ ਰਾਜ ਦਾ ਕਾਨੂੰਨ ਹੁੰਦਾ ਸੀ। ਕਿੱਸੇ ਤੋਂ ਕਿਸੇ ਵਿਸ਼ੇਸ਼ ਇਤਿਹਾਸਕ ਸਮੇਂ ਦਾ ਸੰਕੇਤ ਨਹੀ ਮਿਲਦਾ ਪਰ ਆਦਮ ਜਾਮ, ਅੱਤਾ ਹੋਤ, ਆਦਿ ਪਾਤਰਾਂ ਦੇ ਨਾਮ ਮੁਸਲਮਾਨੀ ਹਨ, ਜਿਸ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਸ ਕਿੱਸੇ ਦਾ ਸਮਾਂ ਮੁਸਲਮਾਨਾਂ ਦੀ ਹਿੰਦ ਵਿਚ ਆਮਦ ਤੋਂ ਪਿਛੋਂ ਦਾ ਹੈ।

'ਸੱਸੀ ਹਾਸ਼ਮ' ਵਿਚ ਪ੍ਰਾਚੀਨ, ਮੱਧ ਤੇ ਆਧੁਨਿਕ ਤਿੰਨ ਕਾਲਾਂ ਦਾ ਝਉਲਾ ਹੈ। ਜਿਥੋਂ ਮਿਥਿਹਾਸਕ, ਜਾਂ ਪੂਰਵ ਇਤਿਹਾਸਕ ਕਾਲ ਦੇ ਨਿਸ਼ਾਨ ਮਿਲਦੇ ਹਨ ਉਥੇ ਉਸ ਨੇ ਅਠਾਰ੍ਹਵੀਂ ਅਤੇ ਉਨ੍ਹੀਵੀਂ ਸਦੀ ਦੀਆਂ ਇਤਿਹਾਸਕ ਘਟਨਾਵਾਂ ਵੱਲ ਵੀ ਸੰਕੇਤ ਕੀਤੇ ਹਨ। ਉਸ ਨੇ ਨਾਦਰਸ਼ਾਹੀ ਰਾਜ ਵੱਲ ਵੀ ਸੰਕੇਤ ਕੀਤਾ ਹੈ।ਉਹ ਨਾਦਰਸ਼ਾਹੀ ਹਮਲੇ ਬਾਰੇ ਵੀ ਹਵਾਲਾ ਦਿੰਦਾ ਹੈ ਅਤੇ ਅੰਗਰੇਜ਼ਾ ਦੀ ਭਾਰਤ ਵਿਚ ਆਮਦ ਤੇ ਕਬਜ਼ੇ ਸਬੰਧੀ ਵੀ ਇਸ਼ਾਰਾ ਕਰਦਾ ਹੈ :

'ਹਾਸ਼ਮ ਜੇ ਦਮ ਜਾਣ ਖਲਾਸੀ, ਹੌਗਸ਼ ਕੈਦ ਫਿਰੰਗੋ'

ਸੱਸੀ ਪੁੰਨੂੰ ਦੋਵੇਂ ਨਾਮ ਹਿੰਦਵਾਣੀ ਹਨ। ਸੱਸੀ ਚੰਦਰਮਾ ਦਾ ਨਾਮ ਹੈ ਅਤੇ ਪੁੰਨੂੰ ਪੂਰਨ ਚੰਦ ਦਾ ਹੀ ਬਦਲਵਾਂ ਰੂਪ ਹੈ। ਇਸਲਾਮ ਦੇ ਹਿੰਦ ਵਿਚ ਪ੍ਰਵੇਸ਼ ਕਰਨ ਪਿਛੋਂ ਦੀ ਵਸੋਂ ਲਾਲਚ ਜਾਂ ਦਬਾਉ ਕਰਕੇ ਆਪਣਾ ਧਰਮ ਛੱਡ ਕੇ ਮੁਸਲਮਾਨ ਹੋ ਰਹੀ ਸੀ। ਹੋ ਸਕਦਾ ਹੈ, ਕਿ ਸੱਸੀ ਪੁੰਨੂੰ ਦੋਹਾਂ ਦੇ ਖਾਨਦਾਨ ਮੁਸਲਾਮਾਨ ਹੋ ਗਏ ਹੋਣ। ਇਸ ਤਰ੍ਹਾਂ ਇਸ ਪ੍ਰੀਤ-ਘਟਨਾ ਦਾ ਕਾਲ ਅਸੀ ਸੱਤਵੀ ਅੱਠਵੀ ਸਦੀ ਤੋਂ ਪਿਛੋਂ ਦਾ ਨਿਸ਼ਚਿਤ ਕਰ ਸਕਦੇ ਹਾਂ।

ਪੁੰਨੂੰ ਬਲੋਚ ਸੀ ਉਸ ਦਾ ਪਿਤਾ ਅਲੀ ਬਲੋਚਿਸਤਾਨ ਦੇ ਹੀ ਕਿਸੇ ਇਲਾਕੇ ਦਾ ਛੋਟਾ-ਮੋਟਾ ਸ਼ਾਸਕ, ਰਈਸ ਜਾਂ ਸੌਦਾਗਰ ਸੀ। ਉਹ ਕੇਚ ਮਕਰਾਨ ਦਾ ਸੀ। ਉਸ ਸਮੇਂ ਸਿੰਧ ਤੇ ਪੰਜਾਬ ਇਕੋ ਰਾਜ ਦੇ ਦੋ ਭਾਗ ਸਨ। ਅਰਬ ਦੇ ਭੂਗੋਲਕਾਰਾਂ ਅਨੁਸਾਰ ਸਿੰਧ ਦੀ ਸਰਹੱਦ ਕੇਚ ਮਕਰਾਨ ਤੋਂ ਆਰੰਭ ਹੁੰਦੀ ਹੈ। ਕਨਿੰਘਮ (ਏਟਸੈਟ ਜਿਉਗ੍ਰਾਫੀ ਆਫ਼ ਇੰਡੀਆ) ਕਹਿੰਦਾ ਹੈ ਕਿ 'ਸਿੰਧ ਦਾ ਚੋਥਾ ਪ੍ਰਾਂਤ ਸੱਤਵੀ ਸ਼ਤਾਬਦੀ ਤੋਂ ਲੈ ਕੇ ਅਕਬਰ ਦੇ ਸਮੇਂ ਤਕ ਸੀ। ਬਹਾਵਲਪੁਰ ਇਸੇ ਪ੍ਰਾਂਤ ਦਾ ਇੱਕ ਭਾਗ ਸੀ।'

ਡਾ. ਮੋਹਨ ਸਿੰਘ ਵੀ ਸੱਸੀ ਪੁੰਨੂੰ ਦੇ ਦੁਖਾਂਤ ਨੂੰ ਬਹਾਵਲਪੁਰ ਰਿਆਸਤ ਵਿਚ ਹੋਈ ਬੀਤੀ ਘਟਨਾ ਮੰਨਦੇ ਹਨ। ਕੁਝ ਵਿਦਵਾਨ (ਫ਼ਾਰਸੀ ਹੱਥ-ਲਿਖਤਾਂ ਦੀ ਸੂਚੀ-ਬ੍ਰਿਟਿਸ਼ ਮਿਊਜ਼ੀਅਮ) ਸੱਸੀ ਪੁੰਨੂੰ ਨੂੰ ਸਿੰਧ ਦੇ ਪ੍ਰੀਤਵਾਨਾ ਦਾ ਜੋੜਾ ਮੰਨਦੇ ਹਨ। ਜਾਮ-ਨਗਰ ਸੁਰਾਸ਼ਟਰ ਦਾ ਪ੍ਰਸਿੱਧ ਸ਼ਹਿਰ ਹੈ। ਸੁਰਾਸ਼ਟਰ ਵੀ ਸਿੰਧ ਨਾਲ ਜਾ ਮਿਲਦਾ ਹੈ। ਇਸ ਤਰ੍ਹਾਂ ਇਸ ਨਤੀਜੇ ਤੇ ਪੁੱਜ ਸਕਦੇ ਹਾਂ ਕਿ ਸੱਸੀ ਪੁੰਨੂੰ ਦੀ ਪ੍ਰੀਤ ਘਟਨਾ ਸਿੰਧ ਬਲੋਚਿਸਤਾਨ ਵਿਖੇ ਵਾਪਰੀ। ਸਿੰਧ ਹੀ ਇਸ ਕਿੱਸੇ ਦਾ ਘਟਨਾ ਸਥਾਨ ਹੈ।

ਇਹ ਕਿੱਸੇ ਦਾ ਘਟਨਾ ਸਥਾਨ, ਜਿਵੇਂ ਕਿ ਉਪਰ ਦੱਸਿਆ ਜਾ ਚੁੱਕਾ ਹੈ, ਸਿੰਧ ਬਲੋਸਚਿਸਤਾਨ ਦੀ ਧਰਤੀ ਹੈ। ਸਿੰਧ ਵਿਚ ਰਿਆਸਤਾਂ ਦੇ ਮਾਲਕਾਂ ਜਾਂ ਸ਼ਾਸਕਾਂ ਨੂੰ 'ਜਾਮ' ਕਿਹਾ ਜਾਂਦਾ ਹੈ। ਸਿੰਧ ਭਾਸ਼ਾ ਵਿਚ 'ਜਾਮ' ਸਰਦਾਰ ਜਾਂ ਸਰਕਰਦਾ ਨੂੰ ਕਿਹਾ ਜਾਂਦਾ ਹੈ । (ਵੇਖੋ ਭਾਈ ਕਾਨ੍ਹ ਸਿੰਘ ਮਹਾਨ ਕੋਸ਼-ਪੰਨਾ 390)।ਸੱਸੀ ਦਾ ਪਿਤਾ ਆਪਣੇ ਰਾਜ ਦਾ ਜਾਮ ਸੀ, ਪ੍ਰਤੂ ਉਸ ਨੂੰ ਸੁਲਤਾਨ 'ਬਾਦਸ਼ਾਹ' ਦਰਸਾਇਆ ਗਿਆ ਹੈ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਉਸ ਸਮੇਂ ਮੁਸਲਮਾਨ ਸੁਲਤਾਨਾਂ ਦਾ ਭਾਰਤ ਵਿਚ ਰਾਜ ਸਥਾਪਤ ਹੋ ਚੁੱਕਾ ਸੀ ।ਮੁਗਲਾਂ ਤੋਂ ਪਹਿਲਾਂ (1000 ਤੋਂ 1526 ਈ. ਤੱਕ) ਸਾਰੇ ਪਠਾਣ ਕਾਬਲ, ਗਜਨੀ ਆਦਿ ਦੇ ਬਾਦਸ਼ਾਹ ਸੁਲਤਾਨ ਹੀ ਕਹਿਲਾਉਂਦੇ ਹਨ। ਇਹ ਗੱਲ ਸੱਸੀ ਹਾਸ਼ਮ ਦਾ ਕਾਲ ਜਾਂ ਯੁੱਗ ਹੀ ਨਿਸ਼ਚਿਤ ਕਰਦੀ ਹੈ। ਜਾਮ ਜੋ ਸੁਲਤਾਨ ਸੀ, ਉਸ ਦੇ ਸਾਹਮਣੇ ਕੌਣ ਭਲਾ ਦਮ ਮਾਰ ਸਕਦਾ ਸੀ:

'ਜ਼ਾਲਮ ਹੁਕਮ ਸਹਮੁ ਸੁਲਤਾਨਾ
ਕੌਣ ਕੋਈ ਦਮ ਮਾਰੇ
ਬਾਦਸ਼ਾਹਾਂ ਸੱਚ ਆਖਣ ਔਖਾ
ਕੀ ਕੁਝ ਕਰਨ ਵਿਚਰੇ।'

ਹਾਸ਼ਮ ਨੇ ਕੇਵਲ ਇਕ ਬੰਦ ਵਿਚ ਭਾਰਤ ਦੀ ਅਠਾਰ੍ਹਵੀ ਸਦੀ ਦਾ ਚਿਤੱਰਣ ਕੀਤਾ ਹੈ। ਰਾਜਿਆਂ ਰਈਸਾਂ ਦੇ ਬੂਹੇ ਉੱਤੇ ਡੂਮ,ਬ੍ਰਹਮਣ, ਨਾਈ, ਹੋਕਾ ਦਿੰਦੇ ਹਨ। ਫਿਰ 'ਨਾਦਰਸ਼ਾਹੀ' ਵੇਲੇ ਲੋਕਾਂ ਦੀ ਮਜ਼ਬੂਰੀ, ਆਤੁਰਤਾ ਵੱਲ ਸੰਕੇਤ ਕੀਤਾ ਹੈ। ਨਾਦਰ ਦਾ ਹਿੰਦ ਉੱਤੇ ਹਮਲਾ 1738 ਈ. ਵਿਚ ਹੋਇਆ ਸੀ। ਹਾਸ਼ਮ ਦਾ ਸਮਾਂ 1733-1843 ਈ.

ਦਾ ਹੈ। ਇਸ ਲਈ ਹਾਸ਼ਮ ਨੇ ਨਾਦਰ ਦੇ ਹਮਲੇ ਬਾਰੇ ਬਹੁਤ ਕੁਝ ਸੁਣ ਰਖਿਆ ਹੋਵੇਗਾ। ਉਸ ਬਾਰੇ ਸੰਕੇਤ ਉਹ ਇਸ ਪ੍ਰਕਾਰ ਕਰਦਾ ਹੈ :

ਮੰਗੀ ਛਾਨ ਨਸੀਬ ਨ ਹੋਈ,
ਕੋ ਚੜ੍ਹੀਏ ਨਾਦਰਸ਼ਾਹੀ।
ਬੂਹੇ ਉੱਤੇ ਸਦਨ ਕਰੇਂਦੇ,
ਡੂਮ ਬ੍ਰਾਹਮਨ ਨਾਈ।

ਇਸ ਤਰ੍ਹਾਂ ਹਾਸ਼ਮ ਦੀ ਸੱਸੀ ਵਿਚ ਮਿਥਿਹਾਸਕ (ਭਾਰਤੀ ਪੌਰਾਣਿਕ ਸਮਾਂ) ਪੂਰਵ-ਈਸਾ (ਯਹੂਦੀ ਕਾਲ) ਅਤੇ ਇਤਿਹਾਸਕ ਕਾਲ (ਨਾਦਰਸ਼ਾਹ ਦਾ ਹਮਲਾ) ਤਿੰਨਾਂ ਦੇ ਹਵਾਲੇ ਹੀ ਮਿਲਦੇ ਹਨ। ਨਿਰਸੰਦੇਹ ਹਾਸ਼ਮ ਨੇ ਇਸ ਯੁੱਗ ਨੂੰ ਅਪਣੇ ਕਿੱਸੇ ਵਿਚ ਚਿੱਤ੍ਰਿਆ ਹੈ, ਉਹ ਮੱਧ-ਕਾਲੀ ਜਾਂ ਮੁਸਲਮਾਨੀ ਸਮਾਂ ਹੀ ਹੈ।

**ਸੱਸੀ ਦੀ ਰਚਨਾ ਸਮੇਂ ਦਾ ਸਮਾਜ**

ਕਿੱਸਾ ਸੱਸੀ ਹਾਸ਼ਮ ਵਿਚ ਜਿਸ ਯੁੱਗ ਦਾ ਚਿੱਤ੍ਰਣ ਮਿਲਦਾ ਹੈ, ਉਹ ਭਾਰਤ ਦੇ ਮੱਧ-ਕਾਲ ਦਾ ਹੀ ਹੋ ਸਕਦਾ ਹੈ। ਇਸ ਯੁੱਗ ਦਾ ਚਿੱਤਰ ਹਾਸ਼ਮ ਅਨੁਸਾਰ ਇਸ ਤਰ੍ਹਾਂ ਹੈ :

ਉਸ ਯੁਗ ਦੇ ਸਮਾਜ ਵਿਚ ਰਾਜੇ ਦਾ ਹੁਕਮ ਤੇ ਨਿਆਏ ਅੰਤਮ ਕਾਨੂੰਨ ਹੁੰਦਾ ਸੀ। ਰਾਜਧਾਨੀ ਵਿਖੇ ਰਾਜਾ ਤਖ਼ਤ ਤੇ ਬੈਠਦਾ ਤੇ ਰਾਜ ਕਮਾਂਦਾ। ਉਸ ਦੀ ਪਰਜਾ ਉਸ ਅੱਗੇ ਸੀਸ ਨਿਵਾਉਂਦੀ ਅਤੇ ਉਸ ਦੇ ਹਰ ਹੁਕਮ ਦੀ ਪਾਲਣਾ ਕਰਦੀ। ਉਸ ਦਾ ਖੁਬਜਾਹੋ-ਜਲਾਲ ਹੁੰਦਾ। ਉਹ ਸਿੰਕਦਰ ਵਰਗੇ ਬਾਦਸ਼ਾਹਾਂ ਜਿਨੀ ਸ਼ਾਨੋ-ਸ਼ੋਕਤ ਨੂੰ ਲੋਚਦਾ। ਉਹ ਕਿਸੇ ਨੂੰ ਨਿਗਾਹ ਹੇਠ ਨਾ ਲਿਆਉਂਦਾ। ਉਸ ਦਾ ਦਰਬਾਰ ਬੜੇ ਠਾਠ ਦਾ ਹੁੰਦਾ। ਅਮੀਰ ਵਜ਼ੀਰ ਅਣਗਣਿਤ ਹੁੰਦੇ। ਗੁਲਾਮ, ਨੌਕਰ-ਚਾਕਰ ਸਿਰ ਨਿਵਾਈ ਖਿਦਮਤ ਲਈ ਤਿਆਰ ਰਹਿੰਦੇ । ਉਹ ਫੌਜ ਵੀ ਬੇਸ਼ੁਮਾਰ ਰਖਦਾ। ਬੈਰਕਾਂ ਤੇ ਨਿਸ਼ਾਨ ਝੂਲਦੇ ਰਹਿੰਦੇ । ਦਰਬਾਰ ਸ਼ਾਨਦਾਰ ਸੁੰਦਰ ਸ਼ਾਮਿਆਨਿਆਂ ਹੇਠ ਲਗਦੇ। ਉਹ ਖਜ਼ਾਨਿਆਂ ਦਾ ਮਾਲਕ ਹੁੰਦਾ। ਮੁਸਾਫਰਾਂ ਤੇ ਫਕੀਰਾਂ ਲਈ ਸਰਾਂਵਾਂ ਹੁੰਦੀਆਂ ਤੇ ਉਨ੍ਹਾਂ ਨੂੰ ਮੁਫ਼ਤ ਖਾਣਾ ਮਿਲਦਾ। ਪੌਸ਼ਾਕਾ ਤੇ ਬਸਤਰ ਪ੍ਰਾਪਤ ਹੁੰਦੇ। ਰਾਜੇ ਤੇ ਉਸਦੇ ਅਮੀਰ ਵਜ਼ੀਰ ਪੀਰ ਸ਼ਹੀਦਾਂ ਨੂੰ ਮੰਨਦੇ ਤੇ ਸੁਖਣਾ ਸੁਖਦੇ। ਰਾਜੇ ਤਲਾਬ, ਬਾਗ ਤੇ ਖੂਹ ਲਵਾਉਂਦੇ। ਲੋਕ ਆਪਣੇ ਰਾਜਿਆਂ ਲਈ ਦੁਆਵਾਂ ਕਰਦੇ।

ਨਜੂਮੀਆਂ ਜੋਤਸ਼ੀਆਂ ਆਦਿ ਦੀ ਬਹੁਤ ਪੁੱਛ ਪ੍ਰਤੀਤ ਹੁੰਦੀ ਸੀ। ਉਹ ਹਰ ਨਵੇਂ ਜੰਮੇ ਬੱਚੇ ਦੇ ਭਾਗ ਆਪਣੇ ਇਲਮ ਅਨੁਸਾਰ ਦੱਸਦੇ। ਹਾਸ਼ਮ ਨੂੰ ਤੁਰੇਤ ਦਾ ਹਾਫਿਜ ਦਸਿਆ ਹੈ। ਤੁਰੇਤ ਯਹੂਦੀਆਂ ਦੀ ਪਵਿੱਤਰ ਕਿਤਾਬ ਹੈ। ਇਸ ਤੋ ਇਹ ਵੀ ਸਿੱਧ ਹੁੰਦਾ ਹੈ ਕਿ ਇਹ ਸਮਾਂ ਯਹੂਦੀਆਂ ਦਾ ਸੀ, ਜੋ ਢਾਈ ਹਜ਼ਾਰ ਸਾਲ ਪਹਿਲਾਂ ਦਾ ਹੈ ।

ਅਹਿਲ ਨਜੂਮ ਸੱਚ ਉਸ ਵੇਲੇ
ਹਿਫਜ਼ ਤੁਰੇਤ ਜਬਾਨੀ
ਸਾਹਿਬ ਸੁਖਨ ਕਰਾਮਤ ਵਾਲੇ
ਖਬਰ ਦੇਣ ਆਸਮਾਨੀ।

'ਤੁਰੇਤ' ਨੂੰ 'ਕਲਾਮਿ-ਰੱਬਾਨੀ' ਮੰਨਿਆ ਜਾਂਦਾ ਸੀ। ਰਾਜੇ ਤੇ ਉਨ੍ਹਾਂ ਦੀ ਪਰਜਾ ਨਜੂਮੀਆਂ ਦੇ ਬਚਨਾਂ ਵਿਚ ਬੜਾ ਭਾਰੀ ਵਿਸ਼ਵਾਸ ਰੱਖਦੇ ਸਨ । ਧੀਆਂ ਦੀ ਕਦਰ ਨਹੀਂ ਸੀ ਹੁੰਦੀ ਤੇ ਉਨ੍ਹਾਂ ਨੂੰ ਕਈ ਵਾਰ ਮਾਰ ਦਿੱਤਾ ਜਾਂਦਾ ਸੀ । ਮਨਹੂਸ ਬਾਲ ਬੱਚਿਆਂ ਨੂੰ ਦਰਿਆ-ਬੁਰਦ ਕਰ ਦਿੱਤਾ ਜਾਂਦਾ ਸੀ । ਮੂਸਾ (ਯਹੂਦੀਆਂ ਦੇ ਪੈਗੰਬਰ) ਨੂੰ ਵੀ ਦਰਿਆ ਵਿਚ ਰੋੜ੍ਹ ਦਿੱਤਾ ਗਿਆ ਸੀ । ਇਸ ਤੋਂ ਵੀ ਸਿੱਧ ਹੁੰਦਾ ਹੈ ਕਿ ਇਸ ਸਮੇਂ ਯਹੂਦੀ ਵਿਚਾਰ ਪ੍ਰਧਾਨ ਸਨ । ਰੋੜ੍ਹਨ ਲੱਗਿਆਂ ਨਿਸ਼ਾਨੀ ਵਜੋਂ ਉਨ੍ਹਾਂ ਦੇ ਗਲ ਤਾਵੀਜ਼ ਪਾ ਦਿੱਤਾ ਜਾਂਦਾ ਸੀ। ਸਮਾਜ ਜਾਤਾਂ, ਗੋਤਾਂ ਤੇ ਕਿੱਤਿਆਂ ਵਿਚ ਵੰਡਿਆਂ ਹੋਇਆ ਸੀ । ਉਚ-ਨੀਚ ਤੇ ਅਮੀਰ-ਗਰੀਬ ਦਾ ਭੇਤ ਤੇ ਵਿਤਕਰਾ ਕਾਇਮ ਸੀ । ਕੰਮੀ, ਕਾਮੇ ਤੇ ਪੇਸ਼ਾਵਰ ਲੋਕ ਆਮ ਤੌਰ ਤੇ ਸ਼ਹਿਰੋਂ ਬਾਹਰਵਾਰ ਰਹਿੰਦੇ, ਚੰਗੇ-ਚੰਗੇ ਨੱਕਾਸ਼ ਤੇ ਕਾਰੀਗਰ ਹੁੰਦੇ, ਜਿਹੜੇ ਲੱਕੜ, ਲੋਹੇ ਦਾ ਕੰਮ ਬੜਾ ਸੁਹਣਾ ਕਰ ਸਕਦੇ ਤੇ ਉਸ ਉਪਰ ਨਕਸ਼-ਨਗ ਬੇਲ ਬੂਟੇ ਵਾਹ ਸਕਦੇ । ਅੰਤਰ-ਜਾਤੀ ਵਿਆਹਾਂ ਨੂੰ ਬੁਰੀ ਨਜ਼ਰ ਨਾਲ ਵੇਖਿਆ ਜਾਂਦਾ ਸੀ । ਲੋਕ ਆਪਦੀਆਂ ਧੀਆਂ ਦੇ ਰਿਸ਼ਤੇ ਖੁਸ਼ੀ ਨਾਲ ਵਕਤ ਦੇ ਰਾਜਿਆਂ ਨੂੰ ਪੇਸ਼ ਕਰਦੇ ਸਨ । ਸੁੰਦਰ, ਸੋਹਣੀ ਧੀ ਰਾਜੇ ਦੇ ਮਹਿਲਾਂ ਦਾ ਸ਼ਿੰਗਾਰ ਬਣਨ-ਯੋਗ ਸਮਝੀ ਜਾਂਦੀ ਸੀ । ਅਕਬਰ ਦੇ ਸਮੇਂ ਤਕ ਵੀ ਇਹ ਰਵਾਜ ਬਦਸਤੂਰ ਕਾਇਮ ਸੀ ।

ਸੌਦਾਗਰ ਕਾਫਲਿਆਂ ਨਾਲ ਰਲ ਕੇ ਦੂਰ-ਦੂਰ ਤਕ ਵਣਜ ਵਿਉਪਾਰ ਕਰਦੇ ।ਮਾਲ ਅਸਬਾਬ ਊਠਾਂ ਤੇ ਲੱਦ ਕੇ ਵੱਡੇ ਵੱਡੇ ਕਾਫਲੇ ਬਣਾ ਕੇ ਇੱਕ ਇਲਾਕੇ ਤੋਂ ਦੂਜੇ ਇਲਾਕੇ ਵਿਚ ਜਾਂਦੇ। ਪੰਜਾਬ, ਸਿੰਧ, ਈਰਾਨ, ਸੁਰਾਸ਼ਟਰ, ਬਲੋਚਿਸਤਾਨ ਆਦਿ ਵਿਚ ਵਿਉਪਾਰ ਸਬੰਧ-ਕਾਇਮ ਸਨ । ਰਾਹ ਵਿਚ ਰੇਤ-ਥਲ ਹੁੰਦੇ ਪਰ ਕਾਫ਼ਲੇ ਉਨ੍ਹਾਂ ਨੂੰ ਵੀ ਪਾਰ ਕਰ ਜਾਂਦੇ । ਅੱਯਾਲੀ ਭੇਡਾਂ ਬੱਕਰੀਆਂ ਚਾਰਦੇ ।

ਅਮੀਰ ਘਰਾਣਿਆਂ, ਸੌਦਾਗਰਾਂ ਤੇ ਰਾਜਿਆਂ ਦੇ ਘਰਾਂ ਵਿਚ ਸ਼ਰਾਬ ਦਾ ਸੇਵਨ ਆਮ ਹੁੰਦਾ । ਸ਼ਾਮ ਪੈਂਦੇ ਹੀ ਜਾਮ ਸੁਰਾਹੀ ਚਲਣ ਲਗਦੇ । ਅਮੀਰਜ਼ਾਦੀਆਂ ਬਾਗਾਂ ਵਿਚ ਸੰਦਰ ਯੁਵਕਾਂ ਤੇ ਸ਼ਹਿਜਾਦਿਆਂ ਦੇ ਚਿੱਤਰ ਬਣਵਾ ਕੇ ਲਗਾਉਂਦੀਆਂ । ਇਹ ਉਸ ਯੁੱਗ ਦੀਆਂ ਆਰਟ-ਗੈਲਰੀਆਂ ਕਹੀਆਂ ਜਾ ਸਕਦੀਆ ਹਨ । ਅਮੀਰਾਂ ਦੀਆਂ ਧੀਆਂ ਨੂੰ ਆਮ ਤੁਰਨ ਫਿਰਨ ਦੀ ਖੁੱਲ੍ਹ ਹੁੰਦੀ ਸੀ । ਉਹ ਆਪਣੀਆਂ ਸਹੇਲੀਆਂ ਨੂੰ ਲੈ ਕੇ ਬਾਗਾਂ ਵਿਚ ਸੈਰ ਲਈ ਜਾਂਦੀਆਂ ਸਨ । ਉਹ ਆਪ-ਹੁਦਰੀਆ ਹੁੰਦੀਆਂ ਤੇ ਉਨ੍ਹਾਂ ਦੇ ਹੁਕਮ ਸਭ ਤੇ ਚਲਦੇ ਸਨ ।

ਇਸਲਾਮ ਦੇ ਪ੍ਰਵੇਸ਼ ਕਾਰਣ ਆਮ ਖਾਨਦਾਨ ਮੁਸਲਮਾਨ ਹੋ ਰਹੇ ਸਨ ਅਤੇ ਹਿੰਦੂ ਮੁਸਲਮਾਨੀ ਰੂਪ ਧਾਰਨ ਕਰ ਰਹੇ;ਸਨ । ਲੋਕਾਂ ਦਾ ਵਿਸ਼ਵਾਸ ਹੋਣੀ ਵਿਚ ਅਟੁੱਟ ਸੀ । ਦਹੇਜ ਦਾ ਆਮ ਰਵਾਜ ਸੀ । ਵਿਆਹ ਸ਼ਾਦੀ ਵਿਚ ਲੜਕੀ ਲੜਕੇ ਦੀ ਮਨਮਰਜ਼ੀ ਨੂੰ ਚੰਗੀ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ ਸੀ । ਅਕਸਰ ਉਨ੍ਹਾਂ ਦੀ ਮਰਜ਼ੀ ਦੇ ਵਿਰੁੱਧ ਉਨ੍ਹਾਂ ਦੇ ਰਿਸ਼ਤੇ ਨਾਤੇ ਕਰ ਦਿੱਤੇ ਜਾਂਦੇ ਸਨ । ਖਾਨਦਾਨੀ ਵਕਾਰ ਜਾਂ ਇੱਜ਼ਤ ਨੂੰ ਬੜੀ ਮਹੱਤਤਾ ਦਿੱਤੀ ਜਾਂਦੀ ਸੀ । ਹੁਨਰ ਜਾਂ ਕਲਾ ਵਿਚ ਉਸਤਾਦ ਧਾਰੇ ਜਾਂਦੇ ਅਤੇ ਅਫ਼ਲਾਤੂ ਨੇ ਤੇ ਅਰਸਤੂ ਨੂੰ ਸਾਹਮਣੇ ਰਖਿਆ ਜਾਂਦਾ ਸੀ :

ਜਿਸ ਉਸਤਾਦ ਸੰਦੂਕ ਸੱਸੀ ਦਾ
ਘੜਿਆ ਨਾਲ ਮਿਹਰ ਦੇ ।
ਅਫਲਾਤੂਨ ਅਰਸਤੂ ਜੇਹੇ
ਹੋਣ ਸ਼ਗਿਰਦ ਹੁਨਰ ਦੇ ।

ਇਨ੍ਹਾਂ ਪਾਸੋਂ ਚੀਨ ਮਿਸਰ ਦੇ ਕਾਰੀਗਰ ਵੀ ਹੁਨਰ ਸਿਖਣ ਦੀ ਲਾਲਸਾ ਰਖਦੇ ਸਨ :

ਜ਼ੀਨਤ ਜ਼ੇਬ ਸਿਖੀ ਸਭ ਉਸ ਥੋਂ ।
ਦਿਲਬਰ ਚੀਨ ਮਿਸਰ ਦੇ ।

ਹੋਣੀ ਵਿਚ ਪੂਰਨ ਵਿਸ਼ਵਾਸ ਹੁੰਦਾ ਸੀ । ਮਨੁੱਖ ਨੂੰ ਸਮੇਂ ਦੇ ਚੱਕਰ ਸਾਹਮਣੇ ਮਜ਼ਬੂਰ ਤੇ ਬੇਬਸ ਸਮਝਿਆ ਜਾਂਦਾ ਸੀ :

ਤੁਰਿਆ ਤੋੜ ਜ਼ਮੀਰ ਸਬਰ ਦਾ ।
ਚਾਈਆਂ ਰਿਜ਼ਕ ਮੁਹਾਰਾਂ ।
ਗਰਦਸ਼ ਫਲਕ ਹੋਇਆ ਸਿਰਗਰਦਾਂ ।
ਬਾਝ ਮਲਾਹ ਕੱਹਾਰਾਂ ।

## ਸੱਚੀ ਪ੍ਰੀਤ ਕਹਾਣੀ ਦਾ ਬਿਆਨ

ਪ੍ਰੰਤੂ ਇਕ ਗੱਲ ਜੋ ਹਰ ਕਾਲ ਵਿਚ ਸਾਬਤ ਤੇ ਸਥਿੱਤ ਹੈ, ਉਹ ਹੈ ਮਨੁੱਖੀ ਹਿਰਦੇ ਦੀ ਸੱਚੀ ਪ੍ਰੀਤ ਜੋ ਕਿਸੇ ਕਿਸਮ ਦੀ ਬੰਦਸ਼ ਨੂੰ ਨਹੀਂ ਮੰਨਦੀ ਤੇ ਕਿਸੇ ਦੇ ਹਟਕਿਆਂ ਹੋੜਿਆਂ ਨਹੀਂ ਮੁੜਦੀ ।ਨਾ ਸੱਸੀ ਨੂੰ ਉਸ ਦੀ ਮਾਂ ਮਾਰੂਥਲਾਂ ਵਿਚ ਜਾਣੋਂ ਰੋਕ ਸਕੀ, ਨਾ ਸੋਹਣੀ ਨੂੰ ਝਨਾਂ ਪਾਰ ਕਰਨੋਂ ਕੱਚਾ ਘੜਾ ਰੋਕ ਸਕਿਆ ਤੇ ਨਾ ਹੀਰ ਨੂੰ ਰਾਂਝੇ ਨਾਲ ਰੰਗਪੁਰ ਤੋਂ ਨਿਕਲਣ ਸਮੇਂ ਸੁਹਰਿਆਂ ਮਾਪਿਆਂ ਦੀ ਇਜ਼ਤ ਆਬਰੂ-ਰੁਕਾਵਟ ਪਾ ਸਕੀ :

ਹਾਸ਼ਮ ਵੇਖ ਹੋਈ ਦਿਲ-ਘਾਇਲ
ਵਾਂਗੂੰ ਕੋਹ-ਸ਼ਿਕਨ ਦੀ ।

ਮਨੁੱਖ ਦਾ ਆਪਣੇ ਘਰ ਵਿਚ ਹੀ ਜ਼ੋਰ ਚਲਦਾ ਹੈ ਪਰਾਏ ਦੇਸ਼ ਜਾਂ ਮੁਲਕਾਂ ਵਿਚ ਉਸ ਦੀ ਕੌਣ ਸੁਣਦਾ ਹੈ । ਇਹ ਅਟੱਲ ਸਚਾਈ ਮੱਧਕਾਲੀਨੀ ਸਮਾਜ ਵਿਚ ਵੀ ਅੱਜ ਵਾਂਗ ਸਥਿਤ ਸੀ :

ਹਾਸ਼ਮ ਜ਼ੋਰ ਕੇਹਾ ਪਰ ਮੁਲਕੀਂ,
ਮਾਣ ਹੋਵੇ ਵਿਚਿ ਘਰ ਦੇ ।

ਊਠ ਹੀ ਆਵਾਜਾਈ ਦਾ ਸਾਧਨ ਸਨ।ਉਨ੍ਹਾਂ ਦੀ ਖੂਬ ਸੇਵਾ ਕੀਤੀ ਜਾਂਦੀ ਸੀ। ਉਨ੍ਹਾਂ ਉਪਰ ਆਮ ਤੌਰ ਤੇ ਮਾਣ

ਕੀਤਾ ਜਾਂਦਾ ਸੀ। ਸੱਸੀ ਵਾਂਗ ਢੋਲ ਮਾਰੂ ਵਿਚ ਵੀ ਊਠ ਉਪਰ ਕੀਤਾ ਵਿਸ਼ਵਾਸ ਪੂਰਨ ਉਤਰਿਆ :

ਉਡਣ ਖਟੋਲਾ ਨਾਮ ਕਰਹੇ ਦਾ
ਨਾਲ ਕੀਤਾ ਹਮਰਾਹੀ।
ਬਬੱਣ ਹੋ ਅਸਵਾਰ ਸਿਧਾਇਆ
ਕੇਚ ਬੰਨੇ ਬਣ ਰਾਹੀ।

ਸੱਚੀ ਸੁੱਚੀ ਪ੍ਰੀਤ ਦਾ ਪ੍ਰਭਾਵ ਬੜਾ ਡੂੰਘਾ ਪੈਂਦਾ ਹੈ ਕਿਸੇ ਨੂੰ ਪ੍ਰਭਾਵਿਤ ਕੀਤੇ ਬਿਨਾਂ ਨਹੀ ਰਹਿ ਸਕਦੀ। ਸੱਸੀ ਦੀ ਮਾਰੂਥਲ ਵਿਚ ਮੌਤ ਇਕ ਅੱਯਾਲੀ ਨੂੰ ਫ਼ਕੀਰ ਬਣਾ ਦਿੰਦੀ ਹੈ ਤੇ ਉਹ ਸੱਸੀ ਦੀ ਗੋਰ (ਕਬਰ) ਉੱਤੇ, ਸਭ ਕੁਝ ਛੱਡ ਕੇ, ਮੁਜਾਵਰ ਬਣ ਕੇ, ਬੈਠ ਜਾਂਦਾ ਹੈ। ਇਹ ਸੱਚੀ ਪ੍ਰੀਤ ਦਾ ਕ੍ਰਿਸ਼ਮਾ ਸੀ।

ਸ਼ਰੀਕੇ ਜਾਂ ਭਰਾਵਾਂ ਦਾ ਧ੍ਰੋਹ ਹਰ ਯੁੱਗ ਦੀ ਕਹਾਣੀ ਹੈ। ਸ਼ਰੀਕੇ ਜਾਂ ਰਿਸ਼ਤੇਦਾਰ ਅਤੇ ਦੁਨੀਆ ਦੀ ਰੋਕ ਟੋਕ ਹਮੇਸ਼ਾ ਸੱਚੀ ਪ੍ਰੀਤ ਦੇ ਰਾਹ ਦੀ ਵੱਡੀ ਰੁਕਾਵਟ ਰਹੀ ਹੈ। 'ਸੱਸੀ ਹਾਸ਼ਮ' ਵਿਚ ਵੀ ਇਹ ਅਟੱਲ ਸਚਾਈ ਸਾਫ ਪ੍ਰਤੱਖ ਸਾਫ ਰੂਪਮਾਨ ਹੁੰਦੀ ਹੈ। ਪੁੰਨੂੰ ਦੇ ਭਰਾ ਉਸ ਨਾਲ ਧ੍ਰੋਹ ਕਮਾ ਕੇ, ਉਸ ਨੂੰ ਤੇ ਸੱਸੀ ਨੂੰ ਸ਼ਰਾਬ ਵਿਚ ਮਦਹੋਸ਼ ਕਰਕੇ, ਪੁੰਨੂੰ ਨੂੰ ਵਾਪਸ ਕੇਚ ਮਕਰਾਨ ਲੈ ਜਾਂਦੇ ਹਨ। ਉਨ੍ਹਾਂ ਦੀ ਕਰਤੂਤ ਇਕ ਅੰਞਾਣੀ ਬਾਲੜੀ ਸੱਸੀ ਦੀ ਮ੍ਰਿਤੂ ਦਾ ਕਾਰਣ ਬਣਦੀ ਹੈ :

'ਤੁਰਸਾ ਮੂਲ ਨਾ ਮੁੜਸਾਂ ਰਾਹੋਂ
ਜਾਨ ਤਲੀ ਪਰ ਧਰਸਾਂ
ਜਬ ਲਾਗ ਸਾਸ ਨਿਰਾਸ ਨਾ ਹੋਵਾਂ
ਮਰਨੋਂ ਮੂਲ ਨਾ ਡਰਸਾਂ

ਹਾਸ਼ਮ ਦੀ ਸੱਸੀ ਵਿਚ ਯੁੱਗ ਚਿੱਤਰ ਦੀ ਅਮਿੱਟ ਛਾਪ, ਸੱਚੇ ਸੁੱਚੇ ਇਸ਼ਕ ਦੀ ਬੈਬਾਕੀ (ਨਿਡਰਤਾ) ਤੇ ਅਡੋਲਤਾ ਹੈ। ਸੱਸੀ ਆਪਾ ਵਾਰ ਦਿੰਦੀ ਹੈ। ਸ਼ਹੀਦ ਹੋ ਜਾਂਦੀ ਹੈ, ਪਰ ਪੁੰਨੂੰ ਦੀ ਪ੍ਰੀਤ ਨੂੰ ਨਹੀ ਤਿਆਗਦੀ । ਪੁੰਨੂੰ ਵੀ ਆਖਰ ਉਸੇ ਦੀ ਭਾਲ ਵਿਚ ਪਰਤਦਾ, ਉਸ ਦੀ ਕਬਰ ਤੇ ਡਿੱਗ ਕੇ ਢੇਰੀ ਹੋ ਜਾਂਦਾ ਹੈ। ਇਸ਼ਕ ਦੀ ਕੁਰਬਾਨੀ ਹਰ ਯੁੱਗ ਵਿਚ ਇਕ ਸਮਾਨ ਹੈ। ਇਹ ਅਮਰ ਕਹਾਣੀ ਹਰ ਯੁੱਗ ਵਿਚ ਗਾਈ ਜਾਂਦੀ ਰਹੀ ਹੈ।

ਖਾਤਰ ਇਸ਼ਕ ਗਏ ਰਲ ਮਿੱਟੀ
ਸੂਰਤ ਹੁਸਨ ਜਵਾਨੀ।
ਹਾਸ਼ਮ ਇਸ਼ਕ ਬਲੋਚ ਸੱਸੀ ਦੀ
ਜੱਗ ਵਿਚ ਰਹਿਗ ਕਹਾਣੀ।

## ਸੱਸੀ ਦੇ ਹੁਸਨ ਦਾ ਵਰਣਨ

ਸੱਸੀ ਹਾਸ਼ਮ ਦੇ ਯੁੱਗ ਵਿਚ ਯੁਵਤੀ ਦਾ ਰੂਪ ਗਹਿਣਿਆ ਤੇ ਹਾਰ ਸ਼ਿਗਾਰਾਂ ਨਾਲ ਦੂਣ ਸਵਾਇਆ ਕੀਤਾ ਜਾਂਦਾ ਸੀ। ਇਹ ਵੀ ਭਾਰਤੀ ਪ੍ਰੰਪਰਾ ਦਾ ਪ੍ਰਤੀਕ ਹੈ। ਹਾਸ਼ਮ ਨੇ ਅੰਗ-ਚਿਤ੍ਰਣ ਦੀ ਥਾਂ ਸੱਸੀ ਦੀ ਰੂਪ-ਜਵਾਨੀ ਨੂੰ ਚਮਕਾਇਆ ਹੈ। ਉਸਦਾ ਹੁਸਨ ਚੰਨ ਵਰਗਾ ਸੀ :

ਅਕਲ ਖਿਆਲ ਕਿਆਸੋਂ ਬਾਹਰ।
ਨਜ਼ਰ ਕਰੇ ਵਲ ਨਕਸ਼ਾਂ।
ਹਾਸ਼ਮ ਆਖ ਤਰੀਫ਼ ਹੁਸਨ ਦੀ।
ਸਮੱਸ ਮਿਸਾਲ ਜਰਫਸਾਂ
ਮੱਥੇ ਚੰਦ ਸੱਸੀ ਦੇ ਸੋਹੇ।
ਚਾਨਣ ਰਾਤ ਸੁਹਾਵੀ।

ਅੱਤੇ ਦੇ ਘਰ ਵੀ ਸੱਸੀ ਜਦ ਜਵਾਨ ਹੈ ਤਾਂ ਉਸ ਦਾ ਤੇਜ ਸੂਰਜ ਵਾਂਗ ਦੂਣ ਸਵਾਇਆ ਹੈ :

ਸੱਸੀ ਹੋਈ ਜਵਾਨ ਸਿਆਣੀ
ਸੂਰਜ ਤੇਜ ਸੁਵਾਈ।

ਉਸ ਦੀ ਸੁੰਦਰਤਾ ਭੂਸ਼ਣਾ ਜਾਂ ਬਸਤਰਾਂ ਕਰਕੇ ਨਹੀ, ਉਸਦੇ ਗੁਣਾਂ ਕਰਕੇ ਹੈ। ਹਾਸ਼ਮ ਪਹਿਲਾਂ ਕਿੱਸਾਕਾਰ ਹੈ, ਜਿਸ ਨੇ ਨਾਇਕਾ ਦੀ ਸੁੰਦਰਤਾ ਦਾ ਰਾਜ ਜਾਂ ਭੇਤ ਇਸ ਤਰ੍ਹਾਂ ਪ੍ਰਗਟ ਕੀਤਾ ਹੈ :

ਸਾਹਬਿ ਇਲਮ ਹਯਾਊ ਹਲੀਮੀ
ਅਕਲ ਹੁਨਰ ਚਤੁਰਾਈ।

ਅੱਤੇ ਦੇ ਘਰ ਪਲ ਕੇ ਵੀ ਉਹ ਆਪਣੇ ਅਸਲੇ ਤੇ ਜਾਂਦੀ ਹੈ। ਉਸ ਦਾ ਰੂਪ ਸ਼ਹਿਜਾਦੀਆਂ ਵਾਂਗ ਨਿਖਰਦਾ ਹੈ। ਹਾਸ਼ਮ ਨੇ ਉਸ ਦੇ ਹੁਸਨ ਨੂੰ ਸਦਾਬਹਾਰ ਦਸਿਆ ਹੈ।

ਹੋਈ ਜਵਾਨ ਅੱਤੇ ਘਰਿ ਬੇਟੀ
ਸੂਰਤ ਸ਼ਕਲ ਸ਼ਹਿਜ਼ਾਦੀ।

ਕਰਵਾਨਾਂ ਨੇ ਸੱਸੀ ਦੇ ਨਿਰਾ ਨੈਣ ਨਕਸ਼ਾ ਨਾਲ ਹੀ ਨਹੀ ਸਗੋਂ ਉਸ ਦੇ ਇਸ਼ਕ ਦੀ ਗੱਲ ਦੱਸਕੇ ਪੁੰਨੂੰ ਸ਼ਹਿਜਾਦੇ ਨੂੰ ਘਾਇਲ ਕਰ ਲਿਆ, ਮਾਨੋ ਸੱਸੀ ਦਾ ਹੁਸਨ ਇਸ਼ਕ ਨੂੰ ਚਮਕਾਉਣ ਵਾਲਾ ਸੀ :

ਸਾਫ਼ ਜਵਾਬ ਲਿਆ ਕਰਵਾਨਾ, ਫੇਰਿ ਪੁੰਨੂੰ ਵਲ ਆਏ
ਸੂਰਤ ਨਕਸ਼ ਨਗਾਰ ਸੱਸੀ ਦੇ ਕਰ ਤਾਰੀਫ ਸੁਣਾਏ
ਘਾਇਲ ਇਸ਼ਕ ਤੁਸਾਡੇ ਹਰਦਮ, ਨੀਂਦਰ ਚਸ਼ਮ ਨਾ ਆਏ

ਅਜਿਹੀ ਤਾਰੀਫ਼ ਸੁਣ ਕੇ ਹੀ ਪੁੰਨੂੰ ਘਾਇਲ ਹੋ ਗਿਆ ਤੇ ਭੰਬੋਰ ਸ਼ਹਿਰ ਵਲ ਉੱਠ ਦੌੜਿਆ :

ਸੁਣ ਤਾਰੀਫ ਹੋਇਆ ਦਿਲ ਘਾਇਲ।
ਰੁਮਕੀ ਵਾਉ ਪਿਰਮ ਦੀ।

ਮਾਰੂਥਲ ਵਿਚ ਸੱਸੀ ਦਾ ਇਹ ਕੁਦਰਤੀ ਹੁਸਨ ਜਮਾਲ ਲਟ-ਲਟ ਕਰਦੀ ਸ਼ਮ੍ਹਾ ਵਾਂਗ ਬਲਦਾ ਹੈ। ਉਸ ਦੇ ਪੈਰ ਮਲੂਕ ਤੇ ਮਹਿੰਦੀ ਨਾਲ ਸ਼ਿੰਗਾਰੇ ਹੋਏ ਸਨ। ਇਹ ਉਸ ਸਮੇਂ ਦੇ ਹਾਰ ਸ਼ਿੰਗਾਰ ਸਮਝੇ ਜਾਂਦੇ ਸਨ :

ਨਾਜ਼ਕ ਪੈਰ ਮਲੂਕ ਸੱਸੀ ਦੇ ਮਹਿੰਦੀ ਨਾਲ ਸ਼ਿੰਗਾਰੇ।
ਰੋਸ਼ਨ ਸ਼ਮ੍ਹਾਂ ਜਮਾਲ ਸੱਸੀ ਦਾ ਚੰਦ ਚੜ੍ਹਿਆ ਪਰਵਾਰੇ।

ਮੱਧਕਾਲੀ ਭਾਰਤੀ ਯੁਵਤੀ ਦੀ ਅਸਲ ਤਸਵੀਰ ਸੱਸੀ ਸੀ। ਹਾਸ਼ਮ ਨੇ ਇਸ ਤਸਵੀਰ ਨੂੰ ਭਾਰਤੀ ਕਵੀਆਂ ਵਾਂਗ ਹੀ ਚਿਤਰੀਆ ਹੈ।

**ਸੱਸੀ ਦੀ ਸੇਜ ਦਾ ਵਰਣਨ**

ਸੁੰਦਰ ਨਰਮ ਸੇਜ ਰੂਪ ਜਵਾਨੀ ਦੀ ਪ੍ਰਤੀਕ ਸਮਝੀ ਜਾਂਦੀ ਸੀ। ਰਾਂਗਲਾ ਜੜਾਊ ਪਲੰਘ ਸੁਹਾਗ ਦੀ ਨਿਸ਼ਾਨੀ ਹੁੰਦੀ ਸੀ। 'ਹੀਰ' ਦੇ ਕਿੱਸੇ ਵਿਚ ਵੀ ਝਨਾਂ ਦੇ ਕੰਢੇ ਹੀਰ ਦਾ ਪਲੰਘ ਉਸ ਦੇ ਰੂਪ ਜਵਾਨੀ ਦੀ ਸ਼ਾਹਦੀ ਭਰਦਾ ਸੀ। 'ਸੱਸੀ ਹਾਸ਼ਮ' ਵਿਚ ਵੀ ਦੋ ਤਿੰਨ ਵਾਰ ਸੇਜ ਦਾ ਜ਼ਿਕਰ ਆਇਆ ਹੈ। ਸੱਸੀ ਦੇ ਜਨਮ ਵੇਲੇ ਉਸ ਦੀ ਮਾਂ ਦੀ ਉਹ ਸੇਜ ਰੇਸ਼ਮ ਵਰਗੀ ਹੋ ਜਾਂਦੀ ਹੈ, ਜਿਹੜੀ ਕੱਲ ਤਕ ਸੂਲਾਂ ਦੀ ਮਹਿਸੂਸ ਹੁੰਦੀ ਸੀ :

ਸੇਜ ਮਾਕੂਲ ਹੋਈ ਅਬ ਰੇਸ਼ਮ।
ਆਹੀ ਸਖ਼ਤ ਸੂਲਾਂ ਦੀ।

ਬਾਗ ਵਿਚ ਸੱਸੀ ਦੀ ਸੇਜ ਕੰਚਨ ਰਵੇਲ ਚੰਬੇਲੀ ਫੁੱਲਾਂ ਨਾਲ ਭਰੀ ਹੁੰਦੀ ਹੈ। ਰਾਂਝੇ ਵਾਂਗ ਹੋਤ ਪੁੰਨੂੰ ਉਸ ਪੁਰ ਲੇਟ ਕੇ ਮਸਤ ਬੇਹੋਸ਼ ਹੋ ਜਾਂਦਾ ਹੈ। ਸੱਸੀ ਦੀ ਮੁਰਾਦ ਵਰ ਆਉਂਦੀ ਹੈ:

ਰਹੇ, ਤਿਆਰ ਹਮੇਸ਼ ਚਮਨ ਵਿਚ।
ਸੇਜ ਸੱਸੀ ਦੀ ਆਹੀ।
ਕੰਚ ਨਵੇਲੀ ਰਵੇਲ ਚੰਬੇਲੀ।
ਮਾਲਣ ਗੁੰਦ ਵਿਛਾਈ।
ਤਿਸ ਪੁਰ ਹੋਤ ਪੁੰਨੂੰ ਵਿਚ ਨੀਂਦਰ,
ਆਹਾ ਸੇਜ ਸੁਖਾਈ
ਹਾਸ਼ਮ ਆਸ ਮੁਰਾਦ ਸੱਸੀ ਦੀ

ਸਿਦਕ ਪਿਛੇ ਵਰ ਆਈ।

**ਸੱਸੀ ਦੇ ਕਿੱਸੇ ਵਿਚ ਬਲੋਚ**

ਹਾਸ਼ਮ ਨੇ ਬਲੋਚ ਨੂੰ ਬੁਰਾ ਕਿਹਾ ਹੈ। ਉਸ ਸਮੇਂ ਦੇ ਬਲੋਚਾਂ ਦਾ ਚਰਿੱਤਰ ਕੋਈ ਚੰਗਾ ਨਹੀ ਸੀ। ਉਹ ਕਮੀਨੇ ਘੁਮੰਡੀ, ਬੇਦਰਦ, ਇਸ਼ਕ ਤੋਂ ਕੋਰੇ, ਊਠ ਚਾਰਨ ਵਾਲੇ, ਦਿਲਾਂ ਦੇ ਦਰਦ ਨੂੰ ਨਾ ਜਾਣਨ ਵਾਲੇ, ਕਠੋਰ, ਕੁਕਰਮੀ, ਮਿਲੇ ਯਾਰ ਨੂੰ ਵਿਛੋੜਲ ਵਾਲੇ, ਜ਼ੁਬਾਨ ਦੇ ਮਿੱਠੇ ਪਰ ਦਿਲ ਦੇ ਕਾਲੇ ਸਨ। ਉਨ੍ਹਾਂ ਦੇ ਦਿਲਾਂ ਵਿਚ ਖੋਟ ਹੁੰਦੀ ਸੀ ਪਰ ਜ਼ੁਬਾਨ ਵਿਚ ਮਿਠਾਸ ਜਾਪਦੀ :

ਹਾਸ਼ਮ ਹੋਵਣ ਜ਼ਾਤ ਕਮੀਨੇ
ਘੰਡ ਬਲੋਚ ਬਲਾਈ।
ਦਿਲ ਵਿਚ ਖੋਟ ਜ਼ੁਬਾਂ ਵਿਚ ਸ਼ੀਰੀ
ਆਣ ਮਿਲੇ ਕੁਲ ਹਸਦੇ ।

–

ਜ਼ਬਾਨ ਮਿਠੀ, ਦਿਲ ਕਾਲੇ

–

ਉਹ ਕੀ ਦਰਦ ਦਿਲਾਂ ਦੇ ਜਾਨਣ
ਊਠ ਚਰਾਵਣ ਵਾਲੇ ।
ਬੜੇ ਬੇਦਰਦ ਕਠੌਰ ਕੁਕਰਮੀ
ਯਾਰ ਵਿਛੌੜ ਲਿਆਏ।

ਅਤੇ

ਖੌਫ਼ ਖੁਦਾਇ ਨ ਕਰਦੇ ਹਰਗਿਜ਼
ਖਾਵਣ ਮਾਲ ਬਿਗਾਨਾ।
ਕੋਝ ਕਮੀਨੇ ਏਡ ਦੁਲਾਰੀ, ਕਰਨ ਬਲੋਚ ਬੇਚਾਰੇ।

'ਸੱਸੀ ਹਾਸ਼ਮ' ਇਕ ਪ੍ਰਕਾਰ ਦੀ ਬਲੋਚਾ ਦੀ ਕਮੀਨਗੀ, ਦਗਾਬਾਜੀ, ਬੇਵਫਾਈ, ਯਾਰਮਾਰੀ, ਧੋਖੇਦੇਹੀ ਦੇ ਵਿਸ਼ਵਾਸ਼ਘਾਤ ਦੀ ਕਹਾਣੀ ਹੈ। ਇਕ ਪਾਸੇ ਸੱਸੀ ਦਾ ਸਿਦਕ, ਜ਼ੇਰਾ, ਇਸ਼ਕ ਤੇ ਉਸ ਦੀ ਵਫ਼ਾ, ਦ੍ਰਿੜਤਾ, ਸਹਿਣਸ਼ੀਲਤਾ ਆਦਿ ਜੇਹੇ ਗੁਣਾਂ ਦਾ ਪ੍ਰਗਟਾਵਾ ਹੈ ਤੇ ਦੂਜੇ ਪਾਸੇ ਪੁੰਨੂੰ ਦੇ ਭਰਾਵਾਂ, ਹਮਵਤਨੀਆਂ, ਕਰਵਾਨੀਆਂ ਦੀ ਦਗ਼ੇਬਾਜੀ ਬੇਵਫ਼ਾਈ ਹੈ। ਦੋਹਾਂ ਦੀ ਟਕੱਰ ਹੈ। ਕਮੀਨਗੀ ਦੀ ਜਿੱਤ ਹੁੰਦੀ ਹੈ, ਅਤੇ ਸਿਦਕ ਈਮਾਨ, ਵਫ਼ਾ ਤੇ ਇਸ਼ਕ ਦੀ ਹਾਰ । ਅੰਤ ਨੂੰ ਭਾਵੇਂ ਸੱਸੀ ਦੀ ਵਫ਼ਾ ਤੇ ਸ਼ਹਾਦਤ ਪ੍ਰੀਤ ਦੇ ਜੰਗ ਵਿਚ ਅਮਰ ਹੋਈ ਪਰ ਇਸ ਸੰਸਾਰ ਵਿਚ ਉਸ ਨੂੰ ਜਾਨ ਤੇ ਖੇਡਣਾ ਪਿਆ।

**ਕਿੱਸੇ ਵਿਚ ਸੰਯੋਗ ਜਾਂ ਕਰਮ**

ਲੇਖਾਂ ਜਾਂ ਕਰਮਾਂ ਵਿਚ ਮੁਸਲਮਾਨ ਵੀ ਯਕੀਨ ਰਖਦੇ ਸਨ। ਸੱਸੀ ਨੂੰ ਵੀ ਲੇਖਾ ਜਾਂ ਕਰਮਾਂ ਦੀ ਲਿਖੀ ਅਗੇ ਨਿਉਣਾ ਪੈਂਦਾ ਹੈ ਤੇ ਉਹ ਗੱਲ ਨਹੀ ਕਰ ਸਕਦੀ। ਉਹ ਹੀਰ ਵਾਂਗ ਬੜਬੋਲੀ ਨਹੀ ਤੇ ਮਾਂ ਅੱਗੇ ਬਿਲਕੁਲ ਨਹੀ ਬੋਲਦੀ :

ਸੱਸੀ ਮੂਲ ਜਵਾਬ ਨ ਕੀਤਾ।
ਨਾਲਿ ਮਾਉ ਸ਼ਰਮਾਂਦੀ।
ਸੰਗੇ ਗਲ ਨ ਹੋਈ ਦਿਲ ਬਿਰ ਯਾਂ
ਦੇਖ ਲਿਖੀ ਕਰਮਾਂ ਦੀ।

ਪੁੰਨੂੰ ਵੀ ਜਨਮ ਕਰਮ ਵਿਚ ਵਿਸ਼ਵਾਸ ਰਖਦਾ ਹੈ। ਜਨਮ ਜਨਮਾਂਤਰਾਂ ਤੋਂ ਜੋ ਇਸ਼ਕ ਖਮੀਰ ਵਿਚ ਰਚ ਚੁੱਕਾ ਸੀ, ਉਹ ਜਨਮ ਵਿਚ ਜਗ ਪਿਆ, ਇਸ਼ਕ ਦੀ ਬੁਝੀ ਅੱਗ ਚਮਕ ਉੱਠੀ। ਸਭ ਕੁਝ ਭੁਲ ਗਿਆ:

'ਸ਼ਹਿਰ ਭੰਬੋਰ ਪੁੰਨੂੰ ਦਿਲ ਵਸਿਆ।
ਭੁਲੀ ਸੁਰਤ ਕੇਚਮ ਦੀ।

ਹਾਸ਼ਮ ਵਾਉ ਵਗੀ ਉਠ ਚਮਕੀ।
ਆਤਿਸ਼ ਜਨਮ ਕਰਮ ਦੀ।

ਮਾਰੂਥਲ ਜਾਣ ਲਗਿਆਂ ਵੀ ਸੱਸੀ ਮਾਊਂ ਨੂੰ ਏਹੀ ਜਵਾਬ ਦਿੰਦੀ ਹੈ ਕਿ ਲੇਖ ਭੋਗਣੇ ਹਨ। ਇਨ੍ਹਾਂ ਨੂੰ ਕੌਣ ਮੋੜ ਸਕਦਾ ਹੈ:

ਹਾਸ਼ਮ ਲੇਖ ਲਿਖੇ ਸੌ ਵਾਰੇ
ਛੋੜ ਮੇਰਾ ਲੜ ਮਾਏ।

ਅਤੇ

ਹਾਸ਼ਮ ਲੇਖ ਲਿਖੇ ਸੌ ਵਾਰੇ, ਕੀ ਸਿਰ ਦੌਸ਼ ਬਿਗਾਨੇ

ਦਿਨਾਂ ਦੇ ਫਿਰਨ ਨਾਲ ਲੇਖ ਪੁੱਠੇ ਹੋਣ ਕਾਰਣ ਸਭ ਜੱਗ ਹੀ ਪੁੱਠਾ ਹੋ ਜਾਂਦਾ ਹੈ : ਹਰ ਕੋਈ ਵੈਰੀ ਬਣ ਜਾਂਦਾ ਹੈ:

'ਹਾਸ਼ਮ ਸ਼ਾਹ ਦਿਨ ਉਲਟੇ ਆਵਣ।
ਸਭ ਉਲਟੇ ਹੀ ਹੋ ਜਾਵਣ'

ਹੋਣਹਾਰ, ਹੋਣੀ ਜਾਂ ਲੇਖ ਕਦੀ ਟਲਦੇ ਨਹੀ। ਇਹ ਵਾਪਰ ਕੇ ਰਹਿੰਦੇ ਹਨ :

ਹਾਸ਼ਮ ਚਲ ਦੇਖਾਂ ਕੀ ਹੋਇਆ।
ਹੋਣਹਾਰ ਨਹੀ ਟਲਦੀ।

## ਕਾਰੀਗਰ, ਨਕਾਸ਼, ਉਸਤਾਦ ਆਦਿ ਦੇ ਫਨ/ਕਲਾ ਕਿੱਸੇ ਵਿਚ ਪੇਸ਼ਕਾਰੀ

ਕਾਰੀਗਰਾਂ, ਨਕਾਸ਼ਾਂ ਤੇ ਉਸਤਾਦਾਂ ਦੀ ਬੜੀ ਕਦਰ ਸੀ। ਉਹ ਕਮਾਲ ਦੀਆਂ ਚੀਜ਼ਾ ਘੜਦੇ ਅਤੇ ਉਨ੍ਹਾਂ ਉਪਰ ਭਾਂਤ ਭਾਂਤ ਦੇ ਚਿੱਤਰ ਤੇ ਨਕਸ਼ ਨਗਾਰੀ ਕਰਦੇ। ਸੰਦੂਕ ਬਣਾਏ ਜਾਂਦੇ ਤੇ ਉਨ੍ਹਾਂ ਉਪਰ ਬੇਲ ਬੂਟੇ ਪਾ ਕੇ ਲਾਲ ਜਵਾਹਰ ਜੜੇ ਜਾਂਦੇ। ਯਹੂਦੀ ਕਾਲ ਵਿਚ ਵੀ ਦਰਿਆ ਵਿਚ ਰੋੜ੍ਹਨ ਵਾਲੇ ਸੰਦੂਕ ਨੂੰ ਜ਼ੰਜ਼ੀਰਾਂ ਨਾਲ ਮੜ੍ਹਿਆ ਜਾਂਦਾ ਸੀ। ਹਜ਼ਰਤ ਮੂਸਾ ਨੂੰ ਵੀ ਦਰਿਆ ਨੀਲ ਵਿਚ ਸੰਦੂਕ ਵਿਚ ਬੰਦ ਕਰਕੇ ਹੀ ਸੁਟਿਆ ਗਿਆ ਸੀ। ਉਸ ਨੂੰ ਬਾਹਰ ਕੱਢਣ ਕਰਕੇ ਉਸ ਦਾ ਨਾਮ 'ਮੂਸਾ' ਪੈ ਗਿਆ। ਇਬਰਾਹਨੀ (ਹੀਬਰਿਊ) ਵਿਚ ਮੂਸਾ 'ਮਸਾਹ' ਦੇ ਅਰਥ 'ਖਿਚਿਆ ਗਿਆ' ਜਾਂ ਕਢਿਆ ਗਿਆ ਹੈ। ਸੱਸੀ ਦੇ ਕਿੱਸੇ ਦਾ ਇਹ ਭਾਗ ਦਰਿਆ ਵਿਚ ਰੋੜ੍ਹੇ ਜਾਣ ਵਾਲੀ ਮੂਸਾ ਦੀ ਸਾਖੀ ਨਾਲ ਬਹੁਤ ਹੱਦ ਤਕ ਮਲਦਾ ਹੈ। 'ਤੁਰੇਤ' ਦਾ ਜ਼ਿਕਰ ਆਉਣਾ ਵੀ ਮਿਥਿਹਾਸਕ ਜਾਂ ਇਤਿਹਾਸਕ ਕਾਲ ਨੂੰ ਮੂਸਾ ਜਾਂ ਯਹੂਦੀਆਂ ਦੇ ਸਮੇਂ ਵਿਚ ਨਿਸ਼ਚਿਤ ਕਰਦਾ ਹੈ । ਮੂਸਾ ਵਾਂਗ ਹੀ ਬੇਦਰਦੀ ਨਾਲ ਸੱਸੀ ਨੂੰ ਸੰਦੂਕ ਵਿਚ ਪਾ ਕੇ ਰੋੜਿਆ ਗਿਆ :

ਸੰਦਲ ਸਾਖ ਕਟਾਇ ਮੰਗਾਇ
ਬੈਠ ਕਾਰੀਗਰ ਘੜਿਆ।
ਬੂਟਾ ਬੇਲ ਸੁਨਹਿਰੀ ਕਰਕੇ
ਲਾਲ ਜਵਾਹਰ ਜੜਿਆ।
ਪਾਇ ਜੰਜੀਰ ਚੁਫੇਰ ਪਿੰਜਰੇ ਨੂੰ
ਬੈਠ ਬੇਦਰਦਾ ਖੜਿਆ।

## ਕਿੱਸੇ ਵਿਚ ਪੇਸ਼ ਜਨਮ ਸਮੇਂ ਦੀਆਂ ਰਸਮਾਂ

ਬੱਚੇ ਦੇ ਜਨਮ ਉਪਰ ਬੜੀਆਂ ਖੁਸ਼ੀਆਂ ਮਨਾਇਆਂ ਜਾਂਦੀਆਂ। ਨੌਬਤਾਂ ਵੱਜਦੀਆਂ। ਬੇਸ਼ੁਮਾਰ ਨਾਚ ਤੇ ਰਾਗ ਰੰਗ ਹੁੰਦੇ ਸ਼ਹਿਨਾਈਆਂ ਤੇ ਤਰਾਨੇ ਵਜਦੇ ਅਤੇ ਸਿਰਵਾਰਨਾਂ ਹੁੰਦੀਆਂ। ਸੋਨੇ ਚਾਂਦੀ ਤੇ ਹੀਰੇ ਜਵਾਹਰਾਂ ਦੀ ਸੋਟ੍ਹ ਕੀਤੀ ਜਾਂਦੀ। ਫਕੀਰਾਂ ਨੂੰ ਰੋਟੀ ਆਦਿ ਦੇਣ ਉਪਰ ਬਹੁਤ ਖਰਚ ਕੀਤਾ ਜਾਂਦਾ :

'ਜਮਾਲ ਜਹਾਨ ਹੋਈ ਖੁਸ਼ਹਾਲੀ।
ਫਿਰਿਆ ਨੇਕ ਜ਼ਮਾਨਾ।
ਨੌਬਤ ਨਾਚ ਸ਼ੁਮਾਰ ਨ ਕੋਈ।
ਧਰੁਪਦ ਤਾਲ ਤਰਾਨਾ

ਕਰ ਸਿਰਵਾਰ ਸੁੱਟਣ ਜਰ ਸੁਇਨਾ
ਹੋਰ ਜਵਾਹਰ ਖਾਨਾ
ਹਾਸ਼ਮ ਖੈਰ ਕੀਤਾ ਫੁਕਰਾਵਾਂ
ਮਿਲਕ ਮੁਆਸ਼ ਖਜਾਨਾ।

**ਛੋਟੇ ਪ੍ਰਸ਼ਨਾ ਲਈ ਸਹਾਇਕ ਸਮੱਗਰੀ**

- ਸੱਸੀ ਪੁੰਨੂੰ ਦੀ ਕਹਾਣੀ ਦਾ ਆਦਿ ਮੂਲ ਮਿਥਿਹਾਸਕ ਹੈ। ਇਸ ਦਾ ਸੰਕੇਤ ਦਸਮ ਗ੍ਰੰਥ ਦੇ ਚਰਿਤ੍ਰ 108 ਵਿਚ ਮਿਲਦਾ ਹੈ।
- ਹਾਸ਼ਮ ਦੀ ਸੱਸੀ ਦੀ ਦਾਸਤਾਨ ਦਾ ਸਮਾਂ ਮੁਸਲਮਾਨਾਂ ਦੇ ਭਾਰਤ ਵਿਚ ਆਉਣ ਤੋਂ ਪਿਛੋਂ ਦਾ ਹੈ ਜਦ ਬਹੁਤ ਸਾਰੇ ਦੇਸ਼ ਮੁਸਲਮਾਨ ਬਣ ਰਹੇ ਸਨ।
- ਇਹ ਸਮਾਂ ਇਕ-ਪੁਰਖੀ ਰਾਜ ਦਾ ਸੀ। ਰਾਜੇ ਖੁਦ ਮੁਖਤਿਆਰ ਹੁੰਦੇ ਤੇ ਉਨ੍ਹਾਂ ਦਾ ਹੁਕਮ ਤੇ ਨਿਆਇ ਅੰਤਮ ਕਾਨੂੰਨ ਹੁੰਦਾ।
  ਲੋਕ ਆਪਣੀਆਂ ਲੜਕੀਆਂ ਦੇ ਰਿਸ਼ਤੇ ਰਾਜ਼ਿਆ ਨੂੰ ਦੇਣ ਵਿਚ ਫ਼ਖਰ ਮਹਿਸੂਸ ਕਰਦੇ।
- ਰਾਜੇ ਆਪਣੀ ਰਾਜਧਾਨੀ ਨੂੰ ਖੂਬ ਸਜਾਉਂਦੇਂ । ਬਾਗ ਤਲਾਅ ਆਦਿ ਲਗਾਉਂਦੇ, ਸਰਾਵਾਂ ਬਣਾਉਂਦੇ ਮੁਸਾਫ਼ਰਾਂ ਤੇ ਫ਼ਕੀਰਾਂ ਨੂੰ ਅੰਨ ਪਾਣੀ ਤੇ ਬਸਤਰ ਦਿੰਦੇ ਸਨ ।
- ਰਾਜੇ ਦੇ ਦਰਬਾਰ ਵਿਚ ਅਮੀਰ ਵਜ਼ੀਰ ਹੁੰਦੇ । ਉਹ ਲਸ਼ਕਰ ਫੌਜ ਰਖਦੇ । ਖ਼ਜਾਨੇ ਭਰਦੇ । ਵਜ਼ੀਰਾਂ ਦੀ ਸਲਾਹ ਤੇ ਕੰਮ ਕਰਦੇ ।
- ਔਲਾਦ ਦੀ ਖ਼ਾਹਿਸ਼ ਕੁਦਰਤੀ ਸੀ । ਧੀਆਂ ਨੂੰ ਚੰਗਾ ਨਾ ਸਮਝਿਆ ਜਾਂਦਾ । ਉਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਜਾਂ ਦਰਿਆ ਬੁਰਦ ਕਰ ਦਿੱਤਾ ਜਾਂਦਾ ।
- ਚੰਗੇ ਚੰਗੇ ਕਾਰੀਗਰ ਹੁੰਦੇ । ਉਹ ਨਕਸ਼ ਨਿਗਾਰ ਦਾ ਸੁੰਦਰ ਕੰਮ ਕਰਦੇ । ਚਿਤਰਕਾਰਾਂ ਦੀ ਕਦਰ ਸੀ । ਅਮੀਰ ਰਈਸ ਉਨ੍ਹਾਂ ਪਾਸੋਂ ਸ਼ਹਿਜ਼ਾਦਿਆਂ ਆਦਿ ਦੇ ਚਿੱਤਰ ਬਣਵਾਉਂਦੇ ।
- ਨਜੂਮੀਆਂ ਜੋਤਸ਼ੀਆਂ ਨੂੰ ਬੱਚੇ ਦੇ ਜਨਮ ਉਪਰ ਬੁਲਾਇਆ ਜਾਂਦਾ ਤੇ ਉਨ੍ਹਾਂ ਪਾਸੋਂ ਟੇਵਾ ਲਵਾਇਆ ਜਾਂਦਾ ।
- ਅਮੀਰਜ਼ਾਦੀਆਂ ਨੂੰ ਆਮ ਖੁੱਲ੍ਹ ਹੁੰਦੀ । ਉਹ ਸਹੇਲੀਆਂ ਨਾਲ ਸ਼ਿੰਗਾਰ ਆਦਿ ਕਰਕੇ ਨਿਕਲਦੀਆਂ ।
- ਵਣਜ ਵਿਉਪਾਰ ਲਈ ਕਾਫ਼ਲੇ ਨਿਕਲਦੇ । ਊਠਾਂ ਨੂੰ ਮਾਲ ਅਸਬਾਬ ਢੋਣ ਲਈ ਵਰਤਿਆ ਜਾਂਦਾ । ਅੰਤਰਰਾਸ਼ਟਰੀ ਸੌਦਾਗਰੀ ਹੁੰਦੀ ਸੀ।
- ਹਰ ਰਾਜ ਦਾ ਆਪਣਾ ਹੀ ਕਾਨੂੰਨ ਹੁੰਦਾ ਸੀ ।
- ਸ਼ਰਾਬ ਦਾ ਸੇਵਨ ਆਮ ਅਮੀਰ ਘਰਾਂ ਵਿਚ ਹੁੰਦਾ, ਜਾਮ ਸੁਰਾਹੀ ਚਲਦੇ ।
- ਧੀ-ਪੁੱਤ ਨੂੰ ਆਪਣੇ ਵਿਆਹ ਦੀ ਖੁੱਲ੍ਹ ਨਹੀਂ ਸੀ ਹੁੰਦੀ । ਦਹੇਜ ਦਾ ਆਮ ਰਿਵਾਜ਼ ਸੀ । ਦਹੇਜ ਵਿਚ ਬਹੁਤ ਕੁਝ ਦਿੱਤਾ ਜਾਂਦਾ ਅਤੇ ਵਿਖਾਲਾ ਪਇਆ ਜਾਂਦਾ ਸੀ ।
- ਕੰਮੀ-ਕਮੀਨ, ਕਾਰੀਗਰ ਆਦਿ ਸ਼ਹਿਰਾਂ ਤੋਂ ਬਾਹਰ ਰਹਿੰਦੇ । ਸਮਾਜ, ਜਾਤਾਂ ,ਗੋਤਾਂ ਵਿਚ ਵੰਡਿਆ ਹੋਇਆ ਸੀ। ਲੇਖਾਂ ਤੇ ਹੋਣੀ ਵਿਚ ਲੋਕਾਂ ਦਾ ਵਿਸ਼ਵਾਸ ਅਟੁੱਟ ਸੀ ।
- ਸਾਈਂ ਫਕੀਰ ਮਜਾਰਾਂ ਤੇ ਮਜਾਵਰੀ ਕਰਦੇ । ਘਰ-ਬਾਰ ਛੱਡ ਕੇ ਦੁਨੀਆਂ ਤੋਂ ਉਪਰਾਮ ਚਿੱਤ ਹੋ ਜਾਂਦੇ ।
- ਸੱਚੀ ਪ੍ਰੀਤ ਦਾ ਜਸ ਹੁੰਦਾ ਤੇ ਪ੍ਰੀਤਵਾਨ ਅਮਰ ਸਮਝ ਜਾਂਦੇ । ਉਨ੍ਹਾਂ ਦੀ ਕਹਾਣੀ ਜੱਗ ਵਿਚ ਸਦਾ ਚਲਦੀ ਰਹਿੰਦੀ।
- ਸੱਸੀ ਹਾਸ਼ਮ ਵਿਚਲਾ ਸਮਾਂ ਮੱਧ-ਕਾਲੀ ਯੁੱਗ ਦਾ ਸੀ । ਇਹ ਅੰਧ-ਵਿਸ਼ਵਾਸੀ, ਭਰਮਾਂ-ਵਹਿਮਾਂ ਮਨ-ਮਰਜ਼ੀਆਂ ਦਾ ਯੁੱਗ ਸੀ ।
- ਸੱਸੀ ਹਾਸ਼ਮ ਵਿਚ ਮਿਥਿਹਾਸਕ, ਮੱਧ-ਕਾਲੀ ਤੇ ਅਠਾਰ੍ਹਵੀ ਸਦੀ-ਤਿੰਨਾਂ ਹੀ ਕਾਲਾਂ ਦਾ ਵਿਸ਼ਲੇਸ਼ਣ ਚਿੱਤਰਣ ਕੀਤਾ ਗਿਆ ਹੈ ।
- ਜਿਵੇਂ ਵਾਰਿਸ ਨੇ 'ਹੀਰ' ਵਿਚ ਜੱਟਾਂ ਨੂੰ ਭੰਡਿਆ ਹੈ ਇਵੇਂ ਹੀ ਹਾਸ਼ਮ ਨੇ 'ਸੱਸੀ' ਵਿਚ ਬਲੋਚਾਂ ਨੂੰ ਰੱਜ ਕੇ ਕਮੀਨ, ਬੇਦਰਦੀ, ਗੰਵਾਰ ਕਿਹਾ ਹੈ ।

ਪਾਠ ਨੰਬਰ : 1.3

## ਸੱਸੀ -ਹਾਸ਼ਮ ਵਿਚ ਚਰਿੱਤਰ-ਚਿੱਤਰਣ

ਨਾਟਕ ਵਾਂਗ ਕਿੱਸਾ-ਕਾਵਿ ਵਿਚ ਚਰਿੱਤਰ-ਚਿੱਤਰਣ ਜਾਂ ਪਾਤਰ ਚਿੱਤਰਣ ਇਕ ਆਵੱਸ਼ਕ ਅੰਸ਼ ਹੈ । ਕਿੱਸੇ ਦੀ ਉਸਾਰੀ ਲਈ ਜਿੰਨੀ ਸੰਜੀਵ ਤੇ ਕਰਮਸ਼ੀਲ ਪਾਤਰਾਂ ਦੀ ਹੋਂਦ ਜ਼ਰੂਰੀ ਹੈ, ਉਨੀ ਹੀ ਉਨ੍ਹਾਂ ਦੀ ਕਲਾ-ਮਈ ਪੇਸ਼ਕਾਰੀ ਵੀ ਮਹੱਤਵਪੂਰਨ ਹੈ । ਉਤਮ ਕਿੱਸਾ-ਕਲਾਕਾਰ ਪ੍ਰਭਾਵਸ਼ਾਲੀ ਚਰਿੱਤਰ ਪੇਸ਼ ਕਰਦਾ ਹੈ । ਹਾਸ਼ਮ ਨੇ ਕਿੱਸੇ ਦੇ ਬਿਆਨ ਵਿਚ ਸੰਜਮ ਤੋਂ ਕੰਮ ਲਿਆ ਹੈ । ਇਸ ਤਰ੍ਹਾਂ ਉਸ ਨੇ ਪਾਤਰ-ਚਿਤਰਣ ਵਿਚ ਵੀ ਬਹੁਤ ਰੰਗਾਂ ਦੇ ਪ੍ਰਯੋਗ ਤੋਂ ਸੰਕੋਚ ਕੀਤਾ ਹੈ । ਉਸ ਦਾ ਇਕੋ ਇਕ ਮੁਖ ਪਾਤਰ ਹੈ 'ਸੱਸੀ'। ਸੱਸੀ ਕਿੱਸੇ ਦਾ ਕੇਂਦਰ ਬਿੰਦੂ ਹੈ । ਕਥਾ ਵਸਤੂ ਦਾ ਮੂਲਾਧਾਰ ਹੈ । ਕਿੱਸਾ ਗਗਨ ਦਾ ਇਕੋ ਇਕ ਪੂਰਨ ਚੰਦਰਮਾ ਹੈ । ਬਾਕੀ ਸਭ ਪਾਤਰ ਟਿਮਕਦੇ ਸਿਤਾਰੇ ਹਨ, ਜੋ ਕੇਵਲ ਸੱਸੀ ਦੀ ਲੋਅ ਕਰਕੇ ਹੀ ਚਮਕਦੇ ਤੇ ਦਿਸਦੇ ਹਨ ।ਸੱਸੀ ਦੇ ਟਾਕਰੇ ਤੇ ਪੁੰਨੂੰ ਨਾਇਕ ਹੁੰਦਿਆਂ ਹੋਇਆ ਵੀ ਨਾਇਕਾ ਸਾਹਮਣੇ ਫਿੱਕਾ ਪੈ ਜਾਂਦਾ ਹੈ । ਹਾਸ਼ਮ ਨੇ ਇਨ੍ਹਾਂ ਦੋਹਾਂ ਪਾਤਰਾਂ ਉੱਤੇ ਹੀ ਬੱਲ ਦਿੱਤਾ ਹੈ । ਦੂਜੇ ਪਾਤਰ ਕੇਵਲ ਕਹਾਣੀ ਜੋੜਨ ਤੇ ਤੋਰਨ ਲਈ ਜ਼ਰੂਰੀ ਹਨ, ਆਵੱਸ਼ਕ ਨਹੀਂ ।

ਹਾਸ਼ਮ ਨੇ ਚਰਿੱਤਰ-ਚਿੱਤਰਣ ਵਿਚ ਵੀ ਕਥਾ ਵਸਤੂ, ਬਿਆਨ ਤੇ ਛੰਦ-ਪ੍ਰਯੋਗ ਵਾਂਗ ਭਾਰਤੀ ਪਰੰਪਰਾ ਹੀ ਅਪਨਾਈ ਹੈ । ਉਸ ਨੇ ਪਾਤਰਾਂ ਦੇ ਅੰਗ-ਚਿੱਤਰਣ ਦੀ ਥਾਂ ਉਨ੍ਹਾਂ ਦੇ ਭਾਵਾਂ ਦੇ ਪ੍ਰਭਾਵ ਨੂੰ ਉਤੇਜਤ ਤੇ ਵਿਕਸਿਤ ਕੀਤਾ ਹੈ । ਉਸ ਦੇ ਪਾਤਰਾਂ ਦੀ ਪ੍ਰਭਾਵ-ਅਗਨੀ ਨੂੰ ਨਾ ਸਹਾਰਦਾ ਹੋਇਆ ਸੂਰਜ ਵੀ ਬੱਦਲਾਂ ਵਿਚ ਭੱਜ ਵੜਦਾ ਹੈ ਇਹ ਹਾਸ਼ਮ ਦੇ ਚਰਿੱਤਰ ਚਿਤੱਰਣ ਦੀ ਦੂਜੀ ਵੱਡੀ ਵਿਸ਼ੇਸ਼ਤਾਈ ਹੈ । ਤੀਜੀ ਵਿਸ਼ੇਸ਼ਤਾਈ ਹਾਸ਼ਮ ਦੀ ਚਰਿੱਤਰ ਚਿੱਤਰਣ ਕਲਾ ਦੀ ਇਹ ਹੈ ਕਿ ਉਹ ਬਹੁਤੇ ਵਾਰਤਾਲਾਪ ਵਿਚ ਨਹੀਂ ਪੈਂਦਾ, ਨਾ ਹੀ ਉਹ ਪਾਤਰਾਂ ਦੇ ਰੰਗਾਂ ਨੂੰ ਚਿਤਰਦਾ ਹੈ । ਉਸ ਦੇ ਪਾਤਰ ਬਸ ਝੱਟ ਪੱਲ ਲਈ ਕਿੱਸਾ-ਵਸਤੂ ਦੇ ਮੰਚ ਤੇ ਆਉਂਦੇ ਹਨ , ਆਪਣਾ ਪਾਰਟ ਅਦਾ ਕਰਦੇ ਹਨ ਤੇ ਅਲੋਪ ਹੋ ਜਾਂਦੇ ਹਨ । ਹਾਸ਼ਮ ਦੀ ਸੱਸੀ ਦੇ ਬਹੁਤੇ ਪਾਤਰ ਬਸ ਗੌਣ ਪਾਤਰ ਹਨ । ਉਹ ਕੇਵਲ ਕਹਾਣੀ ਦੀ ਚਾਲ ਨੂੰ ਟੁਰਦਾ ਰੱਖਣ ਲਈ ਆਉਂਦੇ ਹਨ ।ਹਾਸ਼ਮ ਦਾ ਕੰਮ ਉਨ੍ਹਾਂ ਤੋਂ ਬਿਨਾਂ ਵੀ ਸਰ ਸਕਦਾ ਸੀ । ਹਾਸ਼ਮ ਦੀ ਸੱਸੀ ਦੇ ਸਾਰੇ ਪਾਤਰ ਸਜੀਵ ਤੇ ਸਾਧਾਰਨ ਹਨ । ਉਹ ਕੋਈ ਕਲਪਿਤ ਨਹੀਂ ਹਨ । ਨਾ ਹੀ ਆਦਰਸ਼ਕ ਹਨ । ਉਸ ਨੇ ਪਾਤਰਾਂ ਨੂੰ ਕਾਰਜ-ਕਰਮ ਲਈ ਚਿਤਰਿਆ ਹੈ। ਉਹ ਵੇਹਲੜ ਨਹੀਂ ਨਾ ਹੀ ਫਾਲਤੂ ਜਾਂ ਵਾਧੂ ਹਨ ਇਹ ਹਾਸ਼ਮ ਦੇ ਚਰਿੱਤਰ ਚਿੱਤਰਨ ਦੀ ਚੌਥੀ ਵਿਸ਼ੇਸ਼ਤਾਈ ਹੈ ।

ਹਾਸ਼ਮ ਦੀ ਚਰਿੱਤਰ-ਕਲਾ ਨਿਆਰੀ ਤੇ ਵਿਲੱਖਣ ਹੈ । ਉਸ ਵਿਚ ਓਪਿਰਾਪਨ ਨਹੀਂ । ਉਹ ਪਾਤਰਾਂ ਨੂੰ ਬਣਾ ਸਜਾ ਕੇ ਜਾਂ ਸ਼ਿੰਗਾਰ ਸੰਵਾਰਕੇ ਨਹੀਂ ਪੇਸ਼ ਕਰਦਾ । ਉਹ ਉਨ੍ਹਾਂ ਨੂੰ ਕੁਦਰਤੀ ਰੰਗ ਵਿਚ ਹੀ ਚਿੱਤਰਦਾ ਹੈ । ਉਹ ਵਾਰਿਸ ਵਾਂਗ ਉਨ੍ਹਾਂ ਨੂੰ ਅਤਿਕਥਨੀ ਦਾ ਸ਼ਿਕਾਰ ਨਹੀਂ ਬਣਾਉਂਦਾ । ਹਾਸ਼ਮ ਦੀ 'ਸੱਸੀ' ਦੇ ਸਭ ਪਾਤਰ ਸਾਧਾਰਨ ਹਨ । ਇਸੇ ਲਈ ਉਹ ਵਧੇਰੇ ਸਜੀਵ ਤੇ ਸੁਭਾਵਿਕ ਦਿਸਦੇ ਹਨ । ਇਹ ਹਾਸ਼ਮ ਦੀ ਚਰਿੱਤਰ ਚਿਤਰਣ ਦੀ ਵਿਸ਼ੇਸ਼ਤਾਈ ਹੈ । ਹਾਸ਼ਮ ਚਰਿੱਤਰ ਚਿਤਰਣ ਦੀ ਥਾਂ ਪ੍ਰੀਤ ਚਿੱਤਰਣ ਉੱਤੇ ਵਧੇਰੇ ਜ਼ੋਰ ਦਿੰਦਾ ਹੈ । ਹੁਣ ਅਸੀਂ ਹਾਸ਼ਮ ਦੇ ਕਿੱਸੇ ਸੱਸੀ ਵਿਚਲੇ ਪਾਤਰਾਂ ਦੇ ਚਿਤਰਣ ਨੂੰ ਲੈਂਦੇ ਹਾਂ । ਹਾਸ਼ਮ ਦੀ 'ਸੱਸੀ' ਦਾ ਮੁੱਖ ਤੇ ਸ਼੍ਰੋਮਣੀ ਪਾਤਰ ਅਰਥਾਤ ਨਾਇਕਾ ਸੱਸੀ ਹੈ । ਇਸ ਪਾਤਰ ਦੇ ਦੁਆਲੇ ਹੀ ਬਾਕੀ ਦੇ ਸਾਰੇ ਪਾਤਰ ਘੁੰਮਦੇ ਹਨ, ਇਥੋਂ ਤਕ ਕਿ ਪੁੰਨੂੰ ਵੀ ਸੱਸੀ ਦੇ ਪਾਤਰ ਦਾ ਮੁਥਾਜ ਤੇ ਰਿਣੀ ਹੈ- ਸੱਸੀ ਬਿਨਾਂ ਉਸਦੀ ਹੋਂਦ ਵੀ ਨਿਰਮੂਲ ਹੈ ।

ਸੱਸੀ ਕੇਂਦਰੀ ਚਰਿੱਤਰ ਹੈ । ਇਹ ਕਿੱਸੇ ਦਾ ਕੇਂਦਰ ਬਿੰਦੂ ਹੈ । ਉਹ ਕਿੱਸੇ ਦੀ ਨਾਇਕਾ ਹੈ। ਪੰਜਾਬੀ ਕਿੱਸਾਕਾਰੀ ਵਿਚ ਨਾਇਕਾਵਾਂ ਹੀ ਪ੍ਰਧਾਨ ਰੋਲ ਅਦਾ ਕਰਦੀਆਂ ਹਨ, ਚਾਹੇ ਉਹ ਹੀਰ ਹੋਵੇ ਤੇ ਚਾਹੇ ਸੋਹਣੀ ਜਾਂ ਸੱਸੀ । ਉਨ੍ਹਾਂ ਬਿਨਾਂ ਨਾਇਕ ਦਾ ਕੁਝ ਵੱਟੀਂਦਾ ਨਹੀਂ । ਸੱਸੀ ਹੀ ਕਹਾਣੀ ਨੂੰ ਤੋਰਨ ਵਾਲੀ ਤੇ ਦੁਖਾਂਤ ਤਕ ਪਹੁੰਚਾਉਣ ਵਾਲੀ ਪਾਤਰ ਹੈ । ਸੱਸੀ ਹੀ ਸ਼੍ਰੋਮਣੀ ਪਾਤਰ ਹੈ । ਸੱਸੀ ਭੰਬੋਰ ਸ਼ਹਿਰ ਦੇ ਆਦਮ ਜਾਮ ਦੀ ਸੁਖਾਂ ਲੱਧੀ , ਸੁੱਖਣਾ ਸੁਖ ਸੁਖ ਲਈ ਧੀ ਸੀ। ਆਦਮ ਨੂੰ ਕੀ ਪਤਾ ਸੀ । ਇਹ ਸਚੇ ਪ੍ਰੀਤ-ਇਤਿਹਾਸ ਦੀ ਪ੍ਰਮੱਖ ਪਾਤਰ ਹੋਵੇਗੀ ਤੇ ਕਿੱਸਾਕਾਰੀ ਦੀ ਤਾਰੀਖ ਨੂੰ ਅਮਰ ਛੁਹਾਂ ਪ੍ਰਦਾਨ ਕਰੇਗੀ ।

'ਸੱਸੀ ਦਾ ਜਨਮ ਸ਼ਬ-ਕਦਰ ਨੂੰ ਹੋਇਆ । ਸ਼ਬ-ਕਦਰ ਨੂੰ ਲੈਲਾਤੁਲਕਦਰ (ਕਦਰਾਂ ਭਰੀ ਰਾਤ ) ਵੀ ਕਹਿੰਦੇ ਹਨ।

ਵਾਰਿਸ ਨੇ 'ਹੀਰ ' ਨੂੰ ਲੈਲਾਂਤੁਲਕਦਰ ਨਾਲ ਉਪਮਾ ਦਿੱਤੀ ਹੈ :

'ਚਲੋ ਲੈਲਾਂਤੁਲਕਦਰ ਦੀ ਕਰੋ ਜ਼ਾਰਤ
ਵਾਰਿਸ ਸ਼ਾਹ ਇਹ ਕੰਮ ਸਵਾਬ ਦਾ ਜੀ ।

ਸੱਸੀ ਆਪਣੇ ਪਿਤਾ ਆਦਮ ਜਾਮ ਦੇ ਜੀਵਨ-ਆਕਾਸ਼ ਉਪਰ ਈਦ ਦੇ ਚੰਦਰਮਾਂ ਵਾਂਗ ਚਮਕੀ । ਹਾਸ਼ਮ ਉਸਨੂੰ ਬਦਖਸ਼ਾਂ ਦਾ ਕੀਮਤੀ ਲਾਲ ਕਹਿੰਦਾ ਹੈ । ਉਹ ਚੰਨ ਵਾਂਗ ਸੋਹਣੀ ਤੇ ਸੂਰਜ ਵਾਂਗ ਤੇਜਸਵੀ ਸੀ । ਆਦਮ ਜਾਮ ਨੇ ਉਸ ਦੇ ਜਨਮ ਉਪਰ ਬੜੀਆਂ ਖੁਸ਼ੀਆਂ ਮਨਾਈਆਂ ! ਖੂਬ ਰਾਗ ਰੰਗ ਤੇ ਨਾਚ ਜ਼ਸ਼ਨ ਹੋਏ :

'ਸੱਸੀ ਜਨਮ ਲਯਾ ਸ਼ਬ-ਕਦਰੇ
ਮਿਸਲ ਹਿਲਾਲ ਦਰਖਸ਼ਾਂ ।
ਵੇਖਿ ਬਿਆਬ ਹੋਏ ਨਗ ਮੋਤੀ ,
ਮਾਣਕ ਲਾਲ ਬਦਖਸ਼ਾਂ ।

ਜਨਮ ਸਮੇਂ ਪਿਤਾ ਆਦਮ ਜਾਮ ਨੇ ਸੱਸੀ ਦੇ ਸਿਰ ਤੋਂ ਲਾਲਾਂ, ਜਵਾਹਰਾਂ ਦੀ ਸੋਟ ਕੀਤੀ ਅਤੇ ਫਕੀਰਾਂ ਮੰਗਤਿਆਂ ਆਦਿ ਨੂੰ ਅੰਨ-ਬਸਤਰ ਦਿੱਤੇ, ਖਜ਼ਾਨੇ ਦੇ ਮੂੰਹ ਖੈਰਾਤ ਲਈ ਖੋਲ੍ਹ ਦਿੱਤੇ । ਪਰ ਸੱਸੀ ਦੁਰਭਾਗਣ ਜਨਮੀ ਸੀ ਨਜੂਮੀਆਂ ਜੋਤਸ਼ੀਆਂ ਨੂੰ ਟੇਵਾ ਲਾਉਣ ਲਈ ਬੁਲਾਇਆ ਗਿਆ । ਉਹ ਸੱਸੀ ਨੂੰ ਵੇਖਕੇ ਚੁੱਪ ਰਹਿ ਗਏ । ਆਦਮ ਦੇ ਬਾਰ-ਬਾਰ ਪੁਛੱਣ ਤੇ ਉਨ੍ਹਾਂ ਦਸਿਆ ਕਿ ਸੱਸੀ ਜਵਾਨ ਹੋਣ ਉਪਰ ਕਾਮਿਲ ਆਸ਼ਕ ਹੋਵੇਗੀ ਅਤੇ ਦਰਦ ਫਿਰਾਕ (ਵਿਛੋੜੇ ਦੇ ਦੁਖ ਕਾਰਣ ) ਵਿਚ ਮਸਤ ਤੇ ਬੇਹੋਸ਼ ਹੋ ਥਲਾਂ ਵਿਚ ਸੜ ਮਰੇਗੀ । ਇਸ ਤਰ੍ਹਾਂ ਕੁਲ ਨੂੰ ਦਾਗ ਲਾਵੇਗੀ । ਪਰ ਇਸ ਦੇ ਸੱਚੇ ਇਸ਼ਕ ਦੀ ਕਹਾਣੀ ਸਾਰੇ ਜੱਗ ਵਿਚ ਸਦਾ ਲਈ ਰਹੇਗੀ । ਪਿਉ ਨੇ ਅਜਿਹੀ ਧੀ ਨੂੰ ਮਾਰ ਦੇਣਾ ਹੀ ਚੰਗਾ ਸਮਝਿਆ ਪਰ ਵਜ਼ੀਰ ਦੇ ਸਮਝਾਉਣ ਉਪਰ ਅਖੀਰ ਉਸ ਨੂੰ ਦਰਿਆ ਵਿਚ ਰੋੜ੍ਹ ਦਿੱਤਾ ਗਿਆ । ਇਕ ਸੰਦੂਕ ਤਿਆਰ ਕਰਵਾਇਆ ਗਿਆ ਤੇ ਉਸ ਵਿਚ ਕਾਫੀ ਧਨ ਮਾਲ , ਹੀਰੇ ਜਵਾਹਰ ਰੱਖ ਕੇ ਰੋੜ੍ਹ ਦਿੱਤਾ ।

ਸੱਸੀ ਦਾ ਪਾਤਰ ਲੰਮੇ ਸਮੇਂ ਉੱਤੇ ਛਾਇਆ ਹੋਇਆ ਹੈ । ਬਚਪਨ ਲੰਘਿਆ, ਵੱਡੀ ਹੋਈ ਤੇ ਮੁੜ ਸੱਸੀ ਭਰ ਜਵਾਨ ਹੋ ਗਈ । ਕਈ ਧੋਬੀ ਸੱਸੀ ਦਾ ਰਿਸ਼ਤਾ ਮੰਗਣ ਲਗੇ ਪਰ ਅੱਤੇ ਨੇ ਫੈਸਲਾ ਸੱਸੀ ਉੱਤੇ ਛੱਡ ਦਿੱਤਾ । ਕੁਝ ਇਕ ਧੋਬੀਆਂ ਨੇ ਆਦਮ ਜਾਮ ਪਾਸ ਸੱਸੀ ਦੀ ਸੁੰਦਰਤਾ ਦੀ ਗੱਲ ਜਾ ਕੀਤੀ ਤੇ ਉਸ ਨੂੰ ਅਜਿਹੀ ਸੋਹਣੀ ਲੜਕੀ ਵਿਆਹ ਲੈਣ ਲਈ ਪ੍ਰੇਰਿਆ । ਆਦਮ ਨੇ ਅੱਤੇ ਨੂੰ ਬੁਲਾ ਭੇਜਿਆ ।ਸੱਸੀ ਸਮਝ ਗਈ । ਉਸ ਨੇ ਗਲ ਵਿਚੋਂ ਤਵੀਤ ਲਾਹ ਕੇ ਨਾਲ ਭਿਜਵਾ ਦਿੱਤਾ । ਆਦਮ ਨੇ ਤਵੀਤ ਵੇਖਿਆ । ਸ਼ਰਮਿੰਦਾ ਹੋਇਆ ਤੇ ਸੱਸੀ ਨੂੰ ਵਾਪਸ ਮਹਿਲਾਂ ਵਿਚ ਆਉਣ ਲਈ ਕਹਿਲਵਾ ਭੇਜਿਆ । ਸੱਸੀ ਨੇ ਸਾਫ ਜਵਾਬ ਦੇ ਦਿੱਤਾ ਤੇ ਕਿਹਾ, ਤੁਸਾਂ ਮੈਨੂੰ ਦਰਿਆ ਵਿਚ ਰੋੜ੍ਹ ਦਿੱਤਾ ਸੀ । ਤੁਹਾਡੇ ਲਈ ਮੈਂ ਮਰ ਗਈ । ਮੇਰੇ ਲਈ ਅਜਿਹੇ ਮਾਪਿਆਂ ਨੂੰ ਮਿਲਣਾ ਹਰਾਮ ਹੈ । ਮੇਰੇ ਮਾਪੇ ਤਾਂ ਹੁਣ ਧੋਬੀ ਹੀ ਹਨ ।

ਇਸ ਤੋਂ ਸੱਸੀ ਦੇ ਸੁਭਾਅ ਦਾ ਪਤਾ ਲਗਦਾ ਹੈ । ਸੱਸੀ ਅਣਖੀਲੀ ਸੀ, ਗੈਰਤਮੰਦ ਸੀ । ਉਹ ਆਪਣਾ ਪਹਿਲਾ ਜੀਵਨ ਭੁਲ ਜਾਣਾ ਚਾਹੁੰਦੀ ਸੀ । ਭੰਬੋਰ ਸ਼ਹਿਰ ਵਿਚ ਇਕ ਸੌਦਾਗਰ ਨੇ ਬਾਗ ਲਵਾ ਰਖਿਆ ਸੀ ,ਜਿਸ ਵਿਚ ਹਰ ਮੁਲਕ ਦੇ ਸ਼ਹਿਜਾਦਿਆਂ ਦੀਆਂ ਤਸਵੀਰਾਂ ਲਟਕਾ ਰਖੀਆਂ ਸਨ । ਸੱਸੀ ਸਹੇਲੀਆਂ ਸੰਗ ਉਸ ਬਾਗ ਵਿਚ ਗਈ ।ਪੁੰਨੂੰ ਦੀ ਤਸਵੀਰ ਵੇਖਕੇ ਉਸ ਪਰ ਮੋਹਤ ਹੋ ਗਈ । ਉਸ ਲਈ ਖਾਣਾ ਪੀਣ ਹਰਾਮ ਹੋ ਗਿਆ । ਸੱਸੀ ਦਾ ਦਿਲ ਕੋਰਾ ਸੀ । ਉਸ ਦੇ ਸੁਭਾਅ ਵਿਚ ਇਸ਼ਕ ਮਾਨੋ ਕੁੱਟ-ਕੁੱਟ ਕੇ ਭਰਿਆ ਹੋਇਆ ਸੀ ।

ਸੱਸੀ ਕੇਵਲ ਹੱਥ ਤੇ ਹੱਥ ਧਰ ਕੇ ਬਹਿਣ ਵਾਲੀ ਨਹੀਂ ਸੀ । ਉਸ ਨੇ ਕਲਾਕਾਰਾਂ ਨੂੰ ਬੁਲਾ ਕੇ ਪੁੰਨੂੰ ਬਾਰੇ ਸਾਰਾ ਹਾਲ ਪੁੱਛਿਆ ਤੇ ਪਤਾ ਲੱਗਾ ਕਿ ਪੁੰਨੂੰ ਕੇਚ ਮਕਰਾਨ ਦੇ ਵਾਲੀ ਦਾ ਸਹਿਜ਼ਾਦਾ ਹੈ, ਉਨ੍ਹਾਂ ਪੁੰਨੂੰ ਦੀ ਬਹੁਤ ਸਿਫਤ ਕੀਤੀ । ਬਸ ਫਿਰ ਕੀ ਸੀ, ਸੱਸੀ ਦੇ ਦਿਲ ਵਿਚ ਪਿਆਰ ਦੀ ਚਿਣਗ ਮਘ ਪਈ । ਪੁੰਨੂੰ ਨੂੰ ਕੇਚ ਮਕਰਾਨ ਤੋਂ ਬੁਲਾਉਣ ਦੀਆਂ ਵਿਉਂਤਾ ਸੋਚਣ ਲੱਗੀ। ਪੱਤਣ ਤੇ ਚੌਕੀ ਬਿਠਾ ਦਿੱਤੀ ਕਿ ਜੋ ਕੋਈ ਕੇਚ ਮਕਰਾਨ ਵਲੋਂ ਆਵੇ, ਉਸ ਨੂੰ ਕੈਦ ਕਰ ਲਵੋ । ਜਦ ਕੇਚ ਮਕਰਾਨ ਦੇ ਹੋਤ ਇਕ ਕਾਫਲੇ ਦੀ ਸ਼ਕਲ ਵਿਚ ਆਏ, ਤਾਂ ਉਨ੍ਹਾਂ ਨੂੰ ਕੈਦ ਕਰ ਲਿਆ ਗਿਆ । ਉਨ੍ਹਾਂ ਦੇ ਸਰਦਾਰ ਬਬਣ ਤੇ ਬਬੀਹਾ ਨੂੰ ਕਿਹਾ ਗਿਆ ਕਿ ਉਹ ਪੁੰਨੂੰ ਨੂੰ ਲੈ ਕੇ ਆਉਣ । ਪੁੰਨੂੰ ਆਇਆ ਤੇ ਦੋਵੇਂ ਇਕ ਦੂਜੇ ਦੇ ਹੋ ਗਏ । ਭਰਾਵਾਂ ਨੇ ਮਕਰ ਫਰੇਬ ਨਾਲ ਦੋਹਾਂ ਨੂੰ ਰਾਤ ਜਸ਼ਨ ਮਨਾਉਣ ਦੇ ਬਹਾਨੇ ਸ਼ਰਾਬ

ਪਲਾ ਦਿੱਤੀ ਤੇ ਅੱਧੀ ਰਾਤ ਪੁੰਨੂੰ ਨੂੰ ਊਠ ਦੇ ਕਚਾਵੇ ਪਾ ਕੇ ਵਾਪਸ ਕੇਚ ਮਕਰਾਨ ਲੈ ਗਏ ।ਸੱਸੀ ਸਵੇਰੇ ਉਠੀ, ਵੇਖਿਆ ਰਾਤ ਜੋ ਹੋਇਆ, ਉਹ ਸੁਫਨਾ ਸੀ । ਉਸ ਦਾ ਸਭ ਕੁਝ ਉੱਜੜ ਚੁੱਕਾ ਸੀ । ਬਸ ਫਿਰ ਮਾਂ ਦੇ ਰੋਕਣ ਦੇ ਬਾਵਜੂਦ ਨੰਗੇ ਪੈਰੀਂ ਮਾਰੂਥਲ ਨੂੰ ਨਿਕਲ ਟੁਰੀ ਤੇ ਅੱਗ ਦੇ ਦਰਿਆ ਵਿਚ ਡੁੱਬ ਮੋਈ । ਸੱਸੀ ਸ਼ਹੀਦ ਹੋ ਗਈ ਤੇ ਆਪਣਾ ਨਾਮ ਅਮਰ ਕਰ ਗਈ ।

ਇਸ ਤੋਂ ਉਸਦੇ ਪੂਰੇ ਚਰਿੱਤਰ ਦਾ ਪਤਾ ਲੱਗਦਾ ਹੈ । ਸੱਸੀ ਹੱਠ ਦੀ ਪੱਕੀ ਸੀ, ਸੱਸੀ ਅਣਖ ਤੇ ਗੈਰਤ ਦੀ ਪੁਤਲੀ ਸੀ । ਸੱਸੀ ਕਿਸੇ ਨੂੰ ਨਿਗਾਹ ਹੇਠ ਨਹੀਂ ਸੀ ਲਿਆਉਂਦੀ ਸੱਸੀ ਸਹੇਲੀਆਂ ਨਾਲ ਬਾਗ ਦੀ ਸੈਰ ਕਰਨ ਗਈ ਤੇ ਉਥੇ ਪੁੰਨੂੰ ਦੀ ਤਸਵੀਰ ਵੇਖ ਕੇ ਮੋਹਤ ਹੋ ਗਈ । ਉਸ ਨੂੰ ਪ੍ਰਾਪਤ ਕਰਨ ਦੇ ਹੀਲੇ ਕਰਨ ਲਗੀ । ਸੱਸੀ ਧੁਨ ਦੀ ਪੱਕੀ ਸੀ । ਸੱਸੀ ਵੀਰਾਂਗਣ ਸੀ । ਉਸ ਨੇ ਕੇਚ ਮਕਰਾਨ ਤੋਂ ਆਏ ਹੋਤਾਂ ਨੂੰ ਖੂਬ ਫੰਡਿਆਂ । ਸੱਸੀ ਨਿਡਰ ਤੇ ਬੇਬਾਕ ਸੀ । ਉਸ ਨੇ ਪੱਤਣ ਤੇ ਚੌਕੀ ਬਿਠਾ ਕੇ ਹੋਤ ਕੈਦ ਕਰ ਲਏ । ਸੱਸੀ ਆਪਣੀ ਗੱਲ ਮਨਵਾਉਣਾ ਜਾਣਦੀ ਸੀ । ਉਹ ਬੱਬਣ ਤੇ ਬਬੀਹਾ ਨੂੰ ਪੁੰਨੂੰ ਨੂੰ ਕੇਚ ਮਕਰਾਨ ਤੋਂ ਜਾ ਕੇ ਲਿਆਉਣ ਲਈ ਮਜ਼ਬੂਰ ਕਰ ਦਿੰਦੀ ਹੈ । ਸੱਸੀ ਇਸ਼ਕ ਵਿਚ ਪੱਕੀ ਸੀ, ਉਸ ਨੇ ਪੁੰਨੂੰ ਨਾਲ ਲਾਈ ਤੇ ਤੋੜ ਨਿਭਾਈ । ਸੱਸੀ ਭੋਲੀ ਕੁੜੀ ਸੀ, ਉਹ ਪੁੰਨੂੰ ਦੇ ਭਰਾਵਾਂ ਦੇ ਮਕਰ ਫਰੇਬ ਵਿਚ ਆ ਗਈ । ਸੱਸੀ ਪੁੰਨੂੰ ਦੇ ਮਿਲਾਪ ਵਿਚ ਸਭ ਕੁਝ ਭੁੱਲ ਗਈ । ਪੁੰਨੂੰ ਨੂੰ ਗਵਾ ਬੈਠੀ । ਸੱਸੀ ਦ੍ਰਿੜ-ਵਿਸ਼ਵਾਸੀ ਤੇ ਆਪਾ ਵਾਰਣ ਵਾਲੀ ਪ੍ਰੇਮਕਾ ਸੀ । ਸੱਸੀ ਇਸ਼ਕ ਦੇ ਮੈਦਾਨ ਵਿਚ ਜੂਝਣ ਵਾਲੀ ਸੀ ਮਾਂ ਦੇ ਹਟਕਦੇ ਹੋੜਦੇ ਵੀ ਉਹ ਨਾ ਰੁਕੀ । ਇਸ਼ਕ ਉਸ ਦਾ ਇਸ਼ਟ ਸੀ । ਪੁੰਨੂੰ ਉਸ ਦਾ ਅੱਲ੍ਹਾ ਸੀ, ਰਬ ਸੀ ਸਭ ਕੁਝ ਸੀ । ਸੱਸੀ ਅੰਤ ਨੂੰ ਮਾਰੂਥਲ ਵਿਚ ਸੜ ਮੋਈ । ਸੱਸੀ ਦੇ ਸੱਚੇ ਇਸ਼ਕ ਨੇ ਪੁੰਨੂੰ ਨੂੰ ਵੀ ਅਤੇ ਅੱਯਾਲੀ ਨੂੰ ਵੀ ਪ੍ਰਭਾਵਤ ਕੀਤਾ । 'ਦਾਸਤਾਨਿ ਸੱਸੀ ਪੁੰਨੂੰ' ਇਕ ਪ੍ਰਕਾਰ ਦੀ ਸੱਸੀ ਦੀ ਸੱਚੀ ਪ੍ਰੀਤ, ਸੱਚੀ ਘਾਲਣਾ ਤੇ ਸੱਚੀ ਕੁਰਬਾਨੀ ਦੀ ਦਾਸਤਾਨ ਹੈ । ਨਾਇਕਾ ਸੱਸੀ ਇਸ ਕਿੱਸੇ ਦੀ ਨਾਇਕ ਹੈ । ਇਸ ਦਾਸਤਾਨ ਦੀ ਮੁੱਖ ਪਾਤਰ ਹੈ । ਸੱਸੀ ਦਾ ਪਾਤਰ ਸਾਰੀ ਕਹਾਣੀ ਤੇ ਛਾਇਆ ਹੋਇਆ ਹੈ ਉਹ ਕਿੱਸੇ ਦੀ ਜਿੰਦ ਜਾਨ ਤੇ ਰੂਹੇ-ਰਵਾਂ ਹੈ ।

**ਪੁੰਨੂੰ**

ਪੁੰਨੂੰ ਕੇਚ ਮਕਰਾਨ ਦੇ ਵਾਲੀ ਹੋਤ ਅਲੀ ਦਾ ਸ਼ਹਿਜ਼ਾਦਾ ਸੀ । ਪੁੰਨੂੰ ਲਾਡਲਾ ਤੇ ਭੋਲਾ ਪੁੱਤਰ ਸੀ । ਬਬਣ ਤੇ ਬਬੀਹਾ ਦੇ ਇਕੋ ਵਾਰ ਸੱਸੀ ਦੀ ਸੁੰਦਰਤਾ ਦਸਣ ਉਪਰ ਸੱਸੀ ਦਾ ਹੋ ਜਾਂਦਾ ਹੈ । ਉਹ ਉਸ ਨੂੰ ਦਸਦੇ ਹਨ ਕਿ ਸੱਸੀ ਵੀ ਉਸ ਦੀ ਸੂਰਤ ਤੇ ਮੋਹਤ ਹੈ ਅਤੇ ਉਸ ਦੇ ਇਸ਼ਕ ਵਿਚ ਘਾਇਲ ਹੈ । ਕੇਵਲ ਪੁੰਨੂੰ ਨੂੰ ਮਿਲਣ ਲਈ ਉਸ ਨੇ ਸਾਰੇ ਬਲੋਚ ਕੈਦ ਕਰ ਰਖੇ ਹਨ । ਪੁੰਨੂੰ ਝੱਟ ਪਿਆਰ ਵਿਚ ਘਾਇਲ ਹੋ ਜਾਂਦਾ ਹੈ । ਸੱਸੀ ਵਾਂਗ ਪੁੰਨੂੰ ਵੀ ਹੱਠ ਦਾ ਪੱਕਾ ਹੈ । ਸੱਸੀ ਵੱਲ ਜਾਣ ਲਗਿਆਂ ਮਾਂ-ਪਿਉ-ਭਰਾ, ਸਾਕ ਸੰਬੰਧੀ ਕਿਸੇ ਦੇ ਹਟਕਿਆਂ ਨਹੀਂ ਹਟਕਦਾ । ਸਗੋਂ ਮਰਨ ਮਾਰਨ ਤੇ ਆ ਜਾਂਦਾ ਹੈ, ਸਾਰੇ ਉਸ ਦੇ ਰਾਹ ਵਿਚੋਂ ਹਟ ਜਾਂਦੇ ਹਨ ।

ਜਾਪਦਾ ਸੀ ਜਿਵੇਂ ਪੁੰਨੂੰ ਵੀ ਜਨਮ ਜਨਮਾਂਤਰਾ ਤੋਂ ਸੱਸੀ ਦੇ ਇਸ਼ਕ ਦੀ ਅੱਗ ਵਿਚ ਸੜ ਰਿਹਾ ਹੋਵੇ :

ਸੁਣ ਤਾਰੀਫ ਹੋਇਆ ਦਿਲ ਘਾਇਲ
ਵਗੀ ਵਾਉ ਪਿਰਮ ਦੀ ।
ਕੌਣ ਕੋਈ ਦਿਲ ਰਹਿਸ ਟਿਕਾਨੇ
ਦਹਸ਼ਤ ਤੇਗ ਅਲਮ ਦੀ ।
ਸ਼ਹਿਰ ਭੰਬੋਰ ਪੁੰਨੂੰ ਦਿਲ ਵਸਿਆ
ਵਿਸਰੀ ਸੁਰਤ ਕੇਚਮ ਦੀ ।
ਹਾਸ਼ਮ ਵਾਉ ਲਗੀ ਉਠ ਚਮਕੀ
ਆਤਿਸ਼ ਜਨਮ ਕਰਮ ਦੀ ।

ਪੁੰਨੂੰ ਆਪਣਾ ਵਤਨ ਭੁੱਲ ਜਾਂਦਾ ਹੈ। ਸੱਸੀ ਦਾ ਸ਼ਹਿਰ ਭੰਬੋਰ ਉਸ ਦੇ ਮਨ ਵਿਚ ਵਸ ਜਾਂਦਾ ਹੈ। ਪੁੰਨੂੰ ਦਾ ਇਸ਼ਕ ਭੂਗੋਲਕ ਹੱਦਾਂ ਬੰਨੇ ਵੀ ਟੱਪ ਜਾਂਦਾ ਹੈ। ਪੁਨੂੰ ਇਕ ਚੰਗਾ ਸ਼ੁਤਰ-ਸਵਾਰ ਸੀ। ਪੁੰਨੂੰ ਵੀ ਸੱਸੀ ਵਾਂਗ ਇਸ਼ਕ 'ਚ ਗੜੂੰਦ ਸੀ। ਉਹ ਝੱਟ ਊਠ ਤੇ ਸਵਾਰ ਹੋ ਕੇ ਰਾਤੋ ਰਾਤ ਭੰਬੋਰ ਵਲ ਉਠ ਦੌੜਦਾ ਹੈ। ਪੁੰਨੂੰ ਭੁਬੋਰ ਵਿਖੇ ਬਾਗ ਵਿਚ ਸੱਸੀ ਦੇ ਕੰਚਨ ਪਲੰਘ ਉੱਤੇ ਜਾ ਸੌਂਦਾ ਹੈ। ਉਹ ਇਸ਼ਕ ਦੇ ਨਸ਼ੇ ਵਿਚ ਸਰਸ਼ਾਰ ਸੀ। ਸੱਸੀ ਪੁੰਨੂੰ ਦਾ ਮੇਲ ਉਥੇ ਬਾਗ

ਵਿਚ ਹੀ ਹੁੰਦਾ ਹੈ। ਸੱਸੀ ਸਹੇਲੀਆਂ ਦੀ ਫੌਜ ਲੈ ਕੇ ਆਉਂਦੀ ਹੈ। ਸ਼ੋਰ ਸੁਣ ਕੇ ਪੁੰਨੂੰ ਜਾਗ ਪੈਂਦਾ ਹੈ। ਦੋਵੇਂ ਵੇਖਦੇ ਹਨ ਤੇ ਵੇਖਦਿਆਂ ਹੀ ਇਕ ਦੂਜੇ ਦੇ ਹੋ ਜਾਂਦੇ ਹਨ। ਦੋਹਾਂ ਦੇ ਦਿਲਾਂ ਵਿਚ ਠੰਡ ਪੈਦੀਂ ਹੈ। ਦਰਦ-ਰੰਞਾਣੇ ਆਸ਼ਕ ਦਿਲਸ਼ਾਦ ਹੁੰਦੇ ਹਨ, ਪਹਿਲੀ ਨਜ਼ਰੇ ਆਸ਼ਕ ਹੋਣ ਦੀ ਉਤਮ ਮਿਸਾਲ ਹੈ :

ਵੇਖ ਦੀਦਾਰ ਹੋਏ ਤਨ ਦੋਵੇਂ
ਆਸ਼ਕ ਦਰਦ ਰੰਞਾਣੇ।
ਡਿਠਿਆਂ ਬਾਝ ਨਾ ਰਹਿੰਦੇ ਮੂਲੋਂ
ਨੈਣ ਉਦਾਸ ਇਆਣੇ
ਸਿਕਦਿਆਂ ਯਾਰ ਮਿਲੇ ਜਿਸ ਦਿਲ ਨੂੰ
ਕੀਮਤ ਕਦਰ ਪਛਾਣੇ।
ਹਾਸ਼ਮ ਨੇਹੁੰ ਅਸੀਲ ਕਮਾਵਣ
ਹੋਰ ਗਵਾਰ ਕੀ ਜਾਣੇ।

ਸੱਸੀ ਵਾਂਗ ਪੁੰਨੂੰ ਸਾਊ-ਸੁਭਾਅ ਹੈ। ਇਸ਼ਕ ਵਿਚ ਪੱਕਾ ਹੈ,ਸਦਾ ਲਈ ਸੱਸੀ ਦਾ ਹੋ ਜਾਂਦਾ ਹੈ। ਪੁੰਨੂੰ ਬੇਵਸ ਹੋ ਜਾਂਦਾ ਹੈ। ਸੱਸੀ ਨੇ ਉਸ ਨੂੰ ਆਪਣੇ ਵੱਸ ਕਰ ਲਿਆ ਸੀ। ਪੁੰਨੂੰ ਸੱਸੀ ਦਾ ਹੋ ਕੇ ਮੁੜ ਘਰ ਬਾਰ, ਦੇਸ਼ ਵਤਨ, ਮਾਪੇ ਰਿਸ਼ਤੇ ਸਭ ਭੁੱਲ ਜਾਂਦਾ ਹੈ। ਮਾਪਿਆਂ ਦਾ ਰੋਣਾ ਧੋਣਾ ਵੀ ਉਸ ਤੇ ਕੋਈ ਅਸਰ ਨਹੀ ਕਰਦਾ, ਪੁੰਨੂੰ ਵੀ ਸੱਸੀ ਵਾਂਗ ਧੁਨ ਦਾ ਪੱਕਾ ਸੀ। ਹੋਤ ਬਥੇਰਾ ਵਾਪਸ ਚਲਣ ਨੂੰ ਕਹਿੰਦੇ ਹਨ, ਉਹ ਇਕ ਨਹੀ ਸੁਣਦਾ। ਪੁੰਨੂੰ ਭੋਲਾ-ਭਾਲਾ ਸੀ। ਉਹ ਭਰਾਵਾਂ ਦੇ ਧ੍ਰੋਹ ਨੂੰ ਨਾ ਸਮਝ ਸਕਿਆ। ਸੱਸੀ ਵੀ ਸਗੋਂ ਪੁੰਨੂੰ ਵਾਂਗ ਉਸ ਦੇ ਭਰਾਵਾਂ ਦੀ ਖੂਬ ਖਾਤਰ ਖਿਦਮਤ ਕਰਨ ਲੱਗੀ। ਮਿਲਣ ਦੀ ਖੁਸ਼ੀ ਵਿਚ ਦੋਵੇਂ ਭਰਾਵਾਂ ਦੇ ਵਿਛਾਏ ਜਾਲ ਵਿਚ ਫਸ ਜਾਂਦੇ ਹਨ। ਪੁੰਨੂੰ ਉਨ੍ਹਾਂ ਦੀਆਂ ਚਾਲਾਂ ਨਾ ਸਮਝ ਸਕਿਆ। ਉਨ੍ਹਾਂ ਹੱਥੋਂ ਤੇਜ ਸ਼ਰਾਬ ਪੀ-ਪੀ ਬੇਹੋਸ਼ ਹੋ ਗਿਆ। ਪੁੰਨੂੰ ਦੇ ਭੋਲੇਪਣ ਨੇ ਮਿਲਾਪ ਨੂੰ ਵਿਛੋੜੇ ਵਿਚ ਬਦਲ ਦਿੱਤਾ। ਜ਼ਿੰਦਗੀ ਨੇ ਮੌਤ ਦਾ ਰੂਪ ਧਾਰ ਲਿਆ। ਇਸ਼ਕ ਤੇ ਅਕਲ ਦਾ ਬਹੁਤ ਘੱਟ ਹੀ ਮੇਲ ਹੁੰਦਾ ਹੈ।

ਸੱਸੀ ਦੀ ਰੂਹ ਪੁੰਨੂੰ ਨੂੰ ਉਸ ਦੀ ਖਬਰ ਦਿੰਦੀ ਹੈ। ਪੁੰਨੂੰ ਫਿਰ ਉਸ ਊਠ ਤੇ ਸਵਾਰ ਹੋ ਕੇ ਨਿਕਲ ਟੁਰਦਾ ਹੈ ਮਾਪਿਆਂ ਤੇ ਭਰਾਵਾਂ ਦੇ ਰੋਕਿਆਂ ਨਹੀ ਰੁਕਦਾ ਪੁੰਨੂੰ ਇਸ਼ਕ ਵਿਚ ਸਾਦਿਕ ਤੇ ਦ੍ਰਿੜ ਵਿਸ਼ਵਾਸ ਸੀ। ਉਹ ਇਸ਼ਕ ਵਿਚ ਗਲਤਾਨ ਸੀ

'ਹਾਸ਼ਮ ਕੌਣ ਫੜੇ ਜ਼ਿਦਬਾਜ਼ਾਂ ਜਾਲ ਇਸ਼ਕ ਵਿਚ ਹਾਰੀ

ਸੱਸੀ ਵਾਂਗ ਪੁੰਨੂੰ ਵੀ ਮਰਨੋਂ ਨਹੀ ਡਰਦਾ। ਉਸ ਦੀ ਤਾਂ ਜਾਨ ਹੀ ਸੱਸੀ ਵਿਚ ਸੀ। ਸੱਸੀ ਦੀ ਕਬਰ ਉੱਤੇ ਅਯਾਲੀ ਦੇ ਮੂੰਹੋਂ ਸੱਸੀ ਦੀ ਮੌਤ ਸੁਣਦੇ ਸਾਰ ਹੀ ਉਹ ਜ਼ਮੀਨ ਉਪਰ ਡਿਗਦਾ ਹੈ ਤੇ ਢੇਰੀ ਹੋ ਜਾਂਦਾ ਹੈ। ਦਾਸਤਾਨੇ ਸੱਸੀ ਹਾਸ਼ਮ ਪੁੰਨੂੰ ਦੀ ਮੌਤ ਤੇ ਆ ਕੇ ਅੰਤ ਹੁੰਦੀ ਹੈ।

'ਸੁਣ ਕੇ ਹੋਤ ਜ਼ਿਮੀ ਪੁਰ ਡਿਗਿਆ
ਖਾਇ ਕਲੇਜੇ ਕਾਨੀ,
ਖੁਲ੍ਹ ਗਈ ਗੋਰ ਪਿਆ ਵਿਚ ਕਬਰੇ,
ਫੇਰ ਮਿਲੇ ਦਿਲਜਾਨੀ।

ਪੁੰਨੂੰ ਦੀ ਮੌਤ ਨਾਲ ਇਹ ਕਿੱਸਾ ਪੂਰਨ ਦੁਖਾਂਤ ਬਣਦਾ ਹੈ ਇਹ ਸਰੀਰਾਂ ਦਾ ਨਹੀ ਰੂਹਾਂ ਦਾ ਮੇਲ ਸੀ। ਇਸ ਤਰ੍ਹਾਂ ਪੁੰਨੂੰ ਇਕ ਸਾਊ ਪੁੱਤਰ, ਬੇਫਿਕਰਾ ਸ਼ਹਿਜਾਦਾ, ਤੇਜ ਸ਼ੁਤਰ ਸਵਾਰ, ਭੋਲਾ-ਭਾਲਾ, ਇਸ਼ਕ ਦੀ ਗੱਲ ਸੁਣ ਕੇ ਮਾਸ਼ੂਕ ਤੇ ਮੋਹਿਤ ਹੋ ਜਾਣ ਵਾਲਾ ਤੇ ਉਸ ਮਗਰ ਨੱਠ ਉੱਠਣ ਵਾਲਾ, ਇਸ਼ਕ ਦੇ ਮਾਮਲੇ ਵਿਚ ਮਾਪਿਆਂ, ਸਾਕ-ਸੰਬੰਧੀਆਂ, ਭਰਾਵਾਂ ਆਦਿ ਕਿਸੇ ਦੀ ਵੀ ਨਾ ਸੁਣਨ ਵਾਲਾ, ਮੌਤੋਂ ਨਾ ਡਰਨ ਵਾਲਾ, ਇਸ਼ਕ ਵਿਚ ਪੱਕਾ ਸਾਦਿਕ, ਬੇਕਰਾਰ, ਬੇਚੈਨ, ਚੁਲਬੁਲਾ ਤੇ ਛੂਹਲਾ, ਹੋਤਾਂ ਦੇ ਮਕਾਰ ਫਰੇਬ ਨੂੰ ਨਾ ਸਮਝਣ ਵਾਲਾ, ਵਸਲ (ਮਲਾਪ) ਵਿਚ ਸਭ ਕੁਝ ਭੁੱਲ ਜਾਣ ਵਾਲਾ, ਮੌਤ ਨੂੰ ਵਾਜਾਂ ਮਾਰਨ ਵਾਲਾ, ਸੱਸੀ ਲਈ ਜਾਨ ਤਕ ਵਾਰ ਦੇਣ ਵਾਲਾ, ਨਿੱਡਰ, ਬਹਾਦਰ, ਸਿਰੜੀ, ਦ੍ਰਿੜ ਵਿਸ਼ਵਾਸੀ ਨਾਇਕ ਸੀ। ਸੱਸੀ ਇਸ਼ਕ ਦੇ ਮਾਰੂਥਲ ਵਿਚ ਸੜ ਮੋਈ ਤੇ ਪੁੰਨੂੰ ਸੱਸੀ ਦੇ ਇਸ਼ਕ ਵਿਚ ਮਰ ਗਿਆ।

**ਆਦਮ ਜਾਮ**

ਭੰਬੋਰ (ਸੁਰਾਸ਼ਟਰ-ਸਿੰਧ) ਦਾ ਰਾਜਾ ਸੀ। ਜਾਪਦਾ ਹੈ ਪਹਿਲਾ ਹਿੰਦੂ ਸੀ, ਫਿਰ ਮੁਸਲਮਾਨ ਹੋ ਗਿਆ। ਉਸ ਦੀ ਧੀ ਸੱਸੀ ਦਾ ਨਾਮ ਹਿੰਦਵੀ ਹੈ। ਆਦਮ ਬੇ-ਔਲਾਦ ਸੀ। ਉਸ ਨੇ ਬੜੇ ਪੀਰ-ਫਕੀਰ ਮਨਾਏ ਜਿਸ ਦੇ ਫਲਸਰੂਪ ਉਸ ਦੇ ਘਰ ਚੰਨ ਵਰਗੀ ਧੀ ਨੇ ਜਨਮ ਲਿਆ। ਬੜੇ ਜ਼ਸਨ ਕੀਤੇ ਗਏ। ਫਕੀਰਾਂ ਮੁਥਾਜਾਂ ਨੂੰ ਖਾਣਾ, ਬਸਤਰ, ਧਨ ਮਾਲ ਵੰਡੇ ਗਏ। ਉਸ ਨੇ ਆਮ ਜਨਤਾ ਲਈ ਖੁਸ਼ੀ ਵਿਚ ਤਲਾਅ ਬਣਵਾਏ, ਬਾਗ ਲਗਵਾਏ ਤੇ ਸਰਾਵਾਂ ਬਣਵਾਈਆਂ।

ਆਦਮ ਨੇ ਰਾਜਧਾਨੀ ਨੂੰ ਖੂਬ ਸਜਾ ਰਖਿਆ ਸੀ। ਉਸ ਦੀ ਬੜੀ ਸ਼ਾਨ ਸੀ। ਜਾਨਵਰ, ਪਸ਼ੂ, ਪੰਛੀ, ਜਿੰਨ ਆਦਮੀ ਹਰ ਕੋਈ ਉਸ ਅੱਗੇ ਸੀਸ ਨਿਵਾਉਂਦਾ। ਹਾਸ਼ਮ ਨੇ ਆਦਮ ਨੂੰ ਸੁਲੇਮਾਨ ਬਾਦਸ਼ਾਹ ਦੀ ਸ਼ਾਨ ਵਾਲਾ ਦਰਸਾਇਆ ਹੈ। ਉਸ ਦਾ ਜਾਹੋ ਜਲਾਲ ਸਿਕੰਦਰ ਵਾਲਾ ਸੀ। ਉਹ ਕਿਸੇ ਦੀ ਪਰਵਾਹ ਨਾ ਕਰਦਾ। ਉਹ ਤਾਰੀਫ ਤੋਂ ਬਾਹਰ ਸੀ। ਹਾਸ਼ਮ ਨੇ ਇਸ ਦੇ ਪਾਤਰ ਨੂੰ ਇਨ੍ਹਾਂ ਸ਼ਬਦਾ ਵਿਰ ਚਿਤ੍ਰਿਆ ਹੈ :

'ਆਦਮ ਜਾਮ ਭੰਬੋਰ ਸ਼ਹਿਰ ਦਾ ਸਾਹਿਬ ਤਖਤ 'ਕਹਾਵੇ'
ਵਹਿਸ਼ ਤਯੂਰ ਜਨੇਇਤ ਆਦਮ ਹਰਇਕ ਸੀਸ ਨਿਵਾਏ
ਜਹੁ ਜਲਾਲ ਸਿੰਕਦਰ ਵਾਲਾ ਖਾਤਰ ਮੂਲ ਨਾ ਨਿਆਵੇ
ਹਾਸ਼ਮ ਆਖ ਜ਼ਬਾਨ ਨਾ ਸਕਦੀ, ਕੌਣ ਤਰੀਫ ਸੁਣਾਵੇ'

ਆਦਮ ਵਹਿਮੀ ਪੁਰਸ਼ ਹੈ। ਨਜੂਮੀਆਂ ਵਿਚ ਉਸ ਦਾ ਵਿਸ਼ਵਾਸ ਹੈ। ਉਨ੍ਹਾਂ ਦੇ ਕਹਿਣ ਤੇ ਆਪਣੀ ਧੀ ਸੱਸੀ ਦਰਿਆ ਬੁਰਦ ਕਰ ਦਿੰਦਾ ਹੈ। ਪਰ ਉਸ ਦੇ ਅੰਦਰ ਇਕ ਪਿਤਾ ਦਾ ਹਿਰਦਾ ਹੈ। ਜਦ ਉਸ ਨੂੰ ਸੱਸੀ ਦਾ ਪਤਾ ਲਗਦਾ ਹੈ (ਤਵੀਤ ਵੇਖਣ ਪੁਰ) ਤਾਂ ਉਸ ਨੂੰ ਵਾਪਸ ਮਹਿਲੀਂ ਬੁਲਾਉਣਾ ਚਾਹੁੰਦਾ ਹੈ, ਭਾਵੇਂ ਸੱਸੀ ਤੋੜ ਕੇ ਜਵਾਬ ਦੇ ਦਿੰਦੀ ਹੈ। ਉਹ ਸੱਸੀ ਨੂੰ ਖੁਸ਼ਹਾਲ ਤੇ ਸੁਖੀ ਵੇਖਣਾ ਚਾਹੁੰਦਾ ਹੈ। ਇਸ ਲਈ ਰੋੜ੍ਹਨ ਲਗਿਆਂ ਸੱਸੀ ਦੇ ਸੰਦੂਕ ਵਿਚ ਹੀਰੇ ਜਵਾਹਰ ਧਨ ਮਾਲ ਰਖਵਾ ਦਿੰਦਾ ਹੈ। ਸੰਦੂਕ ਵੀ ਬੜਾ ਸੁੰਦਰ ਬਣਵਾਉਂਦਾ ਹੈ।ਉਹ ਸੱਸੀ ਨੂੰ ਵਿਦਿਆ ਵਿਚ ਵੀ ਨਿਪੁੰਨ ਵੇਖਣਾ ਚਾਹੁੰਦਾ ਹੈ, ਇਸ ਲਈ ਉਸ ਮਾਲ ਧਨ ਵਿਚੋਂ ਇਕ ਹਿੱਸਾ ਪੜ੍ਹਾਉਣ ਵਾਲੇ ਉਸਤਾਦ ਦਾ ਵੀ ਨਿਸ਼ਚਿਤ ਕਰ ਦਿੰਦਾ ਹੈ। ਆਦਮ ਦੇ ਦਰਬਾਰ ਦੀ ਬਹੁਤ ਸ਼ਾਨ ਸ਼ੌਕਤ ਹੈ। ਅਮੀਰ ਵਜ਼ੀਰ ਸੈਨਾਪਤੀ ਆਦਿ ਉਸ ਦੇ ਦਰਬਾਰ ਦੀ ਰੌਣਕ ਵਧਾਉਂਦੇ ਹਨ। ਉਸ ਦੇ ਖਜ਼ਾਨੇ ਭਰਪੂਰ ਹਨ, ਫੌਜ ਬਹੁਤ ਹੈ, ਨੌਕਰ ਚਾਕਰ ਨਫ਼ਰ ਗੁਲਾਮ ਅਣਗਣਿਤ ਹਨ। ਨਜੂਮੀਆਂ ਦੇ ਦੱਸਣ ਤੇ ਕਿ ਸੱਸੀ ਵੱਡੀ ਹੋ ਤੇ ਇਸ਼ਕ ਕਮਾਵੇਗੀ ਤੇ ਕੁਲ ਨੂੰ ਕਲੰਕਤ ਕਰੇਗੀ, ਉਹ ਸੱਸੀ ਨੂੰ ਮਰਵਾ ਦੇਣਾ ਚਾਹੁੰਦਾ ਹੈ ਪਰ ਵਜ਼ੀਰ ਇਸ ਨੂੰ ਭੈੜੇ ਕੰਮ ਤੋਂ ਵਰਜਦਾ ਹੈ। ਸੱਸੀ ਦੇ ਫਿਰਾਕ ਵਿਚ ਘੁਲਦਾ ਹੈ। ਹਾਸ਼ਮ ਨੇ ਉਸ ਨੂੰ ਯੂਸਫ ਦੇ ਬਾਪ ਯਾਕੂਬ ਨਾਲ ਉਪਮਾ ਦਿੱਤੀ ਹੈ ਜੋ ਯੂਸਫ ਦੀ ਜੁਦਾਈ ਵਿਚ ਰੋ-ਰੋ ਕੇ ਅੰਨ੍ਹਾਂ ਹੋ ਗਿਆ ਸੀ :

'ਹਰਦਮ ਵਾਂਗ ਯਕੂਬ ਪੈਗੰਬਰ।
ਰੋ ਰੋ ਹਾਲ ਵੰਞਾਵੇ।
ਕਰੇ ਸੁਆਲ ਲੋੜੇ ਘਰ ਖੜਿਆ।
ਰੋਜ਼ ਸੱਸੀ ਕੋਲ ਜਾਵੇ।

ਪਰ ਸੱਸੀ ਦੇ ਕੋਰੇ ਜਵਾਬ ਨੇ ਉਸ ਨੂੰ ਨਿਰਾਸ਼ ਕਰ ਦਿੱਤਾ। ਬਸ ਇਸ ਪਿਛੋਂ ਉਸ ਦਾ ਪਾਤਰ ਰੰਗ ਮੰਚ ਉੱਤੇ ਨਹੀ ਆਉਂਦਾ। ਆਦਮ ਦਾ ਪਾਤਰ ਇਕ ਅਭਾਗੇ ਬਾਪ ਦਾ ਹੈ, ਜੋ ਪਹਿਲਾਂ ਔਲਾਦ ਨੂੰ ਤਰਸਦਾ ਰਿਹਾ ਅਤੇ ਪ੍ਰਾਪਤ ਹੋਣ ਪਰ ਉਸ ਦੇ ਵਿਛੋੜੇ ਵਿਚ ਘੁਲਦਾ ਰਿਹਾ।

**ਸੱਸੀ ਦੀ ਅਸਲ ਮਾਂ**

ਸੱਸੀ ਦੀ ਅਸਲ ਮਾਂ, ਭਾਵ ਆਦਮ ਜ਼ਾਮ ਦੀ ਰਾਣੀ ਦਾ ਪਾਤਰ ਅਸਲੋਂ ਮਾਮੂਲੀ ਜਿਹਾ ਹੈ। ਉਸ ਦਾ ਕੋਈ ਨਾਮ ਨਹੀ। ਬਸ ਉਹ ਤਾਂ ਸੱਸੀ ਨੂੰ ਜਨਮ ਦੇਣ ਦੀ ਹੀ ਗੁਨਹਿਗਾਰ ਹੈ ਜਾਂ ਫਿਰ ਆਦਮ ਸੱਸੀ ਨੂੰ ਧੋਬੀ ਦੇ ਘਰੋਂ ਵਾਪਸ ਮੰਗਵਾਉਣਾ ਚਾਹੁੰਦਾ ਹੈ ਤੇ ਉਹ ਜਵਾਬ ਦੇ ਦਿੰਦੀ ਹੈ ਤਾਂ ਇਹ ਰੋ-ਰੋ ਫ਼ਾਵੀ ਹੁੰਦੀ ਹੈ। ਸੱਸੀ ਦੀ ਮਾਂ (ਆਦਮ ਵਾਂਗ ਹੀ) ਇਕ ਅਭਾਗਣ ਇਸਤਰੀ ਹੈ, ਜਿਸ ਨੇ ਸੱਸੀ ਨੂੰ ਜਨਮ ਦਿੱਤਾ, ਪਰ ਉਸ ਨੂੰ ਆਪਣਾ ਦੁੱਧ ਪਿਲਾਉਣਾ ਨਸੀਬ ਨਾ ਹੋਇਆ, ਨਾ ਲਾਡ ਲਡਾਉਣੇ ਉਸ ਦੇ ਕਰਮਾਂ ਵਿਚ ਸਨ। ਬਸ ਸਾਰੀ ਉਮਰ ਧੀ ਦੇ ਵਿਛੋੜੇ ਵਿਚ ਰੋ-ਰੋ ਕੇ ਗੁਜ਼ਾਰ ਦਿੰਦੀ ਹੈ। ਉਸ ਦਿਨ ਨੂੰ ਪਛਤਾਉਂਦੀ ਹੈ ਜਦ ਉਸ ਦੀ ਧੀ ਨੂੰ ਸੰਦੂਕ ਵਿਚ ਪਾ ਤੇ ਦਰਿਆ ਵਿਚ ਰੋੜ ਦਿੱਤਾ ਗਿਆ।

**ਗਜ਼ਨੀ ਸੁਦਾਗਰ**

ਇਹ ਸ਼ਹਿਰ ਭੰਬੋਰ ਦਾ ਇਕ ਉੱਘਾ ਸੁਦਾਗਰ ਮੰਨਿਆ ਜਾਂਦਾ ਹੈ। ਉਸ ਨੂੰ ਭਾਂਤ ਭਾਂਤ ਦੇ ਬਾਗ ਲਗਵਾਉਣ ਦਾ ਬੜਾ ਸ਼ੌਕ ਸੀ। ਉਹ ਚਿੱਤਰਕਾਰੀ ਦਾ ਵੀ ਸ਼ੌਕੀਨ ਸੀ। ਬਾਗ ਵਿਚ ਉਸਨੇ ਹਰ ਮੁਲਕ ਦੇ ਬਾਦਸ਼ਾਹ ਤੇ ਉਨ੍ਹਾਂ ਦੇ ਸ਼ਹਿਜਾਦਿਆਂ ਦੇ ਚਿੱਤਰ ਕਲਾਕਾਰਾਂ ਕੋਲੋਂ ਬਣਵਾਕੇ ਲਟਕਾ ਰਖੇ ਸਨ। ਕਿੱਸੇ ਵਿਚ ਪਾਤਰ ਦੀ ਮਹੱਤਤਾ ਇਸ ਕਰਕੇ ਹੈ ਕਿ ਉਸ ਦੇ ਲਗਵਾਏ ਬਾਗ ਵਿਚ ਸੱਸੀ ਸਹੇਲੀਆਂ ਸਮੇਤ ਜਾਂਦੀ ਹੈ ਅਤੇ ਪੁੰਨੂੰ ਦੀ ਤਸਵੀਰ ਨੂੰ ਵੇਖ ਕੇ ਉਸ ਉਪਰ ਮੋਹਿਤ ਹੋ ਜਾਂਦੀ ਹੈ। ਇਸ ਤਰ੍ਹਾਂ ਪ੍ਰੀਤ-ਘਟਨਾ ਦੇ ਆਰੰਭ ਦਾ ਉਹ ਜ਼ਿੰਮੇਵਾਰ ਹੈ ਤੇ ਉਸ ਦਾ ਲਗਵਾਇਆ ਬਾਗ ਘਟਨਾ-ਸਥਾਨ ਹੈ। ਇਥੇ ਹੀ ਸੱਸੀ ਪੁੰਨੂੰ ਮਿਲਦੇ ਹਨ। ਇਥੇ ਹੀ ਉਨ੍ਹਾਂ ਦਾ ਇਸ਼ਕ ਫੁਲਦਾ ਹੈ। ਇਸ ਤਰ੍ਹਾਂ ਗਜਨੀ ਸੁਦਾਗਰ ਸੱਸੀ ਦੇ ਹਿਰਦੇ ਵਿਚ ਪ੍ਰੀਤ ਅਗਨੀ ਦੀ ਚਿਣਗ ਸੁਟਣ ਵਾਲਾ ਪਾਤਰ ਹੈ।

**ਬਬਣ ਤੇ ਬਬੀਹਾ**

'ਬਬਣ ਤੇ ਬਬੀਹਾ ਦੋਵੇਂ ਮਕਰਾਨੀ ਸਰਦਾਰ ਹਨ। ਹਰ ਇਕ ਸੱਤ ਹਜ਼ਾਰ ਊਠਾਂ ਦੇ ਕਾਫਲੇ ਦਾ ਮਾਲਕ ਹੈ। ਇਹ ਵੱਡੇ ਸੁਦਾਗਰ ਹਨ ਇਹ ਕੇਚ ਮਕਰੀਨ ਤੋਂ ਸਿੰਧ ਵੱਲ ਵਿਉਪਾਰ ਕਰਨ ਆਉਂਦੇ ਹਨ। ਇਨ੍ਹਾਂ ਦੇ ਕਰਵਾਨਾਂ ਨੂੰ ਸੱਸੀ ਦੇ ਨਫਰਾਂ ਨੇ ਕੈਦ ਕਰ ਲਿਆ। ਸੱਸੀ ਨੇ ਊਨ੍ਹਾਂ ਨੂੰ ਛੱਡਣ ਦੀ ਇਹ ਸ਼ਰਤ ਲਾਈ ਕਿ ਉਹ ਜਾ ਕੇ ਪੁੰਨੂੰ ਹੋਤ ਨੂੰ ਲਿਆਉਣ। ਇਹ ਦੋਵੇਂ ਚਲਾਕ ਅਤੇ ਹੁਸ਼ਿਆਰ ਸਨ। ਪਹਿਲਾਂ ਪੁੰਨੂੰ ਦੇ ਮਾਪਿਆਂ ਨੂੰ ਭੰਬੋਰ ਲਈ ਕਹਿੰਦੇ ਹਨ ਪਰ ਉਹ ਮੰਨਦੇ ਨਹੀ। ਅਖੀਰ ਉਨ੍ਹਾਂ ਇਕ ਚਾਲ ਖੇਡ, ਉਹ ਪੁੰਨੂੰ ਕੋਲ ਗਏ ਤੇ ਸੱਸੀ ਦੀ ਸੂਰਤ ਦੀ ਤਾਰੀਫ ਕੀਤੀ ਤੇ ਕਿਹਾ ਕਿ ਉਹ ਪੁੰਨੂੰ ਤੇ ਮਰਦੀ ਹੈ ਤੇ ਹਰ ਦਮ ਉਸੇ ਦਾ ਨਾਮ ਜਪਦੀ ਹੈ। ਇਸ ਤਰ੍ਹਾਂ ਇਹ ਦੋਵੇਂ ਸਰਦਾਰ ਪੁੰਨੂੰ ਦੇ ਹਿਰਦੇ ਵਿਚ ਸੱਸੀ ਦੇ ਇਸ਼ਕ ਦੀ ਅੱਗ ਸੁਲਘ ਦਿੰਦੇ ਹਨ ਤੇ ਪੁੰਨੂੰ ਭੰਬੋਰ ਵੱਲ ਨੂੰ ਉਨ੍ਹਾਂ ਨਾਲ ਉਠ ਦੌੜਦਾ ਹੈ। ਬਾਗ ਵਿਚ ਸੱਸੀ ਪੁੰਨੂੰ ਮਿਲਦੇ ਹਨ ਤੇ ਹਮੇਸ਼ਾ ਲਈ ਇਕ ਦੂਜੇ ਦੇ ਹੋ ਜਾਂਦੇ ਹਨ। ਬਬਣ ਤੇ ਬਬੀਹਾ ਆਪਣੇ ਆਦਮੀਆਂ ਨੂੰ ਛੁਡਵਾ ਲਿਆਉਂਦੇ ਹਨ ਤੇ ਪੁੰਨੂੰ ਨੂੰ ਭੰਬੋਰ ਸੱਸੀ ਪਾਸ ਹੀ ਛੱਡ ਆਉਂਦੇ ਹਨ।ਇਹ ਦੋਵੇਂ ਸਵਾਰਥੀ ਤੇ ਮਤਲਬੀ ਹਨ। ਇਨ੍ਹਾਂ ਦੇ ਪਾਤਰ ਇਸ ਲਈ ਮਹੱਤਵਪੂਰਨ ਹਨ ਕਿ ਇਹ ਸੱਸੀ ਪੁੰਨੂੰ ਨੂੰ ਮਿਲਾਉਣ ਵਾਲੇ ਹਨ ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਇਸ ਦੁਖਾਂਤ ਦਾ ਕਾਰਣ ਬਣਦੇ ਹਨ।

**ਪੁੰਨੂੰ ਦੇ ਭਰਾ**

ਪੁੰਨੂੰ ਦੇ ਭਰਾ ਘੰਡ ਬਲੋਚ, ਫਰੇਬੀ, ਦਗਾਬਾਜ਼ ਤੇ ਗੰਵਾਰ ਸਨ। ਹਾਸ਼ਮ ਨੇ ਇਨ੍ਹਾਂ ਨੂੰ ਘੰਡ ਬਲੋਚ ਕਿਹਾ ਹੈ ਜਿਨ੍ਹਾਂ ਨੂੰ ਸੱਚੀ ਪ੍ਰੀਤ ਦੀ ਉੱਕਾ ਕਦਰ ਨਹੀ ਸੀ। ਜਦ ਬਬਣ ਤੇ ਬਬੀਹਾ ਆਪਣੇ, ਸਾਥੀਆਂ ਨੂੰ ਛੁਡਵਾਕੇ ਕੇਚ ਮਕਰਾਨ ਪਰਤਕੇ ਦਸਦੇ ਹਨ ਕਿ ਕਿਵੇਂਸੱਸੀ ਨੇ ਪੁੰਨੂੰ ਨੂੰ ਆਪਣੀ ਪ੍ਰੀਤ ਵਿਚ ਕੈਦ ਕਰ ਰਖਿਆ ਹੈ ਤਾਂ ਉਹ ਚਾਲ ਚਲਦੇ ਹਨ ਤੇ ਸਾਥੀਆਂ ਨੂੰ ਨਾਲ ਲੈ ਕੇ ਭੰਬੋਰ ਆਉਂਦੇ ਹਨ। ਉਤੋਂ ਬੜੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ ਤੇ ਰਾਤ ਨੂੰ ਸੱਸੀ ਪੁੰਨੂੰ ਤੇ ਮਿਲਾਪ ਦਾ ਜਸ਼ਨ ਮਨਾਉਂਦੇ ਹਨ ਪਰ ਉਨ੍ਹਾਂ ਨੂੰ ਤੇਜ਼ ਸ਼ਰਾਬ ਪਿਲਾਕੇ ਅੱਧੀ ਰਾਤ ਪੁੰਨੂੰ ਨੂੰ ਬੇਹੋਸ਼ੀ ਦੀ ਹਾਲਤ ਵਿਚ ਊਠ ਦੇ ਕਚਾਵੇ ਵਿਚ ਪਾ ਕੇ ਕੇਚ ਮਕਰਾਨ ਲੈ ਆਉਂਦੇ ਹਨ। ਉਨ੍ਹਾਂ ਨੂੰ ਕੀ ਪਤਾ ਸੀ ਕਿ ਉਨ੍ਹਾਂ ਦੀ ਇਹ ਚਾਲ ਅਖੀਰ ਸੱਸੀ ਪੁੰਨੂੰ ਦੋਵਾਂ ਲਈ ਜਾਨ ਲੇਵਾ ਸਾਬਤ ਹੋਵੇਗੀ। ਬਬਣ ਬਬੀਹਾਂ ਵਾਂਗ ਇਹ ਵੀ ਨਿੰਦਣ-ਯੋਗ ਪਾਤਰ ਹਨ। ਇਨ੍ਹਾਂ ਦਾ ਸਭ ਤੋਂ ਭੈੜਾ ਪਾਤਰ ਚਿਤਰਣ ਹੈ।

'ਬੜੇ ਬੇਦਰਦ ਕਠੋਰ ਕੁਕਰਮੀ
ਯਾਰ ਵਿਛੋੜ ਲਿਆਏ।
ਹਾਸ਼ਮ ਰੋਵਣ ਤੇ ਕੁਰਲਾਉਣ ਵਾਲੇ
ਫੇਰ ਸੱਸੀ ਦਿਨ ਆਏ।
ਸੱਸੀ ਦੇ ਦੁਖਾਂਤ ਦਾ ਇਹ ਮੂਲ ਕਾਰਣ ਸਨ।

**ਅੱਤਾ ਧੋਬੀ**

ਅੱਤਾ ਧੋਬੀ ਚਾਹੇ ਸੱਸੀ ਦਾ ਪਾਲਕ-ਪਿਤਾ ਹੈ ਪਰ ਉਸ ਦੇ ਪਾਤਰ ਵਿਚ ਅਸਲ ਪਿਤਾ ਦੀ ਆਤਮਾ ਵਿਦਮਾਨ ਹੈ। ਉਹ ਨੂੰ ਹਾਸ਼ਮ ਨੇ ਫ਼ਰਿਸ਼ਤਾ ਮਿਸਾਲ ਕਿਹਾ ਹੈ। ਇਹ ਸਭ ਤੋਂ ਨੇਕ ਤੇ ਪਰਉਪਕਾਰੀ ਜੀਵ ਹੈ। ਉਸ ਨੂੰ ਸੱਸੀ ਦੇ ਧਨ ਮਾਲ ਨਾਲ ਬਹੁਤੀ ਗਰਜ਼ ਨਹੀ । ਉਹ ਲਾਲਚੀ ਵੀ ਨਹੀਂ। ਉਹ ਨੇਕ ਸਿਤਾਰੇ ਵਾਲਾ ਹੈ,

ਸ਼ਹਿਰੋਂ 'ਦੂਰ-ਕੁਪੱਤਣ ਧੋਬੀ।
ਧੋਂਦਾ ਨਦੀ ਕਿਨਾਰੇ
ਅੱਤਾ ਨਾਮ ਮਿਸਾਲ ਫਰਿਸ਼ਤੇ।
ਬੁਜ਼ਰਕੁ ਨੇਕ ਸਿਤਾਰੇ।

ਉਹ ਜਾਨ ਤੇ ਖੇਡ ਕੇ ਵੀ ਰੁੜਦੇ ਜਾਂਦੇ ਸੰਦੂਕ ਨੂੰ ਬਾਹਰ ਲਿਆਉਂਦਾ ਹੈ। ਉਹ ਸੱਸੀ ਨੂੰ ਬਚਾਉਣਾ, ਇਕ ਸਵਾਬ ਜਾਂ ਪੁੰਨ ਦਾ ਕੰਮ ਸਮਝਦਾ ਸੀ। ਬੱਚੀ ਮਿਲਣ ਪਰ ਉਹ ਖੁਦਾ ਦਾ ਸ਼ੁਕਰ ਕਰਦਾ ਹੈ। ਉਹ ਸੰਦੂਕ ਵਿਚ ਧਨ ਦੌਲਤ ਨੂੰ ਸੱਸੀ ਦੀ ਪਰਵਰਿਸ਼ ਉੱਤੇ ਹੀ ਖਰਚ ਕਰਦਾ ਹੈ । ਉਸ ਲਈ ਜੜਤ ਜੜਾਊ ਮਹਿਲ ਬਣਾਉਂਦਾ ਹੈ ਤੇ ਉਸ ਲਈ ਖਿਦਮਤਗਾਰ ਨੌਕਰ ਚਾਕਰ ਰਖਦਾ ਹੈ। ਉਸ ਦੇ ਤਾਂ ਮਾਨੋ ਨਸੀਬ ਖੁਲ੍ਹ ਗਏ :

'ਖੁਲ੍ਹਾ ਆਣ ਨਸੀਬ ਅੱਤੇ ਦਾ ।
ਕਰਮ ਭਲੇ ਦਿਨ ਆਏ।
ਜੜਤ ਜੜਾਊ ਮਹਲ ਬਣਾਏ।
ਨੌਕਰ ਚਾਇ ਰਖਾਏ।
ਹਾਸ਼ਮ ਬਾਗ ਸੁਕੇ ਰਬ ਚਾਹੇ।
ਪਲ ਵਿਚ ਆਣ ਸੁਹਾਏ।

ਉਸ ਸਮੇਂ ਵਿਚ ਅੱਤੇ ਜੇਹਾ ਪਾਲਕ ਪਿਤਾ ਹੋਣਾ ਵਚਿੱਤਰ ਗੱਲ ਸੀ। ਉਹ ਸੱਸੀ ਦੀ ਹਰ ਗੱਲ ਮੰਨਦਾ ਹੈ ਤੇ ਉਸ ਦੀ ਮਰਜੀ ਵਿਰੁੱਧ ਕੁਝ ਨਹੀ ਕਰਦਾ। ਸਗੋਂ ਉਸ ਪਾਸੋਂ ਉਸ ਦੇ ਵਰ ਬਾਰੇ ਪੁੱਛਦਾ ਹੈ। ਉਹ ਉਸ ਨੂੰ ਧੋਬੀਆਂ ਘਰ ਵੀ ਨਹੀ ਦੇਣਾ ਚਾਹੁੰਦਾ। ਸੱਸੀ ਨੂੰ ਚੁੱਪ ਵੇਖ ਕੇ ਫੇਰ ਉਹ ਉਸ ਦੇ ਸਾਕ ਦੀ ਗੱਲ ਨਹੀ ਟੋਰਦਾ। ਫਿਰ ਸ਼ਰੀਕ ਸੱਸੀ ਦੇ ਹੁਸਨ ਬਾਰੇ ਜਾਮ ਪਾਸ ਜਾ ਜ਼ਿਕਰ ਕਰਦੇ ਹਨ। ਇਉਂ ਜਾਪਦਾ ਹੈ, ਅੱਤਾ ਧੋਬੀ ਦਾ ਕੰਮ ਕੇਵਲ ਸੱਸੀ ਨੂੰ ਪਾਲ ਪੋਸ਼ ਕੇ ਪਰਵਾਨ, ਚੜਾਉਂਦਾ ਸੀ ਉਸ ਨੂੰ ਇਸ਼ਕ ਦੀ ਆਜ਼ਮਾਇਸ਼ ਲਈ ਤਿਆਰ ਕਰਨਾ ਸੀ। ਪਿਛੋਂ ਅੱਤਾ ਧੋਬੀ ਦਾ ਪਾਤਰ ਵੀ ਰੰਗ ਮੰਚ ਤੇ ਨਹੀ ਆਉਂਦਾ ਤੇ ਉਹ ਆਪਦਾ ਫਰਜ਼ ਨਿਭਾਅ ਜਾਂਦਾ ਹੈ। ਸਾਰੇ ਕਿੱਸੇ ਵਿਚ ਅੱਤੇ ਦਾ ਪਾਤਰ ਸਭ ਤੋਂ ਸ੍ਰੇਸ਼ਟ, ਨੇਕ, ਫਰਜ਼-ਸ਼ਨਾਸ ਪਿਤਾ ਦੇ ਹਿਰਦੇ ਵਾਲਾ ਹੈ। ਧੀ ਦੀ ਖੁਸ਼ੀ ਨੂੰ ਆਪਣੀ ਖੁਸ਼ੀ ਸਮਝਣ ਵਾਲਾ ਹੈ। ਸ਼ਰੀਕਾ ਆਦਿ ਦੀ ਪਰਵਾਹ ਨਾ ਕਰਨ ਵਾਲਾ ਹੈ। ਉਹ ਇਕੋ ਇਕ ਦੇਵਤਾ ਸਰੂਪ ਪਾਤਰ ਹੈ।

**ਅੱਤੇ ਦੀ ਘਰਵਾਲੀ**

ਇਸ ਵਿਚ ਅਸਲ ਮਾਵਾਂ ਵਾਲਾ ਹਿਰਦਾ ਹੈ। ਉਹ ਸੱਸੀ ਨੂੰ ਆਪਣੀ ਕੁੱਖੋਂ ਜਨਮੀ ਧੀ ਵਾਂਗ ਪਾਲਦੀ ਤੇ ਪਿਆਰ ਕਰਦੀ ਹੈ। ਉਹ ਸੱਸੀ ਦੀ ਚੋਣ ਨਾਲ ਸਹਿਮਤ ਹੈ ਪਰ ਉਸਨੂੰ ਮਾਰੂਥਲ ਵੱਲ ਜਾਣ ਤੋਂ ਵਰਜਦੀ ਹੈ। ਉਹ ਸੱਸੀ ਨੂੰ ਦੁਨਿਆਵੀ ਗੱਲ ਸਮਝਾਉਂਦੀ ਹੱਲ ਸਮਝਾਉਂਦੀ ਹੈ ਕਿ ਹੋਤ ਉਸ ਨੂੰ ਧੋਬੀ ਦੀ ਜਾਂਈ ਸਮਝਕੇ ਛੱਡ ਗਏ ਹਨ। ਇਹ ਵੀ ਕਹਿੰਦੀ ਹੈ ਕਿ ਜੇਕਰ ਪੁੰਨੂੰ ਦਾ ਪਿਆਰ ਸੱਚਾ ਹੈ ਤਾਂ ਉਹ ਹੋਸ਼ ਆਉਣ ਪੁਰ ਆਪੇ ਤੇਰੇ ਵਲ ਪਰਤ ਆਵੇਗਾ, ਤੂੰ ਕਾਹਲੀ ਨਾ ਪੈ।

ਪਰ ਸੱਸੀ ਬਲੋਚਾਂ ਦੀ ਜਾਤ ਤੇ ਫਿਤਰਤ ਨੂੰ ਜਾਣਦੀ ਸੀ। ਉਸ ਨੂੰ ਵਿਸ਼ਵਾਸ ਸੀ ਕਿ ਹੋਤ ਪੁੰਨੂੰ ਨੂੰ ਨਹੀ ਛੱਡਣਗੇ ਅਤੇ ਵਾਪਸ ਨਹੀ ਪਰਤਣ ਦੇਣਗੇ। ਜਿਥੇ ਹੀਰ ਦੀ ਮਾਂ ਉਸ ਨਾਲ ਲੜਦੀ ਹੈ, ਉਸ ਨੂੰ ਬੁਰਾ ਭਲਾ ਕਹਿੰਦੀ ਹੈ, ਉੱਥੇ ਸੱਸੀ ਦੀ ਇਹ ਪਾਲਕ-ਮਾਂ ਉਸ ਨਾਲ ਹਮਦਰਦੀ ਕਰਦੀ ਹੈ। ਇਸ ਦੇ ਇਸ਼ਕ ਨੂੰ ਪਰਵਾਨ ਚੜ੍ਹਦਾ ਵੇਖਣਾ ਚਾਹੁੰਦੀ ਹੈ ਪਰ ਹੋਣੀ ਨੇ ਇਹ ਕੁਝ ਨਾ ਹੋਣ ਦਿੱਤਾ। ਅੱਤੇਵਾਂਗ ਉਸ ਦੀ ਬੀਵੀ ਤੇ ਸੱਸੀ ਦੀ ਪਾਲਕ -ਮਾਂ ਦਾ ਪਾਤਰ ਵੀ ਨੇਕ, ਹਮਦਰਦ, ਸਾਦਿਕ ਤੇ ਧੀ ਦੀ ਖੁਸ਼ੀ ਵਿਚ ਖੁਸ਼ ਰਹਿਣ ਵਾਲਾ ਹੈ। ਇਹ ਦੋਵੇਂ ਪਾਤਰ ਚੰਗੇ ਹਨ। ਜੇ ਸੱਸੀ ਮਾਂ ਦੀ ਗੱਲ ਮੰਨ ਲੈਂਦੀ ਤਾਂ ਸ਼ਾਇਦ ਇਹ ਦੁਖਾਂਤ ਸੁਖਾਂਤ ਵਿਚ ਬਦਲ ਜਾਂਦਾ।

**ਕਾਕਾ ਅੱਯਾਲੀ**

ਇਹ ਸਭ ਤੋਂ ਉੱਤਮ ਪਾਤਰ ਹੈ। ਇਹ ਇਕੋ ਇੱਕ ਪਾਤਰ ਹੈ ਜਿਸ ਨੂੰ ਸੱਸੀ ਦੀ ਪ੍ਰੀਤ ਨੇ ਪ੍ਰਭਾਵਿਤ ਕੀਤਾ। ਪਹਿਲਾਂ ਤਾਂ ਉਹ ਸੱਸੀ ਨੂੰ ਕੋਈ ਪਰਾ-ਮਨੁੱਖੀ ਵਿਅਕਤੀ ਸਮਝਦਾ ਹੈ ਜੋ ਸਿਖਰ ਦੁਪਹਿਰੇ ਮਾਰੂਥਲ ਵਿਚ ਇਸ ਤਰ੍ਹਾਂ ਖੁੱਲ੍ਹੇ ਵਾਲ ਪਰੇਸ਼ਾਨ ਹਾਲ ਵਿਚ ਫਿਰ ਰਹੀ ਸੀ। ਪਰ ਉਸ ਦੀਆਂ ਕੂਕਾਂ ਸੁਣਕੇ ਅੱਯਾਲੀ ਦਾ ਦਿਲ ਪਿਘਲ ਜਾਂਦਾ ਹੈ ਤੇ ਉਹ

ਉਸ ਵੱਲ ਨੱਠ ਉੱਠਦਾ ਹੈ। ਸੱਸੀ ਦੀ ਸੂਰਤ ਤੇ ਹਾਲ ਵੇਖਕੇ ਉਸ ਦਾ ਮਨ ਦ੍ਰਵਿਤ ਹੋ ਜਾਂਦਾ ਹੈ। ਉਹ ਘਰ ਬਾਰ ਛੱਡ ਕੇ ਸੱਸੀ ਦੀ ਕਬਰ ਉਪਰ ਮਜਾਵਰ ਬਣ ਬੈਠ ਜਾਂਦਾ ਹੈ। ਉਹ ਫਕੀਰ ਹੋ ਜਾਂਦਾ ਹੈ। ਪੁੰਨੂੰ ਨੂੰ ਵੀ ਸੱਸੀ ਦੇ ਅੰਤਮ ਸ਼ਬਦ ਸੁਣਾਉਂਦਾ ਹੈ। ਪੁੰਨੂੰ ਸੁਣਦੇ ਸਾਰ ਕਬਰ ਤੇ ਡਿੱਗ ਕੇ ਢੇਰੀ ਹੋ ਜਾਂਦਾ ਹੈ।

ਕਾਕਾ ਅਯਾਲੀ ਇਕੋ ਇਕ ਪਾਤਰ ਹੈ, ਜਿਸ ਨੇ ਸੱਸੀ ਦੀ ਸੱਚੀ ਪ੍ਰੀਤ ਨੂੰ ਅਸਲ ਗ੍ਰਹਿਣ ਕੀਤਾ। ਉਹ ਇਕ ਅਮਰ ਪ੍ਰੀਤ ਦਾ ਅੰਤਿਮ ਗਵਾਹ ਹੈ।

ਪੁਨੂੰ ਦੇ ਮਾਪੇ, ਸਾਧਾਰਨ ਸੰਸਾਰੀ ਰਿਸ਼ਤੇ ਹਨ, ਜੋ ਪੁੱਤਰ ਦਾ ਵਿਛੋੜਾ ਸਹਿਨ ਨਹੀ ਕਰ ਸਕਦੇ ਪਰ ਕੁਝ ਕਰਨ ਨੂੰ ਵੀ ਤਿਆਰ ਨਹੀਂ । ਸਮੁੱਚੇ ਤੌਰ ਤੇ ਹਾਸ਼ਮ ਨੇ ਪਾਤਰ ਚਿੱਤਰਣ ਉੱਤੇ ਜ਼ੋਰ ਨਹੀ ਦਿੱਤਾ ਜਿੰਨਾਂ ਸੱਸੀ ਦੀ ਪ੍ਰੀਤ ਦੇ ਪ੍ਰਭਾਵ ਨੂੰ ਉਘਾੜਨ ਤੇ ਦਿੱਤਾ ਹੈ। ਸੱਸੀ ਦਾ ਹੀ ਇਕੋ ਇਕ ਪਾਤਰ ਹੈ ਜਿਸ ਉੱਤੇ ਉਸ ਨੇ ਪੂਰਾ ਜ਼ੋਰ ਲਾਇਆ ਹੈ। g[Z T[ dk gk; / dk BkfJe (Side Hero) ਹੈ। ਅਸਲ ਵਿਚ ਸੱਸੀ ਹੀ ਹਾਸ਼ਮ ਦਾ ਨਾਇਕ ਹੈ।

ਹਾਸ਼ਮ ਨੇ ਪਾਤਰ ਚਿੱਤਰਣ ਨੂੰ ਅੰਗ ਚਿੱਤਰਣ ਵਿਚ ਨਹੀ ਬਦਲਿਆ। ਉਸ ਨੇ ਭਾਰਤੀ ਪਰੰਪਰਾ ਨੂੰ ਅਪਣਾਇਆ ਹੈ, ਈਰਾਨੀ ਪਾਤਰ-ਚਿੱਤਰਣ ਵੱਲ ਧਿਆਨ ਨਹੀ ਦਿੱਤਾ।

ਪਾਠ ਨੰਬਰ : 1.4

## ਸੱਸੀ-ਹਾਸ਼ਮ ਦੀ ਕਾਵਿ-ਕਲਾ

ਦਾਸਤਾਨ ਜਾਂ ਕਿੱਸਾ ਸੱਸੀ ਪੁੰਨੂੰ ਹਾਸ਼ਮ ਦੀ ਸ਼ਾਹਕਾਰ ਰਚਨਾ ਹੈ। ਉਸ ਦੀ ਕਾਵਿ-ਕਲਾ ਦਾ ਉੱਤਮ ਤੇਂ ਸਰਵ ਸ੍ਰੇਸ਼ਟ ਨਮੂਨਾ ਹੈ। ਪੀਲੂ ਦੀ 'ਸੱਦ ਮਿਰਜ਼ਾ ਸਾਹਿਬਾਂ' ਜਾਂ ਕਾਰਯਾਰ ਦੇ ਕਿੱਸੇ 'ਪੂਰਨ ਭਗਤ' ਤੋਂ ਬਿਨਾਂ ਸ਼ਾਇਦ ਹੀ ਕੋਈ ਅਜਿਹਾ ਕਿੱਸਾ ਹੋਵੇ, ਜਿਸ ਦਾ ਆਕਾਰ ਇੰਨਾ ਛੋਟਾ ਹੋਵੇ ਤੇ ਜਿਸ ਵਿਚ ਇਤਨੇ ਸੰਕੋਚ ਤੇ ਸੰਖੇਪ ਤੋਂ ਕੰਮ ਲਿਆ ਗਿਆ ਹੋਵੇ । ਸੱਸੀ ਹਾਸ਼ਮ ਦੇ ਕੁਲ 124 ਬੰਦ ਹਨ। ਹਰ ਬੰਦ ਦੀਆਂ ਚਾਰ ਚਾਰ ਤੁਕਾਂ ਹਨ। ਛੰਦ ਦਵੱਈਆ ਵਰਤਿਆ ਹੈ। ਇਸ ਤਰ੍ਹਾਂ ਕੁਲ 496 ਤੁਕਾਂ ਵਿਚ ਹਾਸ਼ਮ ਨੇ ਸਾਰੀ ਪ੍ਰੀਤ-ਕਥਾ ਨੂੰ ਪ੍ਰਭਾਵਸ਼ਾਲੀ ਸ਼ੈਲੀ ਵਿਚ ਬਿਆਨ ਕਰ ਦਿੱਤਾ ਹੈ। ਹਾਸ਼ਮ ਨਾ ਤਾਂ ਦਮੋਦਰ ਵਾਂਗ ਭਾਰਤੀ ਪਰੰਪਰਾ ਨੂੰ ਅਪਨਾ ਕੇ ਕਥਾ ਵਸਤੂ ਉੱਤੇ ਜ਼ੋਰ ਦਿੰਦਾ ਹੈ, ਤੇ ਨਾ ਵਾਰਿਸ ਵਾਂਗ ਵਸਤੂ-ਵਿਸਤਾਰ ਉੱਤੇ ਸਮਾਂ ਗੰਵਾਉਂਦਾ ਹੈ। ਉਹ ਨਾ ਪਾਤਰ ਚਿਤਰਣ ਨੂੰ ਹੀ ਮੁੱਖ ਕਾਰਜ ਸਮਝਦਾ ਹੈ, ਤੇ ਨਾ ਅੰਗ-ਚਿਤਰਣ ਦਾ ਸਵਾਦ ਲੈਂਦਾ ਹੈ। ਨਾ ਪਾਤਰਾਂ ਦਾ ਵਾਰਤਾਲਾਪ ਕਰਵਾਉਂਦਾ ਹੈ, ਤੇ ਨਾ ਅੰਵਾਈ ਬਹਿਸ, ਤਰਕਾਂ ਵਿਚ ਪੈਂਦਾਂ ਹੈ। ਉਸਦਾ ਕੇਵਲ ਇਕੋ ਇਕ ਨਿਸ਼ਾਲਾ ਤੇ ਟੀਚਾ ਹੈ, ਤੇ ਉਹ ਹੈ ਸੱਸੀ ਦੀ ਇਸ਼ਕ-ਅਗਨੀ ਨੂੰ ਮਚਾਣਾ ਤੇ ਉਹਦੇ ਸੇਕ ਦਾ ਪਾਠਕਾਂ ਨੂੰ ਅਨੁਭਵ ਕਰਵਾਉਂਣਾ। ਬਾਕੀ ਵਿਸਥਾਰ ਉਸ ਲਈ ਵਾਧੂ ਤੇ ਬੇਅਰਥ ਹੈ। ਉਹ ਇਤਿਹਾਸ ਦੀ ਵੀ ਬਹੁਤੀ ਪ੍ਰਵਾਹ ਨਹੀ ਕਰਦਾ। ਉਸ ਦਾ ਇਕੋ ਇਕ ਮੁਖ ਪਾਤਰ ਹੈ, ਉਹੀ ਨਾਇਕ ਤੇ ਉਹ ਹੀ ਉਸ ਦੀ ਨਾਇਕਾ ਤੇ ਉਹ ਹੈ 'ਸੱਸੀ' । ਸੱਸੀ ਦੇ ਪਾਤਰ ਦੇ ਸਾਹਮਣੇ ਉਸ ਦਾ ਪੁੰਨੂੰ ਪਾਤਰ ਵੀ ਕੋਈ ਖਾਸ ਨਹੀ ਉਘੜਦਾ। ਇਸ ਤਰ੍ਹਾਂ ਹਾਸ਼ਮ ਦੇ ਕਿੱਸੇ ਦਾ ਆਕਾਰ ਫਜ਼ੂਲ ਭੁਕਾਨੇ ਵਾਂਗ ਨਹੀ ਫੈਲਦਾ।

### ਸੱਸੀ ਦਾ ਬ੍ਰਿਰਤਾਂਤ ਅਥਵਾ ਕਥਾ-ਪ੍ਰਬੰਧ

ਹਾਸ਼ਮ ਵੱਖ-ਵੱਖ ਦ੍ਰਿਸ਼ਾ ਨੂੰ ਨਿਖੇੜਨ ਤੇ ਵੀ ਬਲ ਨਹੀ ਦਿੰਦਾ। ਨਾਟਕੀ ਅੰਦਾਜ਼ ਵਿਚ ਉਹ ਇਕ ਸੀਨ ਬਿਆਨ ਕਰਦਾ ਹੈ, ਪਰ ਝੱਟ ਹੀ ਅਗਲੇ ਬੰਦ ਵਿਚ ਦ੍ਰਿਸ਼ ਦਾ ਸਥਾਨ ਬਦਲ ਜਾਂਦਾ ਹੈ ਤੇ ਵਸਤੂ ਵਿਚਾਰ ਵੀ। ਇਸ ਤਰ੍ਹਾਂ ਉਹ ਸੀਨ ਦੀ ਬਦਲੀ ਵੇਲੇ ਨਾਟਕੀ ਵਿਧੀ ਦਾ ਪ੍ਰਯੋਗ ਕਰਦਾ ਹੈ। ਪਹਿਲੇ ਦੋ ਬੰਦਾਂ ਵਿਚ (ਜੋ ਇਕ ਪ੍ਰਕਾਰ ਦਾ ਮੰਗਲਾਚਰਨ ਹਨ) ਖੁਦਾਵੰਦ ਦੀ ਸਿਫ਼ਤ ਕਰਦਾ ਹੈ, ਜੋ ਮਾਲਕ ਮੁਲਖ ਮਲਕ ਦਾ ਹੈ ਤੇ ਸਾਰੀ ਰਚਨਾ ਦਾ ਸਿਰਜਣਹਾਰਾ ਹੈ ਅਗਲੇ ਬੰਦ ਵਿਚ ਉਹ ਕਿੱਸਾ ਲਿੱਖਣ ਦਾ ਕਾਰਣ ਦਸਦਾ ਹੈ। ਜੋ ਨਾ ਤਾਂ ਯਾਰਾਂ ਦੀ ਫਰਮਾਇਸ਼ ਤੇ ਲਿਖਿਆ ਗਿਆ ਤੇ ਨਾ ਕਹਾਣੀ ਨੂੰ ਨਵੇਂ ਸਿਰਿਉਂ ਪੇਸ਼ ਕਾਰਨ ਦੇ ਚਾਉਂ ਕਰਕੇ ਹੀ ਰਚਿਆਂ ਗਿਆ, ਸਗੋਂ ਹੋਤ ਸੱਸੀ ਦੇ ਇਸ਼ਕ ਦੀਆਂ ਬਾਤਾ ਸੁਣ ਸੁਣ ਕਵੀ ਦੇ ਹਿਰਦੇ ਵਿਚ ਕਿੱਸਾ-ਕਹਿਣ ਦਾ ਉਬਾਲ ਆਇਆ। ਅਗਲੇ ਚਾਰ ਬੰਦਾਂ ਵਿਚ ਉਹ ਭੰਬੋਰ ਸ਼ਹਿਰ ਤੇ ਉਸ ਦੇ ਵਲੀ ਆਦਮ ਜਾਮ ਦਾ ਹਾਲ ਦਿੰਦਾ ਹੈ ਤੇ ਫਿਰ ਅਗਲੇ ਤਿੰਨਾਂ ਬੰਦਾਂ ਵਿਚ ਸੱਸੀ ਦੇ ਜਨਮ ਦੀ ਹਕੀਕਤ ਬਿਆਨ ਕਰਦਾ ਹੈ। ਅਗਲੇ ਚਾਰ ਬੰਦ ਸੱਸੀ ਦੇ ਭਾਗਾਂ ਦੀ ਲੀਕ ਨੂੰ ਉਘਾੜਦੇ ਹਨ ਅਤੇ ਉਸ ਨੂੰ ਨਜ਼ੂਮੀਆਂ ਦੇ ਰਹਿਮ ਤੇ ਛੱਡਦੇ ਹਨ। ਕਹਾਣੀ ਦੇ ਆਰੰਭ ਦਾ ਮੁੱਢ ਬੱਝ ਜਾਂਦਾ ਹੈ ਤੇ ਸੱਸੀ ਨੂੰ ਦਰਿਆ ਬੁਰਦ ਕਰ ਦਿੱਤਾ ਜਾਂਦਾ ਹੈ। ਝੱਟ ਹੀ ਕਹਾਣੀ ਦਾ ਸਥਾਨ ਬਦਲ ਜਾਂਦਾ ਹੈ ਤੇ ਘਟਨਾ-ਸਥਾਨ ਅੱਤੇ ਧੋਬੀ ਦਾ ਘਰ ਬਣ ਜਾਂਦਾ ਹੈ। ਬਾਲਪਨ ਤੇ ਜੁਆਨੀ ਦਾ ਸਮੁੱਚਾ ਹਾਲ ਕੁਝ ਇਕ ਬੂੰਦਾਂ ਵਿਚ ਸਮਾਪਤ ਹੋ ਜਾਂਦਾ ਹੈ। ਫਿਰ ਇਕ ਨਵਾਂ ਮੋੜ ਆਉਂਦਾ ਹੈ। ਸੱਸੀ ਦੇ ਵਿਆਹ ਦੀਆਂ ਗੱਲਾਂ ਤੁਰਦੀਆਂ ਹਨ ਤੇ ਸ਼ਰੀਕ ਧੋਬੀ, ਜਾਮ ਨੂੰ ਸੱਸੀ ਦੀ ਸੁੰਦਰਤਾ ਬਾਰੇ ਦਸਕੇ ਉਸ ਨੂੰ 'ਘਰ ਪਾਉਣ' ਲਈ ਪ੍ਰੇਰਦੇ ਹਨ। ਅੱਤੇ ਨੂੰ ਬੁਲਾਇਆ ਜਾਂਦਾ ਹੈ। ਸੱਸੀ ਆਪਣਾ ਤਵੀਤ ਲਾਹ ਕੇ ਭੇਜਦੀ ਹੈ। ਬਸ ਆਦਮ ਜਾਮ ਸ਼ਰਮਿੰਦਾ ਹੋ ਕੇ ਰਹਿ ਜਾਂਦਾ ਹੈ ਤੇ ਸੱਸੀ ਧੀ ਨੂੰ ਵਾਪਿਸ ਘਰ ਆਉਣ ਲਈ ਅਖਵਾ ਭੇਜਦਾ ਹੈ। ਸੱਸੀ ਸਾਫ਼ ਜਵਾਬ ਦੇ ਦਿੰਦੀ ਹੈ। ਇਹ ਸਾਰਾ ਮੋੜ ਦੋ ਚਾਰ ਬੰਦਾਂ ਵਿਚ ਖਤਮ ਹੋ ਜਾਂਦਾ ਹੈ । ਕਹਾਣੀ ਦਾ ਤੀਜਾ ਭਾਗ ਸਮਾਪਤ ਹੁੰਦਾ ਹੈ ਤੇ ਮੁੱਖ ਹਿੱਸਾ ਸ਼ੁਰੂ ਹੁੰਦਾ ਹੈ। ਸੱਸੀ ਸੁਦਾਗਰ ਜਦਾਗਨੀ ਦੇ ਬਾਗ ਵਿਚ ਸਖੀਆਂ ਨਾਲ ਸੈਰ ਨੂੰ ਜਾਂਦੀ ਹੈ ਤੇ ਪੁੰਨੂੰ ਦੀ ਲੱਗੀ ਹੋਈ ਤਸਵੀਰ ਤੇ ਮੋਹਿਤ ਹੋ ਜਾਂਦੀ ਹੈ।ਇਹ ਗੱਲ ਕਹਾਣੀ ਦੀ ਮੁੱਖ ਘਟਨਾ ਦਾ ਮੂਲ ਕਾਰਨ ਬਣ ਜਾਂਦੀ ਹੈ। ਫਿਰ ਕੇਚ ਮਕਰਾਨ ਤੋਂ ਜਿਹੜਾ ਵੀ ਕਾਫਲਾ ਆਉਂਦਾ ਹੈ, ਉਸ ਨੂੰ ਕੈਦ ਕਰ ਲਿਆ ਜਾਂਦਾ ਹੈ। ਇਕ ਕਾਫਲੇ ਦੇ ਸਰਦਾਰ ਬਬਣ ਤੇ ਬਬੀਹਾ ਹਨ, ਉਨ੍ਹਾਂ ਨੂੰ ਰਿਹਾਈ ਤਾਂ ਹੀ ਮਿਲ ਸਕਦੀ ਹੈ, ਜੇਕਰ ਉਸ ਵਾਪਸ ਜਾ ਕੇ ਕੇਚ ਮਕਰਾਨ ਤੋਂ ਪੁੰਨੂੰ ਨਾਲ ਲੈ ਕੇ ਆਉਣ। ਉਹ ਵਾਪਸ ਜਾਂਦੇ ਹਨ। ਪੁੰਨੂੰ ਦੇ ਮਾਪੇ ਨਹੀ ਮੰਨਦੇ। ਬਬਣ ਤੇ ਬਬੀਹਾ ਪੁੰਨੂੰ ਕੋਲ ਜਾ ਕੇ ਸੱਸੀ

ਦੇ ਦਿਲ ਦੀ ਗੱਲ ਕਹਿੰਦੇ ਹਨ ਤੇ ਦੱਸਦੇ ਹਨ ਕਿ ਸੱਸੀ ਵੀ ਉਸ ਦੀ ਸੂਰਤ ਤੇ ਮੋਹਿਤ ਹੈ ਉਸ ਬਿਨਾਂ ਜ਼ਿੰਦਾ ਨਹੀ ਰਹਿ ਸਕਦੀ। ਇਸ ਤਰ੍ਹਾਂ ਪੁੰਨੂੰ ਦੇ ਮਨ ਵਿਚਲੀ ਇਸ਼ਕ ਦੀ ਅੱਗ ਨੂੰ ਹਵਾ ਦਿੰਦੇ ਹਨ। ਪੁੰਨੂੰ ਭੰਬੋਰ ਉੱਠ ਦੌੜਦਾ ਹੈ ਤੇ ਆ ਕੇ ਸੱਸੀ ਦੀਆਂ ਜ਼ੁਲਫ-ਜ਼ੰਜੀਰਾਂ ਤੇ ਬਾਹਾਂ ਦੀਆਂ ਬੇੜੀਆਂ ਵਿਚ ਕੈਦ ਹੋ ਜਾਂਦਾ ਹੈ। ਫਿਰ ਦੂਜਾ ਜਸ਼ਨ ਕੀਤਾ ਜਾਂਦਾ ਹੈ। ਕਰਵਾਨੀ ਵਾਪਸ ਕੇਚ ਮਕਰਾਨ ਜਾਂਦੇ ਹਨ ਤੇ ਉਥੋਂ ਪੁੰਨੂੰ ਦੇ ਭਰਾਵਾਂ ਨੂੰ ਲੈ ਕੇ ਆਉਂਦੇ ਹਨ। ਰਾਤ ਨੂੰ ਜਸ਼ਨ ਕੀਤਾ ਜਾਂਦਾ ਹੈ ਤੇ ਸੱਸੀ ਨੂੰ ਇਹ ਦਸਿਆ ਜਾਂਦਾ ਹੈ ਕਿ ਇਸ ਸ਼ਾਦੀ ਵਿਚ ਸਾਰੇ ਖੁਸ਼ ਹਨ। ਹੁਣ ਕਹਾਣੀ ਅੰਤਮ ਮੋੜ ਮੁੜਦੀ ਹੈ । ਭਰਾ ਰਾਤੀਂ ਤੇਜ਼ ਸ਼ਰਾਬ ਪਿਆ ਕੇ ਪੁੰਨੂੰ ਨੂੰ ਬੇਹੋਸ਼ ਕਰ ਦਿੰਦੇ ਹਨ ਤੇ ਅੱਧੀ ਰਾਤ ਨੂੰ ਊਠਣੀ ਦੇ ਕਚਾਵੇ ਵਿਚ ਪਾ ਕੇ ਕੇਚ ਮਕਰਾਨ ਨੂੰ ਨਿਕਲ ਦੌੜਦੇ ਹਨ।

ਸੱਸੀ ਜਾਗਦੀ ਹੈ ਪਰ ਉਸ ਦੇ ਭਰਾ ਜਾ ਚੁੱਕੇ ਹਨ। ਉਹ ਰੋਂਦੀ ਪਿਟਦੀ ਹੈ ਤੇ ਮਾਂ ਦੇ ਮਨ੍ਹਾਂ ਕਰਨ ਦੇ ਬਾਵਜੂਦ ਮਾਰੂਥਲ ਨੂੰ ਪੁੰਨੂੰ ਦੀ ਭਾਲ ਵਿਚ ਨਿਕਲ ਦੌੜਦੀ ਹੈ। ਕਹਾਣੀ ਦੇ ਤਿੰਨੇ ਹਿੱਸੇ ਖਤਮ ਹੋ ਜਾਂਦੇ ਹਨ। ਸਾਰੀ ਕਹਾਣੀ ਦਾ ਨਾਟਕੀ ਹਿੱਸਾ ਹੁਣ ਸ਼ੁਰੂ ਹੁੰਦਾ ਹੈ। ਇਹ ਘਟਨਾ ਸਥਾਨ ਮਾਰੂਥਲ ਹੈ। ਬਸ ਅੰਤਲੇ 25 ਬੰਦਾਂ ਵਿਚ ਕਹਾਣੀ ਸਿਖਰਾਲੀਆਂ ਮੰਜਲਾਂ ਤੇ ਤੁਰ ਕੇ ਦਖਾਂਤ ਤੇ ਜਾ ਪੁੱਜਦੀ ਹੈ । ਪੁੰਨੂੰ ਜਾਗਣ 'ਤੇ ਪਿਛਾਂਹ ਭੰਬੋਰ ਵਲ ਨੱਠਦਾ ਹੈ । ਮਾਰਥੂਲ ਲੰਘਣ ਲਗਿਆਂ ਇਕ ਤਾਜੀ ਕਬਰ ਨਜ਼ਰ ਆਉਂਦੀ ਹੈ ਕੋਲ ਅੱਯਾਲੀ ਫਕੀਰ ਬੈਠਾ ਹੈ । ਉਸ ਤੋਂ ਸਾਰਾ ਹਾਲ ਪੁੱਛਦਾ ਹੈ । ਅੰਤਲੇ ਦੋ ਬੰਦਾਂ ਵਿਚ ਪੁੰਨੂੰ ਸਾਰੀ ਗੱਲ ਸੁਣ ਕੇ ਕਬਰ ਤੇ ਡਿੱਗਦਾ ਹੈ ਤੇ ਢਹਿ ਢੇਰੀ ਹੋ ਜਾਂਦਾ ਹੈ । ਦੁਖਾਂਤ ਮੁਕੰਮਲ ਹੁੰਦਾ ਹੈ ਤੇ ਇਸ ਦੁਖਾਂਤ ਦੀ ਅਮਰ ਕਹਾਣੀ ਜੱਗ ਵਿਚ ਹਮੇਸ਼ਾ ਜ਼ਿੰਦਾ ਰਹਿਣ ਲਈ ਬਾਕੀ ਰਹਿ ਜਾਂਦੀ ਹੈ ।

**ਸੱਸੀ ਹਾਸ਼ਮ ਦਾ ਕਾਵਿ-ਪੱਖ**

ਹਾਸ਼ਮ ਦੀ ਕਾਵਿ-ਕਲਾ ਦਾ ਇਹ ਕਮਾਲ ਹੈ ਕਿ ਉਸ ਨੇ ਇਕ ਦਰਦਨਾਕ, ਮ੍ਰਿਤੂ-ਅੰਤ ਸੱਸੀ ਦੀ ਪ੍ਰੀਤ-ਕਹਾਣੀ ਨੂੰ ਇੰਨੇ ਸੰਜਮ ਸਹਿਤ 124 ਬੰਦਾਂ ਵਿਚ ਮੁਕਾ ਦਿੱਤੀ, ਜਿਸ ਦਾ ਡੂੰਘਾ ਪ੍ਰਭਾਵ ਪਾਠਕ ਦੇ ਦਿਲ ਤੇ ਪੈਂਦਾ ਹੈ । ਜ਼ਾਹਰਾ ਸਬੂਤ ਆਜੜੀ ਦਾ ਘਰ ਬਾਰ ਤਿਆਗ ਕੇ ਫਕੀਰ ਬਣ ਜਾਂਦਾ ਹੈ ਤੇ ਹਮੇਸ਼ਾਂ ਲਈ ਪ੍ਰੀਤ-ਜੋੜੇ ਦੀ ਸਦੀਵੀਂ ਯਾਦ ਦੀ ਨਿਸ਼ਾਨੀ, ਉਨ੍ਹਾਂ ਦੀ ਕਬਰ ਦਾ ਮੁਹਾਜਰ ਹੋ ਜਾਣਾ ਹੈ । ਕਹਾਣੀ ਦਾ ਇਹ ਛੋਟਾ ਆਕਾਰ ਨਾ ਤਾਂ ਕਥਾ-ਵਸਤੂ ਤੇ ਸੁਆਦ ਨੂੰ ਘਟਾਂਦਾ ਹੈ ,ਨਾ ਉਸ ਦੀ ਚਾਲ ਵਿਚ ਫਰਕ ਪੈਣ ਦਿੰਦਾ ਹੈ ਤੇ ਨਾ ਪਾਠਕ ਨੂੰ ਵਾਧੂ ਵਿਸਤਾਰ ਦੀਆਂ ਘੁੰਮਣ-ਘੇਰੀਆਂ ਵਿਚ ਫਸਾਂਦਾ ਹੈ, ਸਗੋਂ ਪਾਠਕ ਸੱਸੀ ਦੀ ਸ਼ਹਾਦਤੋਂ ਹੱਦੋਂ ਵੱਧ ਪ੍ਰਭਾਵਿਤ ਹੁੰਦਾ ਹੈ । ਇਹ ਸੰਕੋਚ ਹੀ ਹਾਸ਼ਮ ਦੀ ਕਾਵਿ-ਕਲਾ ਦੀ ਮੁੱਖ ਵਿਸ਼ੇਸ਼ਤਾਈ ਹੈ । ਕਵੀ ਆਪਣੇ ਨਿਸ਼ਾਨੇ ਤੋਂ ਨਹੀਂ ਉਕਦਾ । ਉਸ ਦਾ ਮੰਤਵ ਸੱਸੀ ਦੀ ਸੱਚੀ ਪ੍ਰੀਤ ਤੇ ਸ਼ਹਾਦਤ ਨੂੰ ਸਾਕਾਰ ਕਰਨਾ ਹੈ । ਇਸ ਮਨੋਰਥ ਵਿਚ ਉਹ ਕਾਫ਼ੀ ਹੱਦ ਤੱਕ ਸਫ਼ਲ ਹੋਇਆ । ਕਿੱਸੇ ਦੇ ਛੋਟੇ ਆਕਾਰ ਨੇ ਹੀ ਹਾਸ਼ਮ ਨੂੰ ਵੱਡਾ ਕਿੱਸਾ ਕਵੀ ਬਣਾਇਆ ਹੈ ।ਉਹ ਫ਼ਲ ਦੇ ਛਿਲਕਿਆ ਤੇ ਬਾਹਰਲੇ ਪਰਦਿਆਂ ਨੂੰ ਨਹੀਂ ਵਿਖਾਂਦਾ :ਸਿੱਧਾ ਗਿਰੀ ਕੱਢ ਕੇ ਪਾਠਕ ਦੇ ਹੱਥ ਫੜਾਉਂਦਾ ਹੈ ਪਾਠਕ ਉਸਨੂੰ ਵੇਖ ਕੇ, ਚਖਕੇ ਆਨੰਦਤ ਹੋ ਜਾਂਦਾ ਹੈ । ਉਹ ਹਾਸ਼ਮ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਕਵੀ ਦਾ ਸ਼ਰਧਾਲੂ ਬਣ ਜਾਂਦਾ ਹੈ । ਸ਼ਾਇਦ ਹੀ ਕਿਸੇ ਹੋਰ ਕਿੱਸਾ-ਕਾਵਿ ਨੂੰ ਅਜਿਹੀ ਕਾਵਿ-ਕਲਾ ਨਸੀਬ ਹੋਈ ਹੋਵੇ । ਕਿੱਸੇ ਨੂੰ ਆਪਣੀਆਂ ਅੰਦਰਲੀਆਂ ਸੀਮਾਵਾਂ ਅੰਦਰ ਰਖਣਾ ਕਵੀ ਦਾ ਕਮਾਲ ਹੈ । ਹੁਣ ਅਸੀਂ ਹਾਸ਼ਮ ਦੀ ਕਾਵਿ ਕਲਾ ਦੀਆਂ ਦੂਜੀਆਂ ਵਿਸ਼ੇਸ਼ਤਾਈਆਂ ਦਾ ਵਿਸ਼ਲੇਸ਼ਣ ਕਰਦੇ ਹਾਂ ।

**ਸੱਸੀ ਅਲੋਚਕਾਂ ਦੀ ਨਜ਼ਰ ਵਿਚ**

ਕਿੱਸਾ ਸੱਸੀ-ਪੁੰਨੂੰ ਹਾਸ਼ਮ ਦਾ ਸ਼ਾਹਕਾਰ ਹੈ । ਡਾ ਮੋਹਨ ਸਿੰਘ ਹਾਸ਼ਮ ਨੂੰ ਇਕ ਪਰਿਪੱਕ, ਨਿਪੁੰਨ, ਸਰੋਦੀ ਤੇ ਵਿਅਕਤੀ-ਵਾਦੀ ਕਿੱਸਾਕਾਰ ਮੰਨਦੇ ਹਨ । ਲਾਜਵੰਤੀ ਰਾਮਾ ਕ੍ਰਿਸ਼ਨਾ ਹਾਸ਼ਮ ਨੂੰ ਇਕ ਮਹਾਨ ਸੂਫੀ ਕਵੀ ਕਹਿੰਦੀ ਹੈ, ਜਿਸ ਨੇ ਕਦੀ ਫਕੀਰੀ ਜਾਂ ਪੀਰੀ ਦਾ ਦਾਅਵਾ ਨਹੀਂ ਕੀਤਾ ਪਰ ਉਹ ਕਿੱਸਾ-ਗੋਈ ਦਾ ਨਿਰਸੰਦੇਹ ਪੀਰ ਹੈ । (1) ਲਾਜਵੰਤੀ ਦੇ ਕਥਨ ਅਨੁਸਾਰ ਹਾਸ਼ਮ ਦਾ ਕਿੱਸਾ ਸੱਸੀ ਪੁੰਨੂੰ ਤੇ ਉਸ ਦੇ ਦੋਹੜੇ ਕਵੀ ਦਾ ਸ਼ਾਹਕਾਰ ਹਨ । (2) ਭਾਵੁਕਤਾ, ਸਪੱਸ਼ਟਤਾ, ਸੰਖਿਪਤਾ ਕਰਕੇ 'ਸੱਸੀ ਹਾਸ਼ਮ' ਇਕ ਸਰਵ ਸ੍ਰੇਸ਼ਟ ਕਾਵਿ ਰਚਨਾ ਹੈ । ਇਸ ਕਰਕੇ ਕਿੱਸੇ ਨੂੰ ਬੜੀ ਭਾਰੀ ਪ੍ਰਸਿੱਧੀ ਪ੍ਰਾਪਤ ਹੋਈ ।

ਡਾ਼ ਅਤਰ ਸਿੰਘ ਹਾਸ਼ਮ ਦੇ ਕਿੱਸੇ ਸੱਸੀ ਪੁੰਨੂੰ ਨੂੰ ਇਕ ਮਹੱਤਵਪੂਰਨ ਕਾਵਿ-ਰਚਨਾ ਮੰਨਦੇ ਹਨ । ਉਨ੍ਹਾਂ ਦੇ ਖਿਆਲ ਮੁਤਾਬਿਕ 'ਕਹਾਣੀ ਸੁਨਾਉਣਾ' ਹਾਸ਼ਮ ਦੀ ਕਲਾ ਨਹੀ : ਉਹ ਕੇਵਲ ਨਾਇਕਾ ਦੇ ਪ੍ਰੀਤ-ਭਾਵਾਂ ਨੂੰ ਹੋਣੀ ਦੇ

ਵਿਰੁੱਧ ਦੁਖਾਂਤਮਈ ਡੂੰਘਾਈ ਦੇ ਭਾਵੁਕ ਤੀਬਰਤਾ ਸਹਿਤ ਪ੍ਰਗਟ ਕਰਨ ਵਿਚ ਮਾਹਿਰ ਹੈ । ਇਹੋ ਹੀ ਕਵੀ ਦੀ ਕਿੱਸਾ-ਕਲਾ ਦਾ ਸਰਵੋਤਮ ਗੁਣ ਹੈ ।

ਡਾ਼ ਐਸ. ਐਸ. ਕੋਹਲੀ ਹਾਸ਼ਮ ਨੂੰ ਸਿੱਖ ਕਾਲ ਦਾ ਸਭ ਤੋਂ ਚੰਗਾ ਤੇ ਪ੍ਰਤਿਨਿਧ ਵੀ ਕਹਿੰਦੇ ਹਨ । ਬੋਲੀ ਨੂੰ ਮੁੱਖ ਰਖਦਿਆਂ ਉਹ ਵਧੇਰੇ ਉਨ੍ਹੀਵੀ ਸਦੀ ਦਾ ਕਵੀ ਜਾਪਦਾ ਹੈ, ਜਿਵੇਂ ਵਾਰਿਸ਼ ਸ਼ਾਹ ਦੀ ਹੀਰ ਸਭ ਕਿੱਸਿਆਂ ਦੀ ਸਰਦਾਰ ਹੈ ,ਇਵੇਂ ਹੀ ਹਾਸ਼ਮ ਦੇ ਸੱਸੀ ਵਲਵਲੇ ਅਤੇ ਸੋਜ਼ ਨਾਲ ਭਰੀ ਹੋਈ ਹੈ ਅਤੇ ਕਵੀ ਦੀ ਤਪਦੀ ਰੂਹ ਦੀ ਲਖਾਇਕ ਹੋਣ ਕਰਕੇ ਆਪਣੀ ਕਿਸਮ ਦੀਆਂ ਸਭ ਰਚਨਾਵਾਂ ਤੋਂ ਸਿਰਕੱਢ ਹੈ । ਜੇ ਹਾਸ਼ਮ ਆਪਣੀ ਲਿਖਣ ਸ਼ੈਲੀ ਨਾਲ ਵਾਰਿਸ ਦਾ ਲਿਖਣ ਢੰਗ ਵਰਤਦਾ ਤਾਂ ਉਹਨੂੰ ਰਤੀ ਭਰ ਕਾਮਯਾਬੀ ਨਾ ਹੁੰਦੀ । ਹਾਸ਼ਮ ਦੀ ਕਾਵਿ-ਸੈਲੀ ਦੀ ਨਕਲ ਕੋਈ ਕਵੀ ਵੀ ਚੰਗੀ ਤਰ੍ਹਾਂ ਨਹੀਂ ਕਰ ਸਕਿਆ ।

ਮੌਲਾ ਬਖਸ਼ ਕੁਸ਼ਤਾ ਹਾਸ਼ਮ ਦੀ ਕਾਵਿ-ਕਲਾ ਬਾਰੇ ਲਿਖਦਾ ਹੈ ਕਿ ਹਾਸ਼ਮ ਉਰਦੂ ਹਿੰਦੀ ਤੇ ਪੰਜਾਬੀ ਵਿਚ ਸ਼ਿਅਰ ਲਿਖਦੇ ਰਹੇ । ਅਰੂਜ਼ (ਪਿੰਗਲ) ਤਿੱਬ (ਹਿਕਮਤ) ਤੇ ਰਮਲ (ਨਜੂਮ) ਦੇ ਚੰਗੇ ਜਾਣੂ ਸਨ । ਤਬੀਅਤ ਵਿਚ ਸ਼ੇਖੀ ਸ਼ਿਆਰਾਂ ਵਿਚ ਰਵਾਨੀ, ਸੋਜ, ਤੜਪ,ਰਸ ਤੇ ਲੋਚ ਅਤੇ ਖਿਆਲਾਂ ਵਿਚ ਉਡਾਰੀ ਢੇਰ ਸੀ । ਤਸ਼ਬੀਹਾਂ (ਉਪਾਮਾਵਾਂ) ਮੁਹਾਵਰੇ ਤੇ ਇਸ਼ਤਿਆਰੇ (ਰੂਪਕ) ਬੜੇ ਸੋਹਣੇ, ਜਚਵੇਂ, ਵਰਤੇ ਹਨ ।

ਅਬਦੁਲ ਗਫੂਰ ਕੁਰੈਸ਼ੀ ਦੇ ਕਥਨ ਅਨੁਸਾਰ 'ਹਾਸ਼ਮ ਪੰਜਾਬੀ ਅਰੂਜ (ਪਿੰਗਲ) ਤੋਂ ਵਾਕਿਫ ਸਨ ਆਪ ਨੇ ਵੱਖੋ ਵੱਖਰੇ ਵਜ਼ਨਾਂ ਤੇ ਬਹਿਰਾਂ ਵਿਚ ਬੈਂਤ ਲਿਖੇ, ਜਿਨ੍ਹਾਂ ਵਿਚ ਬੰਦਸ਼ ਦੀ ਖੂਬੀ ਨੂੰ ਸਾਹਮਣੇ ਰੱਖਿਆ । ਕਵਿਤਾ ਵਿਚ ਖਿਆਲ ਉਡਾਰੀ ਮਜ਼ਮੂਨ ਦੀ ਬੰਦਸ਼ ਚੰਗੀ ਨਿਭਾਈ ਹੈ । ਬੋਲੀ, ਬੜੀ ਠੇਠ, ਮਿੱਠੀ ਤੇ ਰਸੀਲੀ ਏ । ਖ਼ਿਆਲਾਤ ਸੂਫੀਆਨਾ ਹਨ । ਤਬੀਅਤ ਵਿਚ ਸ਼ੋਖੀ, ਤਸ਼ਬੀਹਾਂ, ਮੁਹਾਵਰੇ, ਇਸ਼ਤਿਹਾਰੇ ਬੜੇ ਸੋਹਣੇ ਵਰਤੇ ।ਹਾਸ਼ਮ ਇਕ ਚੰਗੇ ਮੁਸੱਵਰ ਵਾਂਗੂੰ ਦੁੱਖ ਦਰਦ ਦੀਆਂ ਤਸਵੀਰਾਂ ਵਿਖਾਉਂਦਾ ਹੈ । 'ਦਰਦ ਤੇ ਸੋਜਜ਼ ਉਨ੍ਹਾਂ ਨੂੰ ਬੇਹੱਦ ਪਸੰਦ ਨੇ ।'[4]

ਆਈ ਸੈਰੇਬਰੀਯਾਕੋਵ ਦੀ ਖੋਜ ਅਨੁਸਾਰ 'ਹਾਸ਼ਮ ਉੱਚ ਕੋਟੀ ਦਾ ਵਿਦਵਾਨ ਸੀ, ਜਿਸ ਨੂੰ ਅਰਬੀ, ਫਾਰਸੀ,ਹਿੰਦੀ ਭਾਸ਼ਾਵਾਂ ਉਪਰ ਵੀ ਮੁਹਾਰਤ ਹਾਸਲ ਸੀ । ਬਤੌਰ ਸੂਫ਼ੀ ਕਵੀ ਦੇ ਉਸ ਨੇ ਰਹੱਸਮਈ ਪ੍ਰੀਤ, ਪ੍ਰਭੂ ਪਿਆਰਭਾਵ ਇਸ਼ਕ ਹਕੀਕੀ ਵਲ ਵਿਸ਼ੇਸ਼ ਧਿਆਨ ਦਿੱਤਾ ।ਨਾਇਕ ਦਾ ਪਾਤਰ ਪੇਸ਼ਕਰਨ ਵਿਚ ਹਾਸ਼ਮ ਪਹਿਲੇ ਕਿੱਸਾਕਾਰਾਂ ਨਾਲੋਂ ਵਧੇਰੇ ਸਫ਼ਲ ਹੋਇਆ ਹੈ । ਉਹ ਆਪਣੇ ਪਾਤਰਾਂ ਦੀ ਭਾਵੁਕ ਜ਼ਿੰਦਗੀ ਵਿਚ ਵਧੇਰੇ ਦਿਲਚਸਪੀ ਵਿਖਾਉਂਦਾ ਹੈ ਅਤੇ ਉਨ੍ਹਾਂ ਦੇ ਹਾਵਾਂ ਭਾਵਾਂ ਵਿਚ ਸ਼ਰੀਕ ਹੁੰਦਾ ਹੈ ।ਸਰੇਬਰੀਯਾਕੋਵ ਦੇ ਕਥਨ ਮੁਤਾਬਕ 'ਹਾਸ਼ਮ ਪਹਿਲਾ ਕਵੀ ਹੈ ਜਿਸ ਨੇ ਨਇਕ ਦੇ ਅੰਤ੍ਰੀਵ ਅਧਿਆਤਮਕ ਜੀਵਨ ਨੂੰ ਆਪਣੀ ਕਾਵਿ-ਰਚਨਾ ਦਾ ਮੁੱਖ ਵਿਸ਼ਾ ਬਣਾਇਆ । ਇਸ ਲਈ ਉਸ ਨੇ ਸਾਰੇ ਛੋਟੇ ਵੱਡੇ ਵਿਸਥਾਰ ਕਥਾ ਵਸਤੂ ਵਿਚੋਂ ਕੱਢ ਦਿੱਤੇ । ਇਸ ਤਰ੍ਹਾਂ ਹਾਸ਼ਮ ਨੇ ਕਿੱਸਾ-ਪੇਸ਼ਕਾਰੀ ਵਿਚ ਨਵੀਆਂ ਲੀਹਾਂ ਪਾਈਆਂ ਤੇ ਲਵਾਂ ਮਾਰਗ ਵਿਖਾਇਆ ।[5]

ਬਾਵਾ ਬੁਧ ਸਿੰਘ, 'ਬਬੀਹਾ ਬੋਲ' ਵਿਚ ਲਿਖਦੇ ਹਨ ਕਿ 'ਹਾਸ਼ਮ ਨੇ ਸੱਸੀ ਕਾਹਦੀ ਲਿਖੀ ਘਰ ਘਰ ਬ੍ਰਿਹੋਂ ਦਾ ਮੁਆਤਾਲਾ ਦਿੱਤਾ, ਮਾਰੂਥਲ ਜਗਮਗ-ਜਗਮਗ ਕਰ ਦਿੱਤਾ । ਇਸ ਤਰ੍ਹਾਂ ਸਪਸ਼ਟ ਹੋ ਗਿਆ ਕਿ ਹਾਸ਼ਮ ਦੀ ਸੱਸੀ ਨਾ ਕੇਵਲ ਕਵੀ ਦਾ ਸ਼ਾਹਕਾਰ ਹੈ ਸਗੋਂ ਪੰਜਾਬੀ ਕਾਵਿ ਦੀ ਮਹਾਨ ਤੇ ਅਦੁੱਤੀ ਪੇਸ਼ਕਾਰੀ ਹੈ । ਜਿਵੇਂ ਵਾਰਿਸ਼ 'ਹੀਰ' ਕਰਕੇ, ਪੀਲੂ 'ਸੱਦ' ਕਰਕੇ ਅਤੇ ਫ਼ਜਲਸ਼ਾਹ 'ਸੋਹਣੀ' ਕਰਕੇ ਪ੍ਰਸਿੱਧ ਹੋਏ । ਹਾਸ਼ਮ ਦੀ ਸ਼ੁਹਰਤ ਦਾ ਕਾਰਨ ਉਸ ਦਾ 'ਸੱਸੀ ਪੁੰਨੂੰ' ਹੈ ।[6]

**ਸੱਸੀ ਹਾਸ਼ਮ ਵਿਚ ਵਰਤੀ ਗਈ ਭਾਸ਼ਾ**

ਪੰਜਾਬੀ ਕਿੱਸਾਕਾਰ ਈਰਾਨੀ ਤੇ ਮੁਸਲਮਾਨੀ ਪਰੰਪਰਾ ਅਧੀਨ ਵਿਕਸਿਤ ਹੋਈ ਸੀ। ਮੁਸਲਮਾਨ ਕਵੀ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਤੋਂ ਭਲੀ ਪ੍ਰਕਾਰ ਜਾਣੂ ਸਨ, ਭਾਵੇਂ ਮੁਸਲਮਾਨ ਕਿੱਸਾਕਾਰਾਂ ਤੇ ਸੂਫ਼ੀ ਕਾਵਿਆਂ ਤੇ ਅਰਬੀ ਫ਼ਾਰਸੀ ਤਤਸਮ ਸ਼ਬਦਾਂ ਦੀ ਥਾਂ ਤਦਭਵ ਰੂਪਾਂ ਦਾ ਵਧੇਰੇ ਪ੍ਰਯੋਗ ਕੀਤਾ ਹੈ, ਕਿਉਂਕਿ ਉਹ ਲੋਕਾਂ ਦੇ ਨੇੜੇ ਰਹਿਣਾ ਚਾਹੁੰਦੇ ਸਨ ਤੇ ਇਸ ਪ੍ਰਯੋਜਨ ਲਈ ਲੋਕ-ਭਾਸ਼ਾ ਤੇ 'ਲੋਕ-ਸ਼ਬਦਾਵਲੀ ਤੇ ਮੁਹਾਵਰੇ ਦੀ ਵਰਤੋਂ ਹੀ ਉਚਿਤ ਹੈ । ਪੰਜਾਬੀ ਵਿਚ ' ਮੱਧਕਾਲ ਤੇ ਉੱਤਰ ਨਾਨਕ ਕਾਲ ਵਿਚ ਵੀ ਲਹਿੰਦੀ ਪ੍ਰਧਾਨ ਰਹੀ ਹੈ ।ਇਸ ਲਈ ਹਰ ਸ਼੍ਰੋਮਣੀ ਕਵੀ ਦੀ ਭਾਸ਼ਾ ਵਿਚ ਲਹਿੰਦੀ ਦਾ ਪ੍ਰਤੱਖ ਭਾਵ ਮਿਲਦਾ ਹੈ ।

ਹਾਸ਼ਮ ਕੇਂਦਰੀ ਪੰਜਾਬ ਦਾ, ਉਹ ਵੀ ਰਾਵੀ ਤੋਂ ਇਸ ਪਾਰ ਦਾ ਵਸਨੀਕ ਸੀ । ਉਸ ਦੀ ਮਾਤ-ਬੋਲੀ ਵੀ ਕੇਂਦਰੀ ਪੰਜਾਬੀ ਸੀ । ਇਸ ਲਈ ਉਸ ਨੇ ਕੇਂਦਰੀ ਅਰਥਾਤ ਟਕਸਾਲੀ ਪੰਜਾਬੀ ਦਾ ਹੀ ਪ੍ਰਯੋਗ ਕੀਤਾ ਹੈ । ਹਾਂ, ਕਈ

ਥਾਂ ਉਹ ਲਹਿੰਦੀ ਦੀਆਂ ਕ੍ਰਿਆਵਾਂ ਅਤੇ ਫ਼ਾਰਸੀ-ਅਰਬੀ ਸ਼ਬਦਾਵਲੀ ਵਰਤਦਾ ਹੈ । ਇਹ ਸਮੁੱਚੇ ਮੱਧ-ਕਾਲੀ ਸਾਹਿਤ ਦੀ ਵਿਸ਼ੇਸ਼ਤਾਈ ਸੀ। ਹਾਸ਼ਮ ਦੀ ਬੋਲੀ ਠੇਠ ਪੰਜਾਬੀ ਹੈ । ਉਸਨੇ ਕਈ ਨਵੇਂ ਸ਼ਬਦ ਘੜੇ ਤੇ ਸਮਾਸ ਬਣਾਏ ਹਨ ਪਰ ਉਸ ਨੇ ਪੰਜਾਬੀ ਵਿਆਕਰਣਿਕ ਰੂਪਾਂ ਵਲ ਵਧੇਰੇ ਧਿਆਨ ਦਿੱਤਾ ਹੈ ਕਈ ਥਾਂ ਹਿੰਦੀ ਰੂਪਾਂ ਦਾ ਵੀ ਪ੍ਰਯੋਗ ਕੀਤਾ ਹੈ, ਜਿਵੇਂ ਮ੍ਰਿਗ, ਦੋਸ਼, ਪਰਿਵਾਰ ਸਿਧਾਈ, ਜਲ ਪ੍ਰੀਤ, ਸੰਪੂਰਨ, ਬਰਹੋਂ, ਸਾਂਗ, ਸੰਗ ਆਦਿ ।

ਹਾਸ਼ਮ ਪੰਜਾਬੀ ਮੁਹਾਵਰੇ ਦਾ ਵੀ ਉਸਤਾਦ ਹੈ । ਉਸ ਦੀ ਭਾਸ਼ਾ ਸ਼ਾਹ ਹੁਸੈਨ ਤੇ ਪੀਲੂ ਵਾਂਗ ਬਾ-ਮੁਹਾਵਰਾ ਤੇ ਠੇਠ ਪੰਜਾਬੀ ਹੈ । ਹਾਸ਼ਮ ਦੀ ਸ਼ਬਦ-ਚੋਣ ਢੁਕਵੀਂ ਤੇ ਜਚਵੀਂ ਤੁਲਵੀਂ ਹੈ । ਬਿਆਨ ਵਾਂਗ ਉਹ ਸ਼ਬਦ-ਵਰਤੋਂ ਵਿਚ ਵੀ ਸੰਕੋਚ ਤੇ ਸੰਜਮ ਤੋਂ ਕੰਮ ਲੈਂਦਾ ਹੈ ਕੋਈ ਵਾਧੂ ਜਾਂ ਦੋਹਰਾ ਸ਼ਬਦ ਨਹੀ ਵਰਤਦਾ। ਸ਼ਬਦਾ ਦੇ ਪ੍ਰਯੋਗ ਸਮੇਂ ਨਾਲ ਮੇਲ ਖਾਂਦਾ ਹੈ। ਸ਼ਬਦਾ ਦੀ ਸੁਚੱਜੀ ਚੋਣ ਤੇ ਗੂੜ੍ਹੇ ਰੰਗਾਂ ਨਾਲ ਉਹ ਲੋੜੀਂਦਾ ਵਾਤਾਵਰਣ ਪੈਦਾ ਕਰ ਲੈਂਦਾ ਹੈ। ਪ੍ਰਭਾਵ ਨੂੰ ਡੂੰਘਾ ਕਰਨ ਲਈ ਉਹ ਸ਼ਬਦ-ਚਿਤਰਾਂ ਤੇ ਮਿਥਿਹਾਸਕ ਸੰਕੇਤ ਦਾ ਸਫਲ ਪ੍ਰਯੋਗ ਕਰਦਾ ਹੈ :

ਪਾਇ ਸੰਦੂਕ ਰੁੜ੍ਹਾਈ ਸੱਸੀ  
ਨੂਹ ਤੂਫਾਨ ਵਗੇਦਾਂ ।  
ਬਾਸ਼ਕ ਨਾਗ ਨਾ ਹਾਥ ਲਿਆਵੇ  
ਧੌਲ ਪਨਾਹ ਮੰਗੇਂਦਾ ।  
ਪਾਰ ਉਰਾਰ ਬਲਾਈਂ ਭਰਿਆ  
ਦਾਨੋਂ ਦੇਉ ਡਰੇਂਦਾ।  
ਹੀਸ਼ਮ ਵੇਖ ਨਸੀਬ ਸੱਸੀ ਦੇ  
ਕੀ ਕੁਝ ਹੋਰ ਕਰੇਂਦਾ।

'ਹਾਸ਼ਮ ਸ਼ਾਹ ਤੇ ਕਿੱਸਾ ਸੱਸੀ ਪੁੰਨੂੰ (ਪੰਨਾ 33-77) ਵਿਚ ਐਸ. ਐਸ. ਅਮੋਲ ਲਿਖਦੇ ਹਨ ਕਿ ਹਾਸ਼ਮ ਦੀ ਭਾਸ਼ਾ ਸ਼ਾਹ ਹੁਸੈਨ ਦੇ ਰੰਗ ਵਾਲੀ ਹੈ, ਜਿਸ ਚੋਂ ਪਿਆਰ ਤੇ ਰਸ ਡੁੱਲ੍ਹ ਡੁੱਲ੍ਹ ਪੈਂਦਾ ਹੈ। ਹਾਸ਼ਮ ਸ਼ਾਹ ਉਸੇ ਪੱਧਰ ਦੀ ਬੋਲੀ ਵਰਤਦਾ ਹੈ, ਜਿਹੜੀ ਸ਼ਾਹ ਹੁਸੈਨ ਤੇ ਬੁਲ੍ਹੇ ਦੀਆਂ ਕਾਫ਼ੀਆ ਵਿਚ ਮਿਲਦੀ ਹੈ।

ਹਾਸ਼ਮ ਨੇ ਬੋਲੀ ਵਿਚ ਸੰਜਮ ਸੰਕੋਚ ਤੇ ਸੰਖੇਪ ਦਾ ਪੱਲਾ ਨਹੀਂ ਛੱਡਿਆ । ਉਹ ਸ਼ਬਦਾਂ ਨੂੰ ਤੋਲ ਮਿਣ ਕੇ ਗਿਣਕੇ ਵਰਤਦਾ ਜਾਪਦਾ ਹੈ । ਉਸ ਦਾ ਮੰਤਵ ਭਾਵਾਂ ਨੂੰ ਸਪੱਸ਼ਟ ਕਰਨਾ ਹੈ ਪ੍ਰਭਾਵ ਉਜਾਗਰ ਕਰਨ ਲਈ ਉਹ ਅਲੰਕਾਰਾਂ, ਉਪਮਾਵਾਂ, ਸ਼ਬਦ-ਚਿਤ੍ਰਾਂ, ਦ੍ਰਿਸ਼-ਚਿਤ੍ਰਾਂ, ਪ੍ਰਕਿਰਿਤੀ-ਚਿਤ੍ਰਾਂ ਮੁਹਾਵਰਿਆਂ ਤੇ ਅਖਾਣਾਂ ਦਾ ਸਫ਼ਲ ਪ੍ਰਯੋਗ ਕਰਦਾ ਹੈ । ਵਾਰਿਸ ਵਾਂਗ ਹਾਸ਼ਮ ਦੇ ਹਰ ਬੰਦ ਦੀ ਅੰਤਲੀ ਤੁਕ ਕਿਸੇ ਅਟੱਲ ਸਚਾਈ ਦੀ ਸੂਚਕ ਹੁੰਦੀ ਹੈ ।

ਜਾਪਦਾ ਹੈ ਹਾਸ਼ਮ ਨੇ ਕਿੱਸਾ ਸੱਸੀ ਪੁੰਨੂੰ ਕੇਵਲ ਆਪਣੇ ਸੱਚੇ ਸੁੱਚੇ ਇਸ਼ਕ, ਸੋਜ਼ ਬ੍ਰਿਹਾ, ਤੜਪ ਦੇ ਭਾਵਾਂ ਨੂੰ ਪ੍ਰਗਟਾਉਣ ਲਈ ਰਚਿਆ ਸੀ । ਇਹ ਸੋਕ ਪਾਠਕ ਉਸ ਦੇ ਬੰਦਾਂ ਵਿਚ ਮਹਿਸੂਸ ਕਰਦਾ ਹੈ ।

**ਹਾਸ਼ਮ ਦੀ ਸੱਸੀ ਦਾ ਛੰਦ ਵਿਧਾਨ :**

ਸਭ ਤੋਂ ਪਹਿਲਾਂ ਦਮੋਦਰ ਨੇ ਕਿੱਸਾ 'ਹੀਰ-ਰਾਂਝਾ' ਵਿਚ ਦਵੱਈਆ ਛੰਦ ਵਰਤਿਆ ਹੈ । ਇਹ ਨਿਰੋਲ ਭਾਰਤੀ ਤਥਾ ਪੰਜਾਬੀ ਛੰਦ ਹੈ । ਹਾਸ਼ਮ ਦਾ ਵੀ ਮਨਭਾਉਂਦਾ ਦਵੱਈਆ ਹੀ ਹੈ । ਇਸ ਛੰਦ ਦੇ ਦੋ ਰੂਪ ਹਨ । ਇੱਕ 28 ਮਾਤਰਾਂ ਦਾ, ਚਾਰ ਤੁਕਾਂ, ਪਹਿਲਾਂ ਵਿਸਰਾਮ 16 ਮਾਤਰਾਂ ਅਤੇ ਦੂਜਾ 12 ਉੱਤੇ, ਅੰਤ ਦੋ ਗੁਰੂ ਆਉਣਗੇ ਜਿਵੇਂ :

| | | |
|---|---|---|
| ਥਲ ਮਾਰੂ ਤਪ ਦੋਜ਼ਖ ਹੋਯਾ | – | 16 ਮਾਤਰਾ |
| ਆਤਿਸ਼ ਸੋਜ਼ ਹਿਜਰ ਦੀ | – | 12 ਮਾਤਰਾ |
| ਮੁੜਨ ਮੁਹਾਲ ਵਿਖਾਵਣ ਔਖੀ | – | 16 ਮਾਤਰਾ |
| ਸੂਰਤ ਕੇਚ ਸ਼ਹਿਰ ਦੀ | – | 12 ਮਾਤਰਾ |

ਦਵੱਈਏ ਦੀ ਤੁਕ ਦੇ ਅੰਤ ਬਾਰੇ ਵੀ ਦੋ ਰੂਪ ਹਨ । ਇੱਕ ਰੂਪ ਤਾਂ ਅਸੀਂ ਉਪਰ ਦੇ ਆਏ ਹਾਂ, ਜਿਸ ਦੇ ਅੰਤ ਉੱਤੇ ਇਕ ਗੁਰੂ ਆਵੇ (ਜਿਵੇਂ ਦੀ) ਦੂਜਾ ਰੂਪ ਹੈ ਤੁਕ ਦੇ ਅੰਤ ਉੱਤੇ ਦੋ ਗੁਰੂ-ਆਉਣ, ਜਿਵੇਂ

ਦਿਲ ਦੀ ਬਾਤ ਸਮਝ ਕੁਝ ਧੀਏ  
ਕਰ ਕੁਝ ਹੋਸ਼ ਟਿਕਾਣੇ ।

ਯਾਰੀ ਕਰਨ ਮੁਹਾਲ ਬਦੇਸ਼ੀ
ਕੀ ਜਾਨਣ ਬਾਲ ਇਆਣੇ ।

ਇਸ ਦੇ ਅੰਤ ਵਿਚ ਇਕ ਦੀ ਥਾਂ ਦੋ ਗੁਰੂ (ਕੰਨਾ ਤੇ ਲਾਂ) ਆਉਂਦੇ ਹਨ ਮਾਤਰਾ 28 ਹੀ ਰਹਿੰਦੀਆਂ ਹਨ ਆਮ ਤੌਰ ਤੇ ਹਾਸ਼ਮ ਦੇ ਛੰਦਾਂ ਦੀਆਂ ਮਾਤਰਾਂ ਪੂਰੀਆਂ ਹੀ ਹੁੰਦੀਆਂ ਹਨ । ਕਈ ਥਾਂ ਉਹ ਮਾਤਰਾ ਪੂਰੀਆਂ ਕਰਨ ਦੀ ਬਜਾਏ ਲੈਅ ਨੂੰ ਉਤਪੰਨ ਕਰਨ ਉੱਤੇ ਵਧੇਰੇ ਜ਼ੋਰ ਦਿੱਤਾ ਹੈ । ਇਸ ਤਰ੍ਹਾਂ ਕਿੱਸੇ ਵਿਚ ਮਧੁਰ ਸੰਗੀਤ ਤੇ ਸੁਰਤਾਲ ਪੈਦਾ ਹੋ ਜਾਂਦੇ ਹਨ । ਉਹ ਸੰਗੀਤਮਈ ਲੈ ਤੇ ਸਰੋਦੀ ਰਸ ਪੈਦਾ ਕਰਨ ਵਿਚ ਪ੍ਰਬੀਨ ਹੈ । ਹਾਸ਼ਮ ਨੇ ਲੈਅ ਅਤੇ ਤਾਲ ਦੋਹਾਂ ਨੂੰ ਸਫ਼ਲਤਾ ਸਹਿਤ ਨਿਭਾਇਆ ਹੈ ।

ਹਾਸ਼ਮ ਪਿੰਗਲ ਦੀਆਂ ਬੰਦਸ਼ਾਂ ਨੂੰ ਕਿੱਸੇ ਦੀ ਰਵਾਨੀ ਜਾਂ ਚਾਲ ਵਿਚ ਰੋਕ ਨਹੀਂ ਪਾਉਣ ਦਿੰਦਾ । ਇਸ ਲਈ ਕਿਧਰੇ ਕਿਧਰੇ ਤੋਲ ਵਿਚ ਵਾਧਾ ਘਾਟਾ ਆ ਗਿਆ ਹੈ । ਤੁਕਾਂਤ ਵਲੋਂ ਵੀ ਕਈ ਬਹੁਤ ਚੇਤੰਨ ਜਾਂ ਚਿੰਤਾਤੁਰ ਨਹੀਂ । ਉਹ ਮਾਲਕ ਦਾ 'ਲਕ' ਦਾ ਦੇ ਨਾਲ 'ਸਕਦਾ' ਵੀ ਲੈ ਆਉਂਦਾ ਹੈ । (ਬੰਦ 1) ਇਸ ਤਰ੍ਹਾਂ ਕਹਿਰ ਦੇ, 'ਹੁਨਰ ਦੇ ' ਦੇ ਨਾਲ 'ਫਿਕਰ ਦੇ', ਮਿਸ਼ਰ ਦੇ, ਤੁਕਾਂਤ ਵੀ ਵਰਤ ਜਾਂਦਾ ਹੈ : ਉਹ ਸ਼ਬਦ ਦੇ ਅੰਤ 'ਣ' ਤੇ 'ਨ' ਦੇ ਭੇਦ ਵੱਲ ਖਾਸ ਧਿਆਨ ਨਹੀਂ ਦਿੰਦਾ । 'ਜਵਾਨੀ ਤੇ ਕਹਾਣੀ ਨੂੰ ਇਕੋ ਤੁਕਾਂਤ ਵਿਚ ਲਿਆਉਂਦਾ ਹੈ । ਸਮੁੱਚੇ ਰੂਪ ਵਿਚ ਹਾਸ਼ਮ ਛੰਦਾਬੰਦੀ ਦਾ ਮਾਹਰ ਉਸਤਾਦ ਹੈ ਤੇ ਇਸ ਵਿਚ ਦੋਸ਼ ਨਹੀਂ ਆਉਣ ਦਿੰਦਾ ।

**ਅਰਬੀ-ਫਾਰਸ਼ੀ ਸ਼ਬਦਾਵਲੀ**

ਹਾਸ਼ਮ ਨੇ ਇਸ ਛੋਟੇ ਜੇਹੇ ਕਿੱਸੇ ਵਿਚ ਵੀ ਵਿੱਤੋਂ ਜਾਂ ਲੋੜ ਤੋਂ ਵੱਧ ਅਰਬੀ-ਫ਼ਾਰਸੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ । ਕਈ ਰੂਪ ਤਤਸਮ ਵੀ ਵਰਤੇ ਹਨ । ਜਿਵੇਂ ਸਾਹਿਬ-ਤਖ਼ਤ, ਅਹਿਲ-ਨਜੂਮ, ਸਾਹਿਬ ਯੁਮਨ, ਸਾਹਿਬ-ਹੋਸ਼, ਦੁੱਰਿ-ਯਤੀਮ, ਸ਼ਬਿਕਦਰ, ਆਦਿ ਨਾਵਾਂ ਦੇ ਅਰਬੀ ਬਹੁ-ਵਚਨ ਵੀ ਲਿਆਂਦੇ ਹਨ ਜਿਵੇਂ :

ਤਯੂਰ, ਜ਼ਿਨਾਇਕ, ਫੁਕਰਾ, ਅਹਿਵਾਲ ਆਦਿ ।

ਜਮ-ਉਲ੍ਹ ਜਮ੍ਹਾ ਅਰਥਾਤ ਬਹੁ-ਵਚਨ ਦਾ ਫਿਰ ਬਹੁ ਵਚਨ ਫ਼ਾਰਸੀ ਵਿਚ ਵੀ ਵਰਤਿਆ ਜਾਂਦਾ, ਪਰ ਹਾਸ਼ਮ ਨੇ ਇਸ ਨੂੰ ਪੰਜਾਬੀ ਰੂਪ ਬਣਾਕੇ ਇਸਤੇਮਾਲ ਕੀਤਾ ਹੈ । ਜਿਵੇਂ 'ਫੁਕਰਾ ਤੋਂ ਫੁਕਰਾਵਾਂ'

ਹਾਸ਼ਮ ਖਰਚ ਦੀਆਂ ਫੁਕਰਾਵਾਂ

**ਅਰਬੀ ਫਾਰਸੀ ਨਾਂਵ**

ਜਾਹੌ-ਜਲਾਲ, ਫ਼ਰਸ, ਅਮੀਰ-ਵਜੀਰ, ਫਿਰਾਕ, ਖਜ਼ਾਨਾ, ਹਲਾਲ, ਅਕਲ, ਕਿਆਸ, ਸ਼ਮਸ, ਨੌਬਤ, ਫ਼ਿਕਰ, ਅਬੇ ਰਸ਼ਮ, ਆਤਿਸ਼, ਹਿਕਰਤ, ਕਾਰਵਾਂ, ਖੇਸ਼ ਕਬੀਲਾ ਆਦਿ ।

ਜਰਅਫ਼ਸਾਂ, ਦਰਮਾਂਦਾ, ਸਿਯਾਹ, ਆਜਿਜ਼, ਕਾਮਿਲ, ਵਾਹਦ ਆਦਿ ।

**ਸਮਾਸ ਬਣਤਰ**

ਦੁੱਰੇ-ਯਤੀਮ, ਕੋਹ-ਸ਼ਿਕਨ, ਸੂਰਤ-ਸੀਮ-ਬਦਨ, ਮੁਸਕ-ਖੁਤਨ, ਬਖਤ ਬੇਦਾਰ ਆਦਿ ।

ਅਰਬੀ ਫਾਰਸੀ ਸ਼ਬਦਾਵਲੀ ਤੋਂ ਛੁੱਟ ਹਾਸ਼ਮ ਨੇ ਗੁਰਬਾਣੀ ਦੀ ਸ਼ਬਦਾਵਲੀ ਦਾ ਵੀ ਸਫਲ ਪ੍ਰਯੋਗ ਕੀਤਾ ਹੈ । ਗੁਰਮਤਿ ਸ਼ਬਦਾਵਲੀ ਤੇ ਸ਼ੈਲੀ ਤੋਂ ਕਈ ਸੂਫੀ ਕਵੀ ਤੇ ਕਿੱਸਾਕਾਰ ਪ੍ਰਭਾਵਿਤ ਹੋਏ ਹਨ । ਹਾਸ਼ਮ ਉਪਰ ਵੀ ਇਹ ਪ੍ਰਭਾਵ ਉਸ ਦੀ ਸ਼ਬਦਾਵਲੀ ਤੋਂ ਪ੍ਰਤੱਖ ਵੇਖਿਆ ਜਾ ਸਕਦਾ ਹੈ । (ਤਕਰੀਬਨ ਸਾਰੇ ਹੀ ਵਿਅਕਰਣਿਕ ਰੂਪਾਂ ਵਿਚ) ਜਿਵੇਂ ਸਾਹਿਬ ਸਿਰਜਨਹਾਰਾ (ਧੰਨ ਉਹ ਸਾਹਿਬ ਸਿਰਜਨਹਾਜਰ) (ਧੰਨ ਉਹ ਸਾਹਿਬ) (ਛੁਪਾਵਣਹਾਰ), ਨਿਸਤਰ ਵਿਹਾਣੀ, ਦੋਸ਼, ਕੁਕਰਮੀ ਸਾਹਿਬ ਸੱਚਾ, ਬੋਲ-ਵਿਗਾੜ, ਨਿਕਰਮਣ, ਸਿਧਾਈ, ਵਾਚਣਾ, ਟਹਿਲ ਸਿਵਾਈ, ਆਦਿ ।

ਨਾਵਾਂ ਦੀ ਪਰਸਪਰ ਸਮਾਨਤਾ ਵੇਖੀ ਜਾ ਸਕਦੀ ਹੈ ।

**ਗੁਰਬਾਣੀ**

ਨਦਰਿ ਉਪਠੀ ਜੇ ਕਰੇ
ਸੁਲਤਾਨਾ ਘਾਹੁ ਚਰਾਇੰਦਾ
ਦਰਿ ਮੰਗਨਿ ਭਿਖ ਨ ਪਾਇੰਦਾ

**ਹਾਸ਼ਮ**

ਤਖਤੋਂ ਚਾਇ ਸੁਟੇ ਸੁਲਤਾਨਾ
ਖੈਰ ਮੰਗਣ ਦਰ ਦਰ ਦਾ ।

**ਗੁਰਬਾਣੀ**

ਜਿਸ ਸਾਹਿਬ ਸਿਉਂ ਨਾਹੀ ਚਾਰਾ
ਤਾ ਕਉ ਕੀਜੈ ਸਦਾ ਨਮਸਕਾਰਾ ।

**ਹਾਸ਼ਮ**

ਹਾਸ਼ਮ ਜਾਹ ਨ ਬੋਲਣ ਵਾਲੀ
ਜੋ ਚਾਹੇ ਸੋ ਕਰਦਾ ।

**ਸੱਸੀ ਹਾਸ਼ਮ ਦਾ ਅਲੰਕਾਰ ਵਿਧਾਨ :**

ਹਾਸ਼ਮ ਨੇ ਭਾਵਾਂ ਦੇ ਸੁੰਦਰ ਤੇ ਸੋਜ਼ ਭਰੇ ਪ੍ਰਗਟਾਉ ਲਈ ਕਿੱਸੇ ਵਿਚ ਥਾਂ ਪਰ ਥਾਂ ਰੂਪਕਾਂ ਤੇ ਉਪਮਾਵਾਂ ਨੂੰ ਇਕ ਸ਼੍ਰੋਮਣੀ ਕਿੱਸਾ-ਕਾਰ ਵਾਂਗ ਨਗੀਨਿਆਂ ਵਤ ਜੜਿਆ ਹੈ । ਉਸ ਦੇ ਘੜੇ ਹੋਏ ਰੂਪਕ ਤੇ ਦਿੱਤੀਆਂ ਹੋਈਆਂ ਉਪਮਾਵਾਂ ਚੌਗਿਰਦੇ ਤੇ ਪ੍ਰਕ੍ਰਿਤੀ ਤੋਂ ਲਈਆਂ ਗਈਆਂ ਹਨ । ਸਮੁੱਚੇ ਸੂਖਮ ਭਾਵ ਨੂੰ ਕਿਵੇਂ ਰੂਪਕਾਂ ਦੇ ਰੰਗਾਂ ਵਿਚ ਚਿਤਰਿਆ ਹੈ :

ਦੁੱਰੇ-ਯਤੀਮ ਸਦਫ਼ ਵਿਚ ਆਇਆ

(ਅਰਥਾਤ ਸੱਸੀ ਦੀ ਮਾਤਾ ਦੀ ਕੁੱਖ ਹਰੀ ਹੋਈ) ਭਾਵਾਰਥਕ ਸ਼ਬਦਾਂ ਨੂੰ ਰੂਪਕਾਂ ਨਾਲ ਸਾਰਥਕ ਬਣਾ ਦਿੱਤਾ :

ਜੰਜੀਰ ਸਬਰ ਦੋ ਬਲੋਚ ਮਸੀਹਾ : ਹਿਜਰ ਦੀ ਕਾਨੀ, ਆਤਿਸ਼ ਦਾ ਦਰਿਆ, ਪਾਣੀ ਖੂਨ, ਖੁਰਾਕਾਂ ਨੇ ਸੁਤਰ ਨੁਹਾਰ ਖਿੱਚ ਕੇ ਬਲੋਚਾਂ ਦੇ ਊਠਾਂ ਨੂੰ ਸਾਹਮਣੇ ਖਲ੍ਹਾਰ ਦਿੱਤਾ ਹੈ :

ਦੋਜ਼ਖ ਪੇਟ ਲੰਮੇਰੀ ਗਰਦਨ,
ਅਜ਼ਰਾਈਲ ਨਿਸ਼ਾਨੀ

ਰੂਪਕਾਂ ਦੀ ਸੁਰਖੀ ਨੇ ਚੜ੍ਹਦੇ ਸੂਰਜ ਨੂੰ ਚਿਖਾ ਅਸਮਾਨੀ ਕਰ ਵਖਾਇਆ ।

ਪ੍ਰਕ੍ਰਿਤੀ-ਚਿਤ੍ਰਣ ਦਾ ਪੂਰਾ ਕਮਾਲ ਹੈ :

'ਨਿਬੜੀ ਰਾਤ ਹੋਇਆ ਦਿਨ ਰੋਸ਼ਨ
ਆਣ ਚਿੜੀ ਚਿਚਲਾਨੀ ।
ਸੂਰਜ ਆਖ ਨਹੀਂ, ਇਹ ਜਲਦੀ,
ਵੇਖ ਚਿਖਾ ਅਸਮਾਨੀ ।

ਇਸ ਹੱਥ-ਲਿਖਤ ਵਿਚ ਪ੍ਰਸਿੱਧ ਬੰਦ ਨੌਵਾਂ ਇਸ ਤੁਕ ਨਾਲ ਹੁੰਦਾ ਹੈ :

ਨਾਜ਼ੁਕ ਪੈਰ ਮਲੂਕ ਸੱਸੀ ਦੇ,
ਮਹਿੰਦੀ ਨਾਲ ਸ਼ਿੰਗਾਰੇ ।

'ਨਾਜ਼ਕ ਪੈਰ ਮੂਲਕ ਸੱਸੀ ਦੇ' ਇਕ ਉਤਮ ਤੇ ਅਦਭੁਤ ਰੂਪਕ ਹੈ, ਜੋ ਵਧੇਰੇ ਢੁੱਕਵਾਂ ਫਬਵਾਂ ਤੇ ਸ਼ੋਖ-ਰੰਗਾ ਹੈ । ਗੁਲਾਬ ਵਰਗੇ ਨਾਜਕ ਨਰਮ ਪੈਰ ਮਹਿੰਦੀ ਨਾਲ ਸਿੰਗਾਰੇ ਸਨ, ਪਰ ਉਸ ਸਮੇਂ ਉਹ ਮੱਚਦੀ ਰੇਤ ਵਿਚ ਸੜਕੇ ਲਾਲ ਸੂਹੇ ਮਹਿੰਦੀ ਰੰਗੇ ਹੋ ਗਏ ਸਨ । ਹਾਸ਼ਮ ਜੇਹਾ ਮਹਾਨ ਕਿੱਸਾ ਕਵੀ ਹੀ ਅਜੋਕ ਰੂਪਕ ਦਾ ਚਿਤ੍ਰਣ ਕਰ ਸਕਦਾ ਹੈ ।

ਉਪਰੋਕਤ ਬੰਦ ਵਿਚ ਹਾਸ਼ਮ ਨੇ ਰੂਪਕ ਤੇ ਉਪਮਾ ਨੂੰ ਤਾਣੇ ਪੇਟੇ ਵਾਂਗ ਉਣ ਦਿੱਤਾ ਹੈ । ਇਹ ਬੰਦ ਇਨ੍ਹਾਂ ਰੂਪਕਾਂ ਤੇ ਉਪਮਾਵਾਂ ਕਰਕੇ ਸਾਰੇ ਕਿੱਸੇ ਦੀ ਜਾਨ ਹੈ । ਇਹ ਬੰਦ ਸੱਸੀ ਦੇ ਹੁਸਨ ਜਮਾਲ, ਰੂਪ ਜਵਾਨੀ, ਨੂੰ ਬਾਲੂਰੇ ਤ ਥਲ ਦੀ ਭੱਠੀ ਵਿਚ ਜੋਆਂ ਵਾਂਗ ਭੁਜਦਾ ਵਿਖਾਂਦਾ ਹੈ :

ਦ੍ਰਿਸ਼-ਚਿੱਤ੍ਰ ਸਾਕਾਰ ਤੇ ਸਜੀਵ ਹੁੰਦਾ ਸਾਹਮਣੇ ਦਿਸਦਾ ਹੈ :

'ਨਾਜ਼ਕ ਪੈਰ ਮਲੂਕ ਸੱਸੀ ਦੇ ।

ਮਹਿੰਦੀ ਨਾਲ ਸ਼ਿੰਗਾਰੇ ।
ਰੋਸ਼ਨ ਮੂੰਹ ਜਮਾਲ ਸੱਸੀ ਦਾ ।
ਚੰਦ ਚੜ੍ਹਿਆ ਪਰਵਾਰੇ ।
ਬਾਲੂ ਰੇਤ ਤਪੇ ਵਿਚ ਥਲ ਦੇ ।
ਜਿਉਂ ਜੌਂ ਭੁੰਨਣ ਭਠਿਆਰੇ ।
ਹਾਸ਼ਮ ਵੇਖ ਯਕੀਨ ਸੱਸੀ ਦਾ ।
ਸਿਦਕੋਂ ਮੂਲ ਨਾ ਹਾਰੇਂ ।

ਰੂਪਕਾਂ ਵਾਂਗ ਉਪਮਾਵਾਂ ਦੇ ਪ੍ਰਯੋਗ ਵਿਚ ਵੀ ਹਾਸ਼ਮ ਨੇ ਕਮਾਲ ਵਿਖਾਇਆ ਹੈ ਜਿਵੇਂ :

ਕਹਿ ਕਹਿ ਵਾਂਗ ਤਲਿਸਮੀ ਅਹੀਆਂ ।
ਵਾਂਗੂੰ ਕੋਹ-ਸ਼ਿਕਨ ਦੇ ।
ਜਿਉਂ ਜੌਂ ਭੁੰਨਣ ਭਠਿਆਰੇ ।
ਆਹੀ ਨਾਰ ਪਰੀ ਦੀ ਸੂਰਤ ।
ਜਹੋ ਜਲਾਲ ਸਿਕੰਦਰ ਵਾਲਾ ।

**ਸਮਾਸਾ ਦੀ ਵਰਤੋਂ**

ਹਾਸ਼ਮ ਨੇ ਫਾਰਸੀ ਸ਼ਬਦ-ਬਣਤਰਾਂ ਦਾ ਪ੍ਰਯੋਗ ਕੀਤਾ ਹੈ, ਪਰ ਨਵੇਂ ਸ਼ਬਦ ਜਾਂ ਰੂਪ ਬਣਤਰ ਬਹੁਤ ਥੋੜ੍ਹੇ ਘੜੇ ਹਨ । ਉਹ ਵਾਰਿਸ ਵਾਂਗ ਨਾ ਤਾਂ ਵਿਸਤਾਰ ਵਿਚ ਜਾਂਦਾ ਹੈ ਤੇ ਨਾ ਨਵੇਂ ਜਾਂ ਵਚਿੱਤ੍ਰ ਸਮਾਸ ਹੀ ਘੜਦਾ ਹੈ । ਕੁਝ ਇਕ ਸ਼ਬਦ ਜੋੜੇ ਹਨ :

ਮਨ-ਭਾਵਨ, ਪਰ-ਮੁਲਕੀ, ਬੋਲ-ਵਿਗਾੜਾ, ਹਮ-ਰਾਹੀ ਆਦਿ ਉਸ ਨੇ ਵਰਤੋਂ ਵਿਚ ਲਿਆਂਦੇ ਹਨ ।

**ਸੱਸੀ ਹਾਸ਼ਮ ਦੇ ਬ੍ਰਿਤਾਂਤਕ ਵੇਰਵੇ :**

ਹਾਸ਼ਮ ਸੰਜਮ ਤੇ ਸੰਕੋਚ ਦਾ ਕਿੱਸਾ-ਕਵੀ ਹੈ । ਉਹ ਵਿਸਤਾਰ ਵਿਚ ਨਹੀਂ ਜਾਂਦਾ । ਪਰ ਜਿੱਥੇ ਵੀ ਉਸ ਨੇ ਵੇਰਵਾ ਜਾਂ ਵਿਸਤਾਰ ਦਿੱਤਾ ਹੈ, ਉਥੇ ਵੀ ਸੰਜਮ ਤੇ ਸੰਕੋਚ ਤੋਂ ਕੰਮ ਲਿਆ ਹੈ; ਫਿਰ ਵੀ ਇਕ ਬੰਦ ਵਿਚ ਇੰਨਾ ਵਿਸਤਾਰ ਜਾਂ ਵੇਰਵਾ ਦੇ ਜਾਣ ਵਿਚ ਹਾਸ਼ਮ ਦੀ ਕਾਵਿ-ਕਲਾ ਦੀ ਵਿਸ਼ੇਸ਼ਤਾਈ ਹੈ :

ਕਵੀ ਊਠਾ ਦਾ ਵੇਰਵਾ ਦਿੰਦਾ ਹੈ :

ਕੁਝ ਬਲਖੀ, ਬਗਦਾਦੀ, ਉਸਤਰ
ਕੁਝ ਤਖਤੀ, ਕਨਿਆਨੀ

ਆਮ ਤੌਰ ਤੇ ਹਾਸ਼ਮ ਵੇਰਵੇ ਵਿਸਤਾਰ ਨੂੰ ਪ੍ਰਕਿਰਤੀ ਚਿੱਤਰਣ ਲਈ ਵੰਨ ਸੁਵੰਨੇ ਰੰਗ ਭਰਨ ਲਈ ਵਰਤਦਾ ਹੈ, ਜਿਵੇਂ :

'ਕਹਕਾਹ ਵਾਂਗ ਤਲਿਸਮੀ ਆਹੀਆਂ, ਬਾਗ ਚੁਫੇਰੇ ਦੀਵਾਰਾਂ
ਨਹਿਰਾਂ ਹੋਜ਼ ਫ਼ਵਾਰੇ ਬਰਸਣ, ਹਰ ਹਰ ਜ਼ੌਕ ਬਹਾਰਾਂ
ਫਰਸ਼ ਜਮੀਨ ਜ਼ਮੁੱਰਦ ਆਹਾ, ਸਾਬਤ ਨਕਸ਼ ਹਜ਼ਾਰਾਂ
ਹਾਸ਼ਮ ਸ਼ੋਰ ਜਨਾਵਰ ਕਰਦੇ, ਮੋਰ ਚਕੋਰ ਹਜ਼ਾਰਾਂ ।

ਪ੍ਰਕ੍ਰਿਤੀ ਚਿੱਤ੍ਰਣ ਨੂੰ ਰੂਪਕਾਂ ਉਪਮਾਵਾਂ ਦੇ ਭੂਸ਼ਣਾਂ ਨਾਲ ਸਜਿਆ ਸ਼ਿੰਗਾਰਿਆ ਵੇਖ ਕੇ ਹਾਸ਼ਮ ਦੇ ਵੇਰਵੇ ਵਿਸਤਾਰ ਉਪਰ ਵੀ ਅਲੰਕਾਰ ਹੋਣ ਦਾ ਭਰਮ ਪੈਂਦਾ ਹੈ :

'ਘਾਇਲ ਇਸ਼ਕ ਖੜ੍ਹੇ ਗੁਲ ਲਾਲ
ਨਾਲ ਲਹੂ ਮੁਖ ਧੋਤੇ
ਸੇਬ ਅਨਾਰ ਭਰੇ ਰਸ ਸਾਰੇ
ਚੁੰਝ ਨ ਲਾਵਣ ਤੋਤੇ
ਕੁਮਰੀ ਕੂਕ ਕਰੇ ਫਰਯਾਦਾਂ

ਸਰਵ ਅਜ਼ਾਦ ਲਖੋਤੇ
ਹਾਸ਼ਮ ਵੇਖ ਬਹਾਰ ਚਮਨ ਦੀ
ਰੂਹ ਰਹਿਆ ਵਿਚ ਗੋਤੇ

ਜਲਜੀਵਾਂ ਦਾ ਵਿਸਤਾਰ ਇਸ ਪ੍ਰਕਾਰ ਹੈ:

ਮਗਰਮੱਛ, ਕੁੰਮੇ, ਜਲਹੇੜਾ, ਨਾਗ, ਸੈਸਰ, ਬਲਾਈ, ਤੰਦੂਏ, ਜੰਬੂਰ, ਬੁਲੈਣੀ ਆਦਿ ਪਸ਼ੂ-ਪੰਛੀ, ਵਹਿਸ਼, ਤੱਯੂਰ, ਜ਼ਿੱਨਾਇਤ, ਮੋਰ, ਚਕੋਰ, ਕੁਮਰੀ ਆਦਿ ।

**ਨਾਵਾਂ-ਥਾਵਾਂ ਦੇ ਸੰਕੇਤ**

ਹਾਸ਼ਮ ਨੇ ਕੁਝ ਇਕ ਇਤਿਹਾਸਕ, ਮਿਥਿਹਾਸਕ ਹਵਾਲਿਆਂ, ਸ਼ਹਿਰਾਂ, ਮੁਲਕਾਂ, ਵਿਅਕਤੀਆਂ ਆਦਿ ਦੇ ਸੰਕੇਤ ਕੀਤੇ ਹਨ, ਜਿਵੇਂ :

ਖਿਜ਼ਰ, ਨੂਹ, ਬਾਸ਼ਕ, ਨਾਗ, ਧੋਲ, ਪੈਗੰਬਰ, ਯੂਸਫ, ਕਨਿਆਨ, ਅਰਸਤੂ, ਜਬਰੀਲ, ਕੋਹ ਸਿ਼ਕਨ, ਜ਼ੂਲੈਖਾਂ, ਦੀਵਾਰ, ਬਦਖਸ਼ਾਂ, ਭੰਬੋਰ, ਕੇਚ ਮਕਰਾਨ, ਆਦਮ ਜਾਮ, ਤੋਰੇਤ, ਕੁਰਾਨ (ਕਿਤਾਬ ਰੱਬਾਨੀ) ਇਨ੍ਹਾਂ ਦੇ ਹਿਫਜ਼ ਕਰਨ ਵਾਲੇ ਤੇ ਜਬਾਨੀ ਸੁਨਾਉਣ ਵਾਲੇ ਵੀ ਮਿਲਦੇ ਹਨ :

'ਅਹਿਲਿ ਨਜੂਮ ਸੱਦੇ ਉਸ ਵੇਲੇ ।
ਹਿਫ਼ਜ ਤੌਰੇਤ ਜਬਾਨੀ

ਸ਼ਬਦ ਅਨੁਪ੍ਰਾਸ : ਅਜਿਹੇ ਸ਼ਬਦ ਕਲਾਮਈ ਵਿਧੀ ਨਾਲ ਇਕੱਠੇ ਵਰਤੇ ਹਨ, ਜਿਨ੍ਹਾਂ ਦੇ ਪਹਿਲੇ ਅੱਖਰ ਇਕ ਸਮਾਨ ਹਨ । ਇਸ ਪ੍ਰਯੋਗ ਨਾਲ ਕਵਿਤਾ ਵਿਚ ਲੈ ਤੇ ਸੰਗੀਤ ਪੈਦਾ ਹੁੰਦੇ ਹਨ :

ਸੱਸੀ ਹੋਈ ਜਵਾਨ ਸਿਆਣੀ।
ਸੂਰਤ ਜੋਤ ਸਵਾਈ।
ਹਾਸ਼ਮ ਸਖਤ ਬਖੀਲ ਸੱਸੀ ਦੇ,
ਖੁਸ਼ੀ ਖਰਾਬ ਹੋਈ......।
ਘੁਮਣ ਘੇਰ ਚੁਫੇਰਿਉ ਘੇਰਨ।
ਸੂਰਤ ਸਿਹਰ ਸੰਦੂਕ ਜੜਾਉ।
ਸੂਰਤ ਸਰੀਰ ਸੰਭਾਲੀ ਆਦਿ।

ਇਕ ਕਲਾਕਾਰ ਕਵੀ ਤੇ ਲੋਕ-ਭਾਸ਼ਾ ਦਾ ਪ੍ਰਯੋਗੀ ਹੀ ਭਾਸ਼ਾ ਦੀ ਜਿੰਦਾਜਾਨ ਨੂੰ ਜਾਣਦਾ ਹੈ, ਉਹ ਹੀ ਠੇਠ ਮੁਹਾਵਰੇ ਦਾ ਸਹੀ ਪ੍ਰਯੋਗ ਕਰ ਸਕਦਾ ਹੈ । ਵਾਰਿਸ ਵਾਂਗ ਹਾਸ਼ਮ ਵੀ ਸ਼੍ਰੋਮਣੀ ਕਿੱਸਾ-ਕਾਰ ਤੇ ਭਾਸ਼ਾ ਵਿਚ ਨਿਪੁੰਨ ਕਵੀ ਹੈ । ਆਮ ਤੋਰ ਤੇ ਹਾਸ਼ਮ ਦੇ ਹਰ ਬੰਦ ਦੀ ਆਖਰੀ ਤੁਕ ਕਿਸੇ ਨਾ ਕਿਸੇ ਅਟੱਲ ਸਚਾਈ ਦੀ ਧਾਰਨੀ ਹੁੰਦੀ ਹੈ । ਉਂਜ ਵੀ ਉਹ ਪ੍ਰਬਲ ਹੁੰਦੀ ਹੈ, ਜਿਵੇਂ :

ਹਾਸ਼ਮ ਮਾਣ ਕਿੰਨੇ ਸੁਖ ਪਾਇਆ।
ਹਾਸ਼ਮ ਹੁਸਨ ਪ੍ਰੀਤ ਨ ਛੁਪਦੇ।
ਹਾਸ਼ਮ ਨੇਹੁ ਅਸੀਲ ਕਮਾਵਣ।
ਹਾਸ਼ਮ ਇਸ਼ਕ ਜਿਨ੍ਹਾਂ ਤਨ ਵਸਿਆ।
ਕੋਣ ਤਿੰਨਾਂ ਦਿਲ ਫੇਰੇ।

ਹਾਸ਼ਮ ਸਹਿਣ ਮੁਹਾਲ ਜੁਦਾਈ, ਆਮ ਮੁਹਾਵਰੇ ਦੇ ਪ੍ਰਯੋਗ ਵਿਚ ਹਾਸ਼ਮ ਨੇ ਲਹਿੰਦੀ ਦੇ ਅਸਲੇ ਨੂੰ ਨਹੀਂ ਤਿਆਗਿਆ। ਠੇਠ ਟਕਸਾਲੀ ਪੰਜਾਬੀ ਦੇ ਮੁਹਾਵਰੇ ਨੂੰ ਹਾਸ਼ਮ ਨੇ ਬੜੀ ਸੁਚੱਜਤਾ ਸਹਿਤ ਵਰਤਿਆ ਹੈ; ਭਲ ਦਿਨ ਆਉਣਾ, ਨਸੀਬ ਖੁਲਣੇ, ਗੱਲ ਛੇੜਨਾ, ਸਾਫ ਜਵਾਬ ਦੇਣਾ, ਰੋ-ਰੋ ਹਾਲ ਵਜਾਉਣਾ, ਦਰਮਾਂਦੇ ਹੋਣਾ, ਕੂਕ ਸੁਣਾਉਣਾ, ਮਾਲ ਵਿਹਾਜਣਾ, ਵਾਰ ਸੁੱਟਣਾ, ਚਿਹ ਚੜ੍ਹਨਾ, ਸਿਰ ਖਾਕ ਖਾਣਾ, ਨੀਂਦ ਉਟਕਣਾ, ਜਾਗ ਲੱਧਣਾ, ਮਸਲਤ ਕਰਨਾ, ਫਾਰਗ ਹੋਣਾ, ਦਮ ਮਾਰਨਾ ਆਦਿ । ਹਾਸ਼ਮ ਦੀ ਕਾਵਿ-ਕਲਾਂ ਦੀਆਂ ਵਿਸ਼ੇਸ਼ਤਾਈਆਂ :

**ਸੰਜਮ ਤੇ ਸੰਕੋਚ** : ਵੱਡੀ ਤੋਂ ਵੱਡੀ ਹਕੀਕਤ ਤੇ ਵਿਥਿਆ ਨੂੰ ਥੋੜ੍ਹੇ ਪਰ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਬਿਆਨ

ਕਰ ਦਿੰਦਾ ਹੈ । ਉਹ ਵਾਧੂ ਵਿਸਤਾਰ ਜਾਂ ਵੇਰਵੇ ਵਿਚ ਨਹੀਂ ਜਾਂਦਾ ।

**ਛੰਦ ਦੀ ਸਫਲ ਵਰਤੋਂ** : ਹਾਸ਼ਮ ਇਕ ਉਸਤਾਦ ਕਵੀ ਵਾਂਗ ਦੱਵਈਏ ਛੰਦ ਦੀ ਸਫ਼ਲ ਵਰਤੋਂ ਕਰਦਾ ਹੈ । ਉਹ ਤੋਲ ਤੇ ਮਾਤਰਾਂ ਨੂੰ ਡਿੱਗਣ ਨਹੀਂ ਦਿੰਦਾ ।

ਸੂਖਮ ਪਰ ਬ੍ਰਿਹਾ ਭਾਵਾਂ ਦੀ ਅੱਗ ਨੂੰ ਆਤਿਸ਼ਮਈ ਸ਼ਬਦਾਂ ਰਾਹੀਂ ਵਿਦਮਾਨ ਕਰਨ ਵਿਚ ਹਾਸ਼ਮ ਆਪਣੀ ਮਿਸਾਲ ਨਹੀਂ ਰੱਖਦਾ । ਹਾਸ਼ਮ ਸੱਸੀ ਦੀ ਅੱਗ ਵਾਂਗ ਬਲਦੀ ਸੱਚੀ ਪ੍ਰੀਤ ਦੇ ਦੁਖਾਂਤ ਨੂੰ ਅਗਣੀ-ਜੀਭਾ ਵਾਲੀ ਕਲਮ ਨਾਲ ਸਾਕਾਰ ਕਰਦਾ ਹੈ । ਸੜਦੀ ਬਲਦੀ ਸੱਸੀ ਲਈ ਮਾਨਵ ਹਮਦਰਦੀ ਜਗਾਉਂਦਾ ਹੈ । ਢੁੱਕਵੀਂ ਵਿਥਿਆ ਦੀ ਵਿਆਖਿਆ, ਢੁੱਕਵੇਂ ਜੱਚਦੇ ਫਬਦੇ ਸ਼ਬਦਾਂ ਦੁਆਰਾ ਕਰਦਾ ਹੈ । ਤੀਬਰ ਵਲਵਲੇ ਬ੍ਰਿਹਾ ਸੜਦੇ ਇਸ਼ਕ ਤੇ ਅਮਰ ਆਤਮਾ ਦੀ ਸਦੀਵੀਂ ਹੂਕ ਸ਼ਬਦ-ਚਿੱਤ੍ਰਾਂ ਰਾਹੀਂ ਪੇਸ਼ ਕਰਦਾ ਹੈ ।

**ਮਹੱਤਵਪੂਰਨ ਵੱਡੇ ਪ੍ਰਸਨ :**

1. ਪੰਜਾਬੀ ਕਿੱਸਾ ਪਰੰਪਰਾ ਵਿਚ ਹਾਸ਼ਮ ਦਾ ਸਥਾਨ ਨਿਸ਼ਚਤ ਕਰੋ ।
2. ਸੱਸੀ ਦੀ ਚਰਿੱਤਰ ਉਸਾਰੀ ਬਾਰੇ ਵਿਸਥਾਰ ਵਿਚ ਚਰਚਾ ਕਰੋ ।
3. ਹਾਸ਼ਮ ਦੀ ਸੰਜਮੀ ਕਾਵਿ-ਸ਼ੈਲੀ ਉਤੇ ਰੋਸ਼ਨੀ ਪਾਉ ।

**ਸੰਖੇਪ ਉਤਰਾਂ ਵਾਲੇ ਪ੍ਰਸ਼ਨ :**

1. ਹਾਸ਼ਮ ਨੇ ਸੱਸੀ-ਪੁੰਨੂੰ ਤੋਂ ਇਲਾਵਾ ਹੋਰ ਕਿਹੜੇ ਕਿੱਸੇ ਲਿਖੇ ?
2. ਹਾਸ਼ਮ ਕਿਸ ਸਦੀ ਦਾ ਕਵੀ ਹੈ?
3. ਕਿੱਸਾ ਸੱਸੀ ਪੁੰਨੂੰ ਦੁਖਾਂਤਕ ਹੈ ਜਾਂ ਸੁਖਾਂਤਕ ?
4. ਸੱਸੀ ਦੇ ਪਾਲਕ-ਪਿਤਾ ਦੀ ਜਾਣ-ਪਛਾਣ ਕਰਾਉ ।
5. ਹਾਸ਼ਮ ਨੇ ਕਿੱਸਾ ਸੱਸੀ ਪੁੰਨੂੰ ਵਿਚ ਕਿਸ ਛੰਦ ਦੀ ਵਰਤੋਂ ਕੀਤੀ ਹੈ ?
6. ਕੀ ਅੰਤ ਸੱਸੀ ਦਾ ਪੁੰਨੂੰ ਨਾਲ ਮੇਲ ਹੋ ਸਕਿਆ ਜਾਂ ਨਹੀਂ ?

**ਸਹਾਇਕ ਪੁਸਤਕਾਂ :**


1. ਡਾ. ਗੁਰਦੇਵ ਸਿੰਘ, ਹਾਸ਼ਮ ਦੀ ਕਾਵਿ ਰਚਨਾ
2. ਪੰਜਾਬੀ ਦੁਨੀਆ ਰਸਾਲੇ ਦਾ ਕਿੱਸਾ ਕਾਵਿ ਵਿਸ਼ੇਸ਼ ਅੰਕ
3. ਡਾ. ਹਰਨਾਮ ਸਿੰਘ ਸ਼ਾਨ, ਸੱਸੀ ਹਾਸ਼ਮ
4. ਕਿੱਸਾ ਕਾਵਿ ਅੰਕ, ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਪਾਠ ਨੰ : 1.5

## ਵਾਰਿਸ ਸ਼ਾਹ ਦੀ ਕਾਵਿ-ਕਲਾ

**ਪਾਠ ਦਾ ਮੰਤਵ**

ਵਾਰਿਸ ਦੀ ਹੀਰ ਪੰਜਾਬੀ ਸਭਿਆਚਾਰ ਦਾ ਕਲਾਤਮਿਕ ਚਿਤਰ ਹੈ । ਇਸ ਲਈ ਜਰੂਰੀ ਹੈ ਕਿ ਤੁਹਾਨੂੰ ਹੀਰ ਵਾਰਿਸ ਸੰਬੰਧੀ ਪੂਰੀ ਜਾਣਕਾਰੀ ਦਿਤੀ ਜਾਵੇ । ਇਸ ਪ੍ਰਸ਼ਨ ਦੇ ਉਤਰ ਦੀ ਸਹਾਇਤਾ ਨਾਲ ਤੁਸੀਂ ਹੀਰ ਵਾਰਿਸ ਦੀ ਕਾਵਿ-ਕਲਾ ਸੰਬੰਧੀ ਬਹੁਤ ਸਾਰੇ ਪ੍ਰਸ਼ਨਾਂ ਦੇ ਉਤਰ ਸਹਿਜੇ ਹੀ ਦੇ ਸਕੋਗੇ ।

**ਵਾਰਿਸ ਦੀ ਕਾਵਿ-ਕਲਾ**

ਕਿੱਸਾ 'ਹੀਰ ਰਾਂਝਾ' ਵਾਰਿਸ ਸ਼ਾਹ ਦਾ ਸ਼ਾਹਕਾਰ ਤੇ ਉਸ ਦੀ ਕਾਵਿ-ਕਲਾ ਦਾ ਪ੍ਰਮੁੱਖ-ਪ੍ਰਗਟਾਵਾ ਹੈ । ਨਾ ਕੇਵਲ ਕਿੱਸਾ-ਕਾਵਿ ਦਾ ਹੀ, ਸਗੋਂ ਸਮੁੱਚੀ ਕਲਾਤਮਿਕ ਕਵਿਤਾ ਦਾ ਇਹ ਇਕ ਸ਼ਰੋਮਣੀ ਗ੍ਰੰਥ ਹੈ, ਜਿਸ ਨੇ ਪੰਜਾਬੀ ਬੈਂਤ ਨੂੰ ਪ੍ਰਮਾਣਿਕ ਰੂਪ ਵਿਚ ਪੇਸ਼ ਕੀਤਾ ਅਤੇ ਪੰਜਾਬੀ ਕਵਿਤਾ ਨੂੰ ਲੋਕ-ਪ੍ਰਿਯ ਬਣਾਇਆ । ਵਾਰਿਸ ਦਾ ਹੀਰ ਦਾ ਕਿੱਸਾ ਇੰਨਾ ਹਰਮਨ ਪਿਆਰਾ ਹੋਣ ਦੇ ਦੋ ਵੱਡੇ ਕਾਰਣ ਸਨ। ਇਕ ਤਾਂ ਇਸ ਵਿਚਲਾ ਹੀਰ ਰਾਂਝੇ ਦਾ ਸੱਚਾ-ਸੁੱਚਾ, ਦੈਵੀ, ਕਾਮ ਚੇਸ਼ਟਾ ਰਹਿਤ ਇਸ਼ਕ, ਨਾਇਕ-ਨਾਇਕਾ ਦੀ ਇਕ ਦੂਜੇ ਲਈ ਹਰ ਪ੍ਰਕਾਰ ਦੀ ਕੁਰਬਾਨੀ ਤੇ ਦ੍ਰਿੜਤਾ ਅਤੇ ਦੂਜਾ ਉਸਦੀ ਪੇਸ਼ਕਾਰੀ, ਉਸ ਵਿਚ ਵਰਤੀ ਗਈ ਬੋਲੀ, ਸ਼ਬਦਾਵਲੀ ਤੇ ਸ਼ੈਲੀ । ਉਸ ਦੀ ਪੇਸ਼ਕਾਰੀ ਕਵੀ ਦੀ ਕਾਵਿ-ਕਲਾ ਦਾ ਕਮਾਲ ਦਾ ਸਬੂਤ ਹੈ । ਉਸ ਨੇ ਠੇਠ ਟਕਸਾਲੀ ਬੋਲੀ ਨੂੰ ਆਪਣਾ ਵਾਹਨ ਬਣਾਇਆ ਹੈ । ਬੈਂਤ ਨੂੰ ਪ੍ਰਮਾਣਿਕ ਤੇ ਲੋਕ-ਪ੍ਰਿਯ ਕੀਤਾ ਹੈ । ਉਸ ਨੇ ਅਨੇਕਾਂ ਅਲੰਕਾਰ, ਦ੍ਰਿਸ਼ ਤੇ ਸ਼ਬਦ ਚਿਤ੍ਰ, ਇਤਿਹਾਸਕ ਮਿਥਿਹਾਸਕ ਹਵਾਲੇ ਵਰਤੇ ਹਨ। ਜਿਨ੍ਹਾਂ ਨੇ ਉਸ ਦੀ ਸ਼ੈਲੀ ਨੂੰ ਚਾਰ-ਚੰਨ ਲਾ ਦਿੱਤੇ ਹਨ । ਇਸੇ ਲਈ ਇਹ ਕਾਵਿ-ਰਚਨਾ ਮਹਾਨ ਬਣ ਸਕੀ ਹੈ ।

**ਵਾਰਿਸ਼ ਦੇ ਕਿੱਸੇ ਦੀ ਸ਼ੈਲੀ**

ਵਾਰਿਸ ਦੀ ਬੋਲੀ ਤੇ ਸ਼ਬਦਾਵਲੀ ਵਿਚ ਲਹਿੰਦੀ ਉਪ-ਭਾਸ਼ਾ ਪ੍ਰਧਾਨ ਹੈ । ਇਸ ਵਿਚ ਲਹਿੰਦੀ ਦਾ ਅੰਸ਼ ਹਰ ਸ਼ਬਦ-ਰੂਪ ਤੇ ਵਿਆਕਰਣ ਭੇਦ ਵਿਚ ਪ੍ਰਤੱਖ ਨਜ਼ਰ ਆਉਂਦਾ ਹੈ । ਇਹ ਅੰਸ਼ ਕ੍ਰਿਆਵਾਂ, ਸਮਾਸਾਂ, ਵਿਸ਼ੇਸ਼ਣ ਬਣਤਰਾਂ ਤੇ ਕ੍ਰਿਆ-ਵਿਸ਼ੇਸ਼ਣਾਂ ਵਿਚ ਵੀ ਮਿਲਦਾ ਹੈ । ਕ੍ਰਿਆਵਾਂ ਦੇ ਰੂਪ ਵਿਸ਼ੇਸ਼ ਕਰਕੇ ਲਹਿੰਦੀ ਦੇ ਹੀ ਘੜੇ ਤੇ ਵਰਤੇ ਹਨ । ਜਿਵੇ ਖੇਡਸਾਂ, ਦੇਸੀਆਂ, ਤੁਰਸੀ, ਆਵਸੀ, ਕੀਚੈ, ਪਛਤਾਵਣੀਗੇ, ਆਇ ਪਹੁਤਾ, ਕੀਕਣ, ਕੀਕਰਾਂ, ਦਿਹੇ-ਰਾਂਤ, ਜੋਦਾ ਜਿੱਕਾ ਆਦਿ ।

ਬੋਲੀ ਉਪਰ ਵਾਰਿਸ ਦਾ ਪੂਰਣ ਅਧਿਕਾਰ ਹੈ । ਡਾ ਕਾਲਾ ਸਿੰਘ ਬੇਦੀ ਅਨੁਸਾਰ ਵਾਰਿਸ ਲਿਖਣ ਲਗਿਆਂ ਬੜਾ ਭਰਪੂਰ ਲਿਖਦਾ ਹੈ । ਕਿਸੇ ਗੱਲ ਦਾ ਜ਼ਿਕਰ ਕਰਨ ਲਗਿਆ ਉਹ ਮਿਸਾਲਾਂ, ਤਸ਼ਬੀਹਾਂ (ਉਪਮਾਵਾਂ) ਤਲਮੀਹਾਂ (ਇਤਿਹਾਸਕ, ਮਿਥਿਹਾਸਕ ਹਵਾਲੇ), ਇਸ਼ਤਿਆਰੇ (ਰੂਪਕ) ਅਤੇ ਨਸੀਹਤਾਂ ਨਾਲ ਸਿਰਲੇਖ ਦਾ ਇੰਨਾ ਢਿੱਡ ਭਰਦਾ ਹੈ ਕਿ ਇਸ ਰਾਹੀਂ ਕਵਿਤਾ ਦੇ ਅਸਲੀ ਭਾਵ ਦੀ ਹੱਦ ਨੂੰ ਜਾ ਅਪੜਦਾ ਹੈ । ਮਾਝੀ ਬੋਲੀ, ਠੇਠ ਤੇ ਆਮ ਮੁਹਾਵਰਿਆਂ ਵਿਚ, ਇਹੋ ਜਿਹੀ ਸਾਫ ਲਿਖਦਾ ਹੈ ਜਿਸ ਨੂੰ ਪੜ੍ਹਨ ਵਿਚ ਰਾਈ ਜਿੰਨੀ ਅਟਕ ਤੇ ਰੋਕ ਨਹੀਂ ਪੈਂਦੀ । ਸ਼ਿਅਰ ਦੀਆਂ ਵਿਸ਼ੇਸਤਾਈਆਂ ਨੂੰ ਨਜ਼ਰ ਵਿਚ ਰਖਦਾ ਹੋਇਆ ਕਲਾਮ ਦੀ ਸਾਦਗੀ, ਸਫਾਈ, ਸਰਲਤਾ ਅਤੇ ਬਿਆਨ ਦੇ ਜੋਸ਼ ਨੂੰ ਤਾਕਤ ਨਾਲ ਉਜਾਗਰ ਕਰੀ ਜਾਂਦਾ ਹੈ ।

ਵਾਰਿਸ ਦੀ ਕਾਵਿ-ਕਲਾ ਬਾਰੇ ਪੁਰਾਣਾ ਅਤੇ ਮਸ਼ਹੂਰ ਪੰਜਾਬੀ ਕਿੱਸਾਕਾਰ ਅਹਿਮਦਯਾਰ ਲਿਖਦਾ ਹੈ ।

ਵਾਰਿਸ ਸ਼ਾਹ ਸੁਖਨ ਦਾ ਵਾਰਿਸ,
ਕਿਤੇ ਨਾ ਅਟਕਿਆ ਵਲਿਆ ।
ਪਰ ਮਿਨਰਾਹੀ ਚੱਕੀ ਵਾਗੂੰ
ਉਸ ਨਿੱਕਾ ਮੋਟਾ ਦਲਿਆ ।

ਭਾਵ ਵਾਰਿਸ ਦੀ ਟਕਸਾਲ ਵਿਚ ਆ ਕੇ ਹਰ ਸ਼ਬਦ ਵਿਸ਼ੇਸ਼ ਟਕਸਾਲੀ ਰੂਪ ਧਾਰਨ ਕਰ ਲੈਂਦਾ ਹੈ ਤੇ ਪ੍ਰਮਾਣਿਕ ਬਣ ਜਾਂਦਾ ਹੈ ।

**ਦੇਸੀ ਸ਼ਬਦ**

ਵਾਰਿਸ ਦੀ ਬੋਲੀ ਵਿਚ ਜਿਥੇ ਪੰਜਾਬੀ ਤੇ ਲਹਿੰਦੀ ਦਾ ਸੁੰਦਰ ਸੁਮੇਲ ਹੈ ਉਥੇ ਉਸ ਨੇ ਅਰਬੀ, ਫਾਰਸੀ ਤੋਂ ਛੁੱਟ ਭਾਰਤੀ ਅਸਲੇ ਦੇ ਸ਼ਬਦਾਂ ਨੂੰ ਟਕਸਾਲੀ ਪੰਜਾਬੀ ਦੇ ਭੂਸ਼ਣ ਪਵਾਏ ਹਨ, ਜਿਸ ਕਰਕੇ ਉਨ੍ਹਾਂ ਵਿਚ ਸਥਾਨਕ ਰੰਗ ਦੀ ਉਚਾਰ-ਮੌਲਿਕਤਾ ਆ ਗਈ ਹੈ, ਜਿਵੇ 'ਲੂਣ' ਦੀ ਥਾਂ 'ਨੂਨ' 'ਨਾਰੀਅਲ' ਦੀ ਥਾਂ ਨਰੇਲ ਤੇ 'ਜਨਮ' ਦੀ ਥਾਂ 'ਜਰਮ' । ਵਾਰਿਸ ਦੀ ਬੋਲੀ ਨਿਰੋਲ ਪੰਜਾਬੀ ਸੁਭਾਅ ਦੇ ਅਨੁਕੂਲ ਤੇ ਲੋਕਾਂ ਦੀ ਆਪਣੀ ਬੋਲੀ ਹੈ । ਬੋਲੀ ਵਿਚ ਲੋਕ-ਰੰਗ ਖਾਸ ਭਾਹ ਮਾਰਦਾ ਵਿਖਾਈ ਦਿੰਦਾ ਹੈ।

ਮੁੱਠੀ ਮੁੱਠੀ ਇਹ ਗੱਲ ਨਾ ਕਰੋ ਭੈਣੋ,
ਮੈ ਤਾਂ ਸੁਣਦਿਆਂ ਹੀ ਮਰ ਗਈ ਜੇ ਨੀ ।

ਕਈ ਥਾਂ ਵਾਰਿਸ ਦੀ ਬੋਲੀ ਵਿਚ ਸਾਧੂ ਭਾਖਾ ਜਾਂ ਸਾਧੁਕੜੀ ਦੀ ਅਦਭੁਤ ਮਿਲਾਵਟ ਦਿਸਦੀ ਹੈ, ਜਿਸ ਨਾਲ ਭਾਸ਼ਾ ਦਾ ਪ੍ਰਭਾਵ ਵਧਿਆ ਤੇ ਰੰਗ ਉਘੜਿਆ ਹੈ, ਜਿਵੇ :

ਹਮ ਭੁੱਖ ਨੇ ਬਹੁਤ ਹੈਰਾਨ ਕੀਤੇ,
ਹਮੀ ਕੁਦਰਤਾਂ ਨੂੰ ਦੀਦ ਮਾਰਤੇ ਜੀ ।

**ਮੁਹਾਵਰੇ**

ਮੁਹਾਵਰਾ ਹਰ ਭਾਸ਼ਾ ਦੀ ਜਾਨ ਹੁੰਦਾ ਹੈ । ਉਸਤਾਦ ਕਲਾਕਾਰ ਤੇ ਨਿਪੁੰਨ ਕਵੀ ਹੀ ਮੁਹਾਵਰੇ ਨੂੰ ਕਵਿਤਾ ਵਿਚ ਠੀਕ ਤਰ੍ਹਾਂ ਬੰਨ੍ਹ ਸਕਦਾ ਹੈ ।ਵਾਰਿਸ ਨੇ ਥਾਂ-ਪਰ-ਥਾਂ ਠੇਠ ਮੁਹਾਵਰੇ ਦੀ ਵਰਤੋਂ ਕੀਤੀ ਤੇ ਉਸ ਦੀਆਂ ਕਈ ਤੁਕਾਂ ਅਖੌਤਾਂ ਬਣ ਗਈਆਂ ਹਨ ।

ਡਾ. ਮੋਹਨ ਸਿੰਘ (ਪੰਜਾਬੀ ਦੁਨੀਆਂ, ਵਾਰਿਸ ਅੰਕ) ਨੇ ਮੁਹਾਵਰੇਦਾਰ ਜ਼ਬਾਨ ਨੂੰ ਵਾਰਿਸ ਦੀ ਸਭ ਤੋ ਪਹਿਲੀ ਖੂਬੀ ਦਸਿਆ ਹੈ । ਵਾਰਿਸ ਨੇ ਪੱਛਮੀ ਪੰਜਾਬ ਵਿਚ ਪ੍ਰਚਲਿਤ ਮੁਹਾਵਰੇ ਤੇ ਵਾਕਅੰਸ਼ ਕਲਾਮਈ ਢੰਗ ਨਾਲ ਵਰਤੇ ਹਨ ਜਿਵੇਂ:

ਗੱਲ ਤੋਰਨਾ, ਝੱਈਆ ਲੈਣਾ, ਜਾਗ ਲਗਣਾ, ਕੰਡ ਲਾਣਾ, ਲੀਕ ਲਾਵਣਾ, ਨੀਰ ਪਲੱਟਣਾ, ਲਾਜ ਪੈਣਾ, ਮੁੱਠੀ ਮੀਟਣਾ, ਨਿਹਚਾ ਕਰਨਾ ਆਦਿ ।

**ਅਟਲ ਸਚਾਈਆਂ**

ਹੀਰ-ਵਾਰਿਸ ਦੀ ਇਕ ਹੋਰ ਖੂਬੀ ਇਹ ਹੈ ਕਿ ਆਮ ਤੌਰ ਤੇ ਵਾਰਿਸ ਦੇ ਹਰ ਬੰਦ ਦੀ ਅੰਤਲੀ ਤੁਕ ਆਪਣੇ ਆਪ ਵਿਚ ਅੱਟਲ ਸਚਾਈ ਤੇ ਧੁਰ ਦੀ ਹਕੀਕਤ ਲੁਕਾਈ ਬੈਠੀ ਦਿਸਦੀ ਹੈ । ਇਹੀ ਕਾਰਣ ਹੈ ਕਿ ਉਸ ਦੀਆਂ ਅਜਿਹੀਆਂ ਤੁਕਾਂ ਸਾਧਾਰਣ ਲੋਕਾਂ ਦੇ ਮੂੰਹ ਚੜ੍ਹੀਆਂ ਹੋਈਆਂ, ਜਿਵੇ :

ਵਾਰਿਸ ਸ਼ਾਹ ਨਾ ਰੱਬ ਬਿਨ ਤਾਂਘ ਕੋਈ ।
ਵਾਰਿਸ ਸ਼ਾਹ ਇਹ ਇਸ਼ਕ ਦੀ ਨੌਕਰੀ ਨੇ,
ਦੰਮਾਂ ਬਾਝ ਗੁਲਾਮ ਕਰ ਛੱਡਿਆ ਈ ।
ਵਾਰਿਸ ਸ਼ਾਹ ਨਾ ਆਦਤਾਂ ਜਾਦੀਆਂ ਨੇ,
ਭਾਵੇ ਕੱਟੀਏ ਪੋਰੀਆਂ ਪੋਰੀਆਂ ਜੀ ।
ਵਾਰਿਸ ਸ਼ਾਹ ਲੁਕਾਈਏ ਜਗ ਕੋਲੋਂ,
ਭਾਵੇਂ ਆਪਣਾ ਹੀ ਗੁੜ ਖਾਈਏ ਜੀ ।
ਵਾਰਿਸ ਸ਼ਾਹ ਸਰਾਇ ਦੀ ਰਾਤ ਵਾਗੂੰ,
ਦੁਨੀਆਂ ਖਵਾਬ ਖਿਆਲ ਦੀ ਜਾਣਿਆ ਜੇ ।

**ਅਰਬੀ-ਫਾਰਸੀ ਸ਼ਬਦ**

ਵਾਰਿਸ ਨੇ ਅਰਬੀ-ਫਾਰਸੀ ਸ਼ਬਦਾਂ ਦਾ ਖੁੱਲ੍ਹਾ ਪ੍ਰਯੋਗ ਕੀਤਾ ਹੈ, ਪਰ ਤਤਸਮ ਸ਼ਬਦਾਂ ਨੂੰ ਲੈਣ ਦੀ ਥਾਂ ਤਦਭਵ ਸ਼ਬਦ ਬਣਾਉਣ ਉਤੇ ਵਧੇਰੇ ਜ਼ੋਰ ਦਿੱਤਾ ਹੈ । ਇਸ ਨਾਲ ਅਜਿਹੇ ਸ਼ਬਦ ਬਦੇਸ਼ੀ ਭਾਸ਼ਾ ਦੇ ਸ਼ਬਦ ਹੁੰਦਿਆਂ ਵੀ ਖਾਲਿਸ ਪੰਜਾਬੀ ਦੇ ਦਿਸਣ ਲਗ ਜਾਂਦੇ ਹਨ ਜਿਵੇਂ :

| | |
|---|---|
| ਮਖਬਲੀ | (ਮਖਮਲੀ ਵਾਸਤੇ) |
| ਅਸਵਾਰ | (ਸਵਾਰ ,, ) |
| ਫਰੇਸ਼ਤੇ | (ਫਰਿਸ਼ਤੇ ,, ) |
| ਤਗਾਜੜੇ | (ਤਕਾਜ਼ੇ ,, ) |

**ਸਮਾਸ :**

ਵਾਰਿਸ ਸ਼ਬਦਾਂ ਦਾ ਘੜਨਹਾਰਾ ਤੇ ਸੁੰਦਰ ਜੜੈਤਾ ਹੈ । ਉਸ ਨੇ ਅਨੇਕਾਂ ਨਵੇਂ ਨਵੇਂ ਸਮਾਸ ਬਣਾਏ ਤੇ ਵਰਤੇ ਹਨ । ਉਹ ਇਕ ਸੁਚੱਜੇ ਘੁਮਿਆਰ ਵਾਂਗ ਸ਼ਬਦਾਂ ਦੀ ਮਿੱਟੀ ਨੂੰ ਗੋਅ ਸਵਾਰ ਕੇ ਮੁੜ ਆਪਣੇ ਕਾਵਿ-ਚੱਕ ਉਤੇ ਚੜ੍ਹਾ ਕੇ ਉਨ੍ਹਾਂ ਦੇ ਨਵੇਂ ਰੂਪ ਬਣਾ ਲੈਂਦਾ ਹੈ, ਜਿਵੇਂ ਤਰਖੇਟੀਆਂ, ਜਟੇਟੀਆਂ ਆਦਿ ।

ਸਮਾਸ ਹਰ ਕੋਈ ਨਹੀਂ ਬਣਾ ਸਕਦਾ । ਇਕ ਸੁਘੜ ਨਿਪੁੰਨ ਭਾਸ਼ਾ ਵਿਗਿਆਨੀ ਹੀ ਇਕ ਜਾਂ ਦੋ ਭਾਸ਼ਾਵਾਂ ਦੇ ਦੋ ਸ਼ਬਦਾਂ ਨੂੰ ਲੈ ਕੇ ਉਨ੍ਹਾਂ ਦਾ ਇਕ ਨਵਾਂ ਰੂਪ ਘੜ ਸਕਦਾ ਹੈ, ਜਿਵੇਂ ਮਾਣ-ਮਤੀ, ਮੱਥਾ-ਮੁਨੀ, ਝੁੱਗ-ਪੱਟ, ਖੈਰ-ਹੱਥੀ, ਚੰਚਲ-ਹਾਰੀ, ਯਾਰ-ਮਿਲਾਵਣੀ, ਕੰਮ-ਸਵਾਰਣੀ ਆਦਿ ।

**ਵਾਰਿਸ ਦੀ ਹੀਰ ਦਾ ਅਲੰਕਾਰ-ਵਿਧਾਨ :**

ਅਲੰਕਾਰ ਕਵਿਤਾ ਦੇ ਭੂਸ਼ਣ ਜਾਂ ਗਹਿਣੇ ਹੁੰਦੇ ਹਨ, ਜਿਨ੍ਹਾਂ ਦਾ ਪ੍ਰਯੋਗ ਕਵਿਤਾ ਰੂਪੀ ਲਾੜੀ ਨੂੰ ਲੋੜ੍ਹੇ ਦਾ ਹੁਸਨ ਪ੍ਰਦਾਨ ਕਰਦਾ ਹੈ । ਉਸਦੇ ਮੁੱਖ ਤੇ ਲਾਲੀਆਂ ਭਾਹ ਮਾਰਨ ਲੱਗ ਜਾਂਦੀਆਂ ਹਨ । ਵਾਰਿਸ ਆਪਣੀ ਕਾਵਿ ਸ਼ਕਤੀ ਨੂੰ ਭਿੰਨ ਭਿੰਨ ਅਲੰਕਾਰਾਂ ਨਾਲ ਸਜਾ ਸੰਵਾਰ ਕੇ ਆਕਰਸ਼ਕ ਬਣਾ ਦਿੰਦਾ ਹੈ ਜੋ ਹਰ ਅੱਖ ਨੂੰ ਆਪਣੇ ਵੱਲ ਬਦੋਬਦੀ ਖਿੱਚ ਲੈਂਦੀ ਹੈ । ਅਲੰਕਾਰਾਂ ਵਿਚੋਂ ਰੂਪਕਾਂ ਤੇ ਉਪਮਾਵਾਂ ਦੀ ਵਰਤੋਂ ਵਿਸ਼ੇਸ਼ ਕਰਕੇ ਵਰਨਣ ਯੋਗ ਹੈ । ਤਸ਼ਬੀਹਾਂ ਦੀ ਵਰਤੋਂ ਵਾਰਿਸ ਦੀ ਵਿਸ਼ੇਸ਼ ਖੂਬੀ ਹੈ । ਜਿਥੇ ਵੀ ਵਾਰਿਸ ਨਾਇਕ ਜਾਂ ਨਾਇਕਾ ਦਾ ਰੂਪ ਚਿਤਰਦਾ ਹੈ, ਰੂਪਕ ਤੇ ਉਪਮਾ ਰਾਹੀਂ ਉਨ੍ਹਾਂ ਦਾ ਚਿਹਰਾ ਮੁਹਰਾ ਨਿਖਾਰ ਦੇਂਦਾ ਹੈ ।

**ਰੂਪਕ :**

ਕੇਹੀ ਹੀਰ ਦੀ ਕਰੇ ਤਾਰੀਫ ਸ਼ਾਇਰ,
ਮੱਥੇ ਚਮਕਦਾ ਹੁਸਨ ਮਹਿਤਾਬ ਦਾ ਜੀ ।
ਨੈਣ ਨਰਗਸੀ ਮਿਰਗ ਮਮੋਲੜੇ ਦੇ,
ਗੱਲਾਂ ਟਹਿਕੀਆਂ ਫੁੱਲ ਗੁਲਾਬ ਦਾ ਜੀ ।
ਦੰਦ ਚੰਬੇ ਦੀ ਲੜੀ ਕਿ ਹੰਸ ਮੋਤੀ,
ਕਦ ਸਰੂ ਬਹਿਸ਼ਤ ਗੁਲਜ਼ਾਰ ਵਿਚੋਂ ।
ਗਰਦਨ ਕੂੰਜ ਦੀ, ਉਂਗਲਾਂ ਰਵ੍ਹਾਂ ਫਲੀਆਂ,
ਹੱਥ ਕੂਲੜੇ ਬਰਗ ਚਨਾਰ ਵਿਚੋਂ ।

**ਉਪਮਾ ਅਲੰਕਾਰ :**

ਰੂਪਕ ਵਾਂਗ ਵਾਰਿਸ ਉਪਮਾ ਦੇ ਪ੍ਰਯੋਗ ਵਿਚ ਵੀ ਇਕ ਨਿਪੁੰਨ ਕਲਾਕਾਰ ਹੈ । ਉਹ ਬੜੀਆਂ ਢੁਕਵੀਆਂ ਤੇ ਖੂਬਸੂਰਤ ਉਪਮਾਵਾਂ ਨਾਲ ਭਾਵਾਂ ਵਿਚ ਤੀਬਰਤਾ ਲਿਆਉਂਦਾ ਹੈ, ਜਿਵੇਂ :

ਹੋਠ ਸੁਰਖ ਯਾਕੂਤ ਜਿਉਂ ਲਾਲ ਚਮਕਣ
ਸੁਰਖ ਰੰਗ ਜਿਉਂ ਰੰਗ ਸ਼ਰਾਬ ਦਾ ਜੀ ।
ਭਵਾਂ ਵਾਂਗ ਕਮਾਨ ਲਾਹੌਰ ਦੇ ਸਨ ।
ਇਵੇਂ ਸਰਕਦੀ ਆਂਵਦੀ ਲੋੜ੍ਹ ਲੁਟੀ ।
ਜਿਵੇਂ ਕੂੰਜ ਟੁਰ ਨਿਕਲੀ ਡਾਰ ਵਿਚੋਂ ।
ਜਿਸਦੇ ਨੱਕ ਬੁਲਾਕ ਜਿਉਂ ਕੁਤਬ ਤਾਰਾ, ਆਦਿ

**ਅਰਥ ਤੇ ਸ਼ਬਦ ਅਲੰਕਾਰ**

ਵਾਰਿਸ ਨੇ ਰੂਪਕ ਉਪਮਾ ਤੋਂ ਛੁੱਟ ਹੀਰ ਰਾਂਝੇ ਦੇ ਕਿੱਸੇ ਵਿਚ ਅਨੁਪ੍ਰਾਸ, ਯਮਕ ਦ੍ਰਿਸ਼ਟਾਂਤ, ਉਤਪ੍ਰੇਖਿਆ ਤੁਲਯੋਗਤਾ ਆਦਿ ਅਲੰਕਾਰਾਂ ਦੀ ਖਾਸ ਵਰਤੋਂ ਕੀਤੀ ਹੈ । ਵਿਰੋਧ ਮੂਲਕ ਅਲੰਕਾਰ ਬਹੁਤੇ ਨਹੀਂ ਵਰਤੇ । ਸ਼ਬਦ

ਅਲੰਕਾਰ ਵਿਚੋਂ ਅਨੁਪ੍ਰਾਸ ਦੇ ਪ੍ਰਯੋਗ ਨੇ ਕਿੱਸੇ ਨੂੰ ਖੂਬ ਸੰਵਾਰਿਆ ਸ਼ਿੰਗਾਰਿਆ ਹੈ ।

ਅਲੰਕਾਰਾਂ ਦੀਆਂ ਕੁਝ ਇਕ ਵੰਨਗੀਆਂ ਇਸ ਪ੍ਰਕਾਰ ਹਨ :

ਅਨੁਪ੍ਰਾਸ (ਜਦ ਕਈ ਸ਼ਬਦਾਂ ਦੇ ਪਹਿਲੇ ਅੱਖਰ ਇਕ ਸਮਾਨ ਹੋਣ)

ਮਨ ਮੰਨੇ ਦਾ ਵੈਦ ਹੁਣ ਆਇਆ ਨੀ
ਦੁਖ ਦਰਦ ਗਏ ਸੱਭੇ, ਹੀਰ ਵਾਲੇ,
ਸਾਵਣ ਮਾਂਹ ਜੇ ਮੀਂਹ ਵਰਸਾਇਆ ਨੀ ।

ਯਮਕ (ਇਕ ਸ਼ਬਦ ਬਾਰ ਬਾਰ ਤੇ ਵੱਖ ਵੱਖ ਅਰਥਾਂ ਵਿਚ ਆਵੇ)

ਹੋਣ ਨਿਤ ਬਹਾਰਾਂ ਤੇ ਰੰਗ ਘਣੇ
ਵਿਚ ਬੇਲਿਆਂ ਦੇ ਨਾਲ ਬੇਲੀਆਂ ਦੇ ।
ਸਾਨੂੰ ਰੱਬ ਨੇ ਯਾਰ ਮਿਲਾਇ ਦਿਤਾ
ਭੁਲ ਗਏ ਪਿਆਰ ਅਲਬੇਲੀਆਂ ਦੇ ।

ਉਤਪ੍ਰੇਖਿਆ (ਕਾਵਿਕ ਕਲਪਨਾਂ ਜਾਂ ਖਿਆਲ)

ਮਸਜਿਦ ਬੇਤਲਅਤੀਕ ਮਿਸਾਲ ਆਹੀ
ਖਾਨੇ ਕਾਬਿਉਂ ਡੌਲ ਉਤਾਰਿਆ ਨੇ ।
ਗੋਇਆ ਅਕਸਾ ਕੇ ਨਾਲ ਦੀ ਭੈਣ ਦੂਜੀ
ਸ਼ਾਇਦ ਸੰਦਲੀ ਨਰ ਸਵਾਰਿਆ ਨੇ ।

ਤਲਯੋਗਤਾ (ਸਮਾਨ ਜੋੜੇ)

ਮਾਣ-ਮੱਤੀਏ ਰੂਪ ਗੁਮਾਨ-ਭਰੀਏ
ਮਾਨਖੇਲੀਏ ਰੰਗ-ਰੰਗੀਲੀਏ ਨੀ

ਦ੍ਰਿਸ਼ਟਾਂਤ (ਮਿਸਾਲ)

ਝੰਡਾ ਗੱਡ ਅਮੀਰ ਫਕੀਰ ਬੈਠੇ, ਕੌਣ ਪੁਛਦਾ ਕਿਹੜੀ ਥਾਉਂਦਾ ਨੀ ।
ਜਿਵੇਂ ਸ਼ਮ੍ਹਾਂ ਤੇ ਡਿਗਣ ਪੰਤਗ ਧੜ-ਧੜ, ਲੰਘ ਨਦੀ ਮੁਹਾਇਣਾ ਆਉਂਦਾ ਨੀ ।

**ਇਤਿਹਾਸਕ ਅਤੇ ਮਿਥਿਹਾਸਕ ਹਵਾਲੇ :**

ਵਾਰਿਸ ਨੇ ਭਾਵਾਂ ਨੂੰ ਸਪਸ਼ਟ ਕਰਨ ਲਈ ਅਨੇਕਾਂ ਇਤਿਹਾਸਕ-ਮਿਥਿਹਾਸਕ ਹਵਾਲੇ (ਹਿੰਦੂ-ਮੁਸਲਿਮ ਮਿਥਿਹਾਸ ਦੇ) ਦਿੱਤੇ ਹਨ, ਵਿਸ਼ੇਸ਼ ਕਰਕੇ ਸਾਮੀ ਤੇ ਮੁਸਲਮਾਨੀ ਹਵਾਲੇ :

ਰੱਬਾ ਉਹ ਪਾਈਂ ਕਹਿਰ ਸ਼ਹਿਰ ਉਤੇ
ਜਿਹੜਾ ਘੱਤ ਫਰਾਉਨ ਡੁਬਾਇਆ ਈ ।
ਜਿਹੜਾ ਨਾਜ਼ਿਲ ਸੀ ਹੋਇਆ ਜ਼ਕਰੀਏ ਤੇ
ਉਹਨੂੰ ਘੱਤ ਸ਼ਰੀਂਹ ਚਿਰਵਾਇਆ ਈ ।
ਜਿਹੜਾ ਪਾਇਕੇ ਕਹਿਰ ਤੇ ਨਾਲ ਗੁੱਸੇ
ਵਿਚ ਅੱਗ ਖਲੀਲ ਪਵਾਇਆ ਈ ।
ਜਿਹੜਾ ਪਾਇਕੇ ਕਹਿਰ ਤੇ ਸੱਟ ਤਖਤੋਂ
ਸੁਲੇਮਾਨ ਨੂੰ ਭੱਠ ਝੁਕਾਇਆ ਈ ।

ਇਸੇ ਤਰ੍ਹਾਂ ਯੂਨਸ, ਇਸਮਾਈਲ, ਯੂਸਫ, ਇਮਾਮ ਹੁਸੈਨ, ਯਜ਼ੀਦ, ਹਸਨ ਆਦਿ ਬਾਰੇ ਸੰਕੇਤ ਕੀਤੇ ਹਨ । ਹਿੰਦੂ, ਪੌਰਾਣਿਕ ਆਦਿ ਹਵਾਲੇ :

ਜਿਵੇਂ ਇੰਦਰ ਤੇ ਕਹਿਰ ਦੀ ਨਜ਼ਰ ਕਰ ਕੇ
ਮਹਿਖਾਸੁਰੋਂ ਪੁਰੀ ਲੁਟਵਾਇਆ ਈ ।

ਰਕਤਬੀਜ, ਨੀਲ, ਵਿਸ਼ਵਾ ਮਿੱਤਰ, ਰਾਵਣ, ਰਾਮ, ਪਾਂਡਵ, ਕੌਰਵ, ਹਰਨਾਕਸ਼, ਕੰਸ, ਕਾਨ੍ਹ, ਦਰੋਪਤੀ, ਲਛਮਣ,

ਕੁੰਭਕਰਣ ਆਦਿ ਬਾਰੇ ਹਵਾਲੇ ਦਿਤੇ ਗਏ ਹਨ ।

ਇਨ੍ਹਾਂ ਸੰਕੇਤਾਂ ਤੋਂ ਸਿੱਧ ਹੁੰਦਾ ਹੈ ਕਿ ਵਾਰਿਸ ਦਾ ਹਿੰਦੂ, ਮੁਸਲਮਾਨੀ, ਸਾਮੀ ਤੇ ਪੌਰਾਣਿਕ ਗਿਆਨ ਬਹੁਤ ਵਿਸ਼ਾਲ ਸੀ ।

**ਪ੍ਰਕ੍ਰਿਤੀ ਚਿਤਰਣ :**

ਵਾਰਿਸ ਨੇ ਕਈ ਥਾਂ ਭਾਵ ਪ੍ਰਗਟਾਉਣ ਲਈ ਪ੍ਰਕ੍ਰਿਤੀ ਨੂੰ ਸ਼ਬਦਾਂ ਦੇ ਚਿਤਰਪਟ ਉਤੇ ਇਕ ਕਲਾਕਾਰ ਚਿਤਰਕਾਰ ਵਾਂਗ ਚਿੱਤਰਿਆ ਹੈਂ ਜਿਵੇਂ :

- ਚਿੜੀ ਚੂਹਕਦੀ ਨਾਲ ਜਾਂ ਤੁਰੇ ਪਾਂਧੀ,
- ਪਈਆਂ ਦੁੱਧ ਦੇ ਵਿਚ ਮਧਾਣੀਆਂ ਨੀ ।

- ਠਾਠਾਂ ਮਾਰ ਫਿਰਾਕ ਦੀ ਕਾਂਗ ਆਈ
- ਜੀਉ ਡੁੱਬਦਾ ਤੇ ਗੋਤੇ ਖਾਉਂਦਾ ਏ ।

- ਸਿਰ ਬੱਦਲ ਕੜਕਦਾ ਇਸ਼ਕ ਵਾਲਾ
- ਅਤੇ ਕਹਿਰ ਦੀ ਬੂੰਦ ਵਸਾਉਂਦਾ ਹੈ ।

**ਦ੍ਰਿਸ਼ ਚਿਤਰਣ :**

ਵਾਰਿਸ ਕਿਸੇ ਵੀ ਦ੍ਰਿਸ਼ ਨੂੰ ਚਿਤਰਣ ਲਗਿਆ ਉਸ ਨੂੰ ਇੰਨ ਬਿਨ ਅੱਖਾਂ ਸਾਹਮਣੇ ਲਿਆ ਸਾਕਾਰ ਕਰਦਾ ਹੈ, ਜਿਵੇਂ :

ਕਹੀਂ ਕੋਰੀਆਂ, ਚਾਟੀਆਂ ਨੇਹੀਆਂ ਨੇ ।
ਕਹੀਂ ਕਿੱਲੀਆਂ ਨਾਲ ਮਧਾਣੀਆਂ ਨੀ ।
ਛੱਤ ਨਾਲ ਟੰਗੇ ਹੋਏ ਨਜ਼ਰ ਆਵਣ
ਖੋਪੇ ਨਾੜ੍ਹੀਆਂ ਅਤੇ ਪਰਾਣੀਆਂ ਨੀ ।
ਕੋਈ ਪਲੰਘ ਉਤੇ ਨਾਗਰ ਵੇਲ ਪਈ
ਜਿਹੀਆਂ ਰੰਗ-ਮਹਿਲ ਵਿਚ ਰਾਣੀਆਂ ਨੀ ।

ਪਿੰਡ ਦੇ ਕਿਸੇ ਵੀ ਤਕੜੇ ਖਾਂਦੇ-ਪੀਦੇ ਜੱਟ ਦੇ ਘਰ ਦਾ ਦ੍ਰਿਸ਼ ਸਾਹਮਣੇ ਆ ਖਲੋਂਦਾ ਹੈ, ਜਿਥੇ ਕਮਰੇ ਵਿਚ ਜੱਟੀ ਪਲੰਘ ਉਤੇ ਸਜੀ ਬੈਠੀ ਹੋਵੇ । ਆਲੇ ਦੁਆਲੇ ਕੰਧਾਂ ਉਤੇ ਖੇਤੀ ਦੇ ਸਾਰੇ ਸੰਦ ਲਟਕਦੇ ਪਏ ਦਿਸਦੇ ਹੋਣ । ਪਿੰਡ ਦੇ ਖੂਹ ਦਾ ਦ੍ਰਿਸ਼ ਵੇਖੋ :

ਅਗੇ ਪਿੰਡ ਦੇ ਖੂਹ ਤੇ ਭਰਨ ਪਾਣੀ
ਕੁੜੀਆਂ ਘੱਤਿਆਂ ਹੱਸ ਖਰੱਸਿਆਂ ਈ ।
ਪਾਣੀ ਪੀ ਠੰਡਾ ਛਾਵੇਂ ਘੋਟ ਬੂਟੀ
ਉਸ ਪਿੰਡ ਦਾ ਨਾਉਂ ਖਰਖੱਸਿਆਂ ਈ ।

**ਹੀਰ ਵਾਰਿਸ ਵਿਚ ਨਾਟਕੀ ਰੰਗ**

ਵਾਰਿਸ ਨੇ ਹੀਰ ਰਾਂਝੇ ਦੇ ਕਿੱਸੇ ਨੂੰ ਇਕ ਪ੍ਰਕਾਰ ਨਾਟਕੀ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ । ਇਸੇ ਆਸ਼ੇ ਦੀ ਪੂਰਤੀ ਲਈ ਉਹ ਮੌਕਾ-ਮੇਲ ਪੈਦਾ ਕਰਦਾ ਹੈ, ਵਾਰਤਾਲਾਪ ਤੇ ਸੰਵਾਦ ਦਾ ਨਾਟਕੀ ਢੰਗ ਵਰਤਦਾ ਹੈ । ਭਰਜਾਈਆਂ ਤੇ ਭਾਈਆਂ ਨਾਲ ਰਾਂਝੇ ਦਾ ਸੰਵਾਦ, ਮੌਲਵੀ ਤੇ ਰਾਂਝੇ ਦਾ, ਮੱਲਾਹ ਤੇ ਰਾਂਝੇ ਦਾ, ਹੀਰ ਤੇ ਰਾਂਝੇ ਦਾ, ਹੀਰ ਤੇ ਮਾਂ ਦਾ, ਹੀਰ ਤੇ ਬਾਪ ਦਾ, ਹੀਰ ਤੇ ਕਾਜ਼ੀ ਦਾ, ਰਾਂਝੇ ਤੇ ਬਾਲਨਾਥ ਦਾ, ਰਾਂਝੇ ਤੇ ਅੱਯਾਲੀ ਦਾ, ਰਾਂਝੇ ਤੇ ਜੱਟ ਜੱਟੀ ਦਾ, ਜੋਗੀ ਰਾਂਝੇ ਤੇ ਸਹਿਤੀ ਦਾ, ਜੋਗੀ ਤੇ ਹੀਰ ਦਾ, ਹੀਰ ਤੇ ਸਹਿਤੀ ਦਾ, ਜੋਗੀ ਤੇ ਸੈਦੇ ਦਾ, ਜੋਗੀ ਤੇ ਅੱਜੂ ਦਾ, ਜੋਗੀ ਤੇ ਖੇੜਿਆ ਦਾ, ਜੋਗੀ ਤੇ ਰਾਜੇ ਅਦਲੀ ਦਾ । ਇਹ ਸਭ ਸੰਵਾਦ ਕਿੱਸੇ ਨੂੰ ਨਾਟਕੀ ਛੋਹਾਂ ਬਖਸ਼ਦੇ ਹਨ ਤੇ ਵਾਰਤਾ ਨੂੰ ਸੰਜੀਵ ਬਣਾਉਂਦੇ ਹਨ ।

ਜਦ ਰਾਂਝਾ ਝਨ੍ਹਾਂ ਕੰਢੇ ਆ ਕੇ ਹੀਰ ਦੀ ਬੇੜੀ ਵਿਚਲੇ ਪਲੰਘ ਉਤੇ ਆ ਕੇ ਸੌਂ ਜਾਂਦਾ ਹੈ ਤਾਂ ਉਹ ਗੁੱਸੇ ਵਿਚ

ਆ ਕੇ ਉਸ ਨੂੰ ਛਮਕਾਂ ਮਾਰ ਕੇ ਉਠਾਉਂਦੀ ਹੈ ਤਾਂ ਰਾਂਝਾ ਉਠ ਕੇ 'ਵਾਹ ਸੱਜਣ' ਕਹਿੰਦਾ ਹੈ । ਬਸ ਇਨ੍ਹਾਂ ਦੋ ਸ਼ਬਦਾਂ ਨੇ ਉਨ੍ਹਾਂ ਦੇ ਇਸ਼ਕ ਦੇ ਕਿੱਸੇ ਦਾ ਮੁੱਢ ਬੰਨ ਦਿੱਤਾ । ਦੋਵੇਂ ਹਮੇਸ਼ਾਂ ਲਈ ਇਕ ਦੂਜੇ ਦੇ ਹੋ ਗਏ । ਵਾਰਿਸ ਨੇ ਇਕ ਨਾਟਕਕਾਰ ਵਾਂਗ ਇਸ ਦ੍ਰਿਸ਼ ਨੂੰ ਚਿੱਤਰਿਆ ਹੈ :

ਕੂਕੇ ਮਾਰ ਹੀ ਮਾਰ ਕਿ ਪਕੜ ਛਮਕਾਂ
ਪਰੀ ਆਦਮੀ ਤੇ ਕਹਿਰਵਾਨ ਹੋਈ ।
ਰਾਂਝੇ ਉਠ ਕੇ ਆਖਿਆ 'ਵਾਹ ਸੱਜਣ'
ਹੀਰ ਹੱਸ ਕੇ ਤੇ ਮੇਹਰਬਾਨ ਹੋਈ ।

ਇਸੇ ਤਰ੍ਹਾਂ ਹੀਰ ਦੀਆਂ ਸਹੇਲੀਆਂ ਦਾ ਕੈਦੋਂ ਉਤੇ ਟੁੱਟ ਪੈਣਾ ਤੇ ਉਸ ਦੀ ਝੁੱਗੀ ਨੂੰ ਸਾੜ ਸੁਆਹ ਕਰਨਾ ਇਕ ਨਾਟਕੀ ਦ੍ਰਿਸ਼ ਹੈ ਜੋ ਵਾਰਿਸ ਨੇ ਕਲਾਕਾਰ ਵਾਂਗ ਪੇਸ਼ ਕੀਤਾ ਹੈ :

ਗਲ ਪਾਇ ਕੇ ਸੇਲ੍ਹੀਆਂ ਲਾਹ ਟੋਪੀ
ਪਾੜ ਜੁਲੀਆਂ ਸੰਘ ਨੂੰ ਘੁਟਿਓ ਨੇ ।
ਭੰਨ ਮੋਰ ਤੇ ਕੁਟੱਕੇ ਛੜਨ ਲੱਤੀ
ਰੋੜ੍ਹ ਵਿਚ ਖੁੜੱਲ ਦੇ ਸੁੱਟਿਓ ਨੇ ।
ਝੰਜੋੜ ਸਿਰ ਤੋੜ ਕੇ ਘੱਤ ਮੂਧਾ
ਲਾਗੜ ਪਾੜ ਕੇ ਧੜਾ-ਧੜ ਕੁਟਿਓ ਨੇ ।
ਵਾਰਿਸ਼ ਸਾਹ ਦਾੜੀ ਪੁਟ ਫਾੜ ਲਾਗੜ
ਇਹ ਅਖੱਟੜੇ ਹੀ ਚਾਇ ਸੁਟਿਓ ਨੇ ।

ਖੇਤ ਵਿਚ ਹੀਰ, ਸਹਿਤੀ ਤੇ ਉਸ ਦੀਆਂ ਸਹੇਲੀਆਂ ਦਾ ਕਪਾਹ ਚੁਗਣਾ ਤੇ ਹੀਰ ਨੂੰ ਕੰਡਾ ਚੁਭੋਣਾ ਵੀ ਇਕ ਨਾਟਕੀ ਦ੍ਰਿਸ਼ ਹੈ :

ਫੌਜ ਹੁਸਨ ਦੀ ਖੇਤ ਵਿਚ ਖਿੰਡ ਪਈਆਂ ।
ਤੁਰਤ ਚਾ ਲੰਗੋਟੜੇ ਵੱਟਿਓ ਨੇ ।
ਸੰਮੀ ਘਤਦੀਆਂ ਮਾਰਦੀਆਂ ਫਿਰਨ ਗਿੱਧਾ
ਲੁੱਡੀ ਮਾਰ ਬੰਨਾ ਵੱਟ ਪਟਿਓ ਨੇ ।
ਤੋੜ ਕਿੱਕਰ ਸੂਲ ਦਾ ਵੱਡਾ ਕੰਡਾ
ਪੈਰ ਚੋਭ ਕੇ ਖੂਨ ਪਲੱਟਿਓ ਨੇ ।
ਸਹਿਤੀ ਮਾਂਦਰੀ ਫੱਨ ਦਾ ਨਾਗ ਭਛਿਆ
ਦੰਦ ਮਾਰ ਕੇ ਖੂਨ ਉਲੱਟਿਓ ਨੇ ।

ਕੁੜੀਆਂ ਕਾਲੇ ਬਾਗ ਵਿਚ ਜੋਗੀ ਰਾਂਝੇ ਉਪਰ ਧਾਵਾ ਬੋਲਦੀਆਂ ਹਨ । ਜੋਗੀ ਕੁੜੀਆਂ ਮਗਰ ਨੱਠਦਾ ਹੈ ਤੇ ਅਖੀਰ ਇਕ ਨੂੰ ਫੜ ਕੇ ਫੌਹੜੀ ਮਾਰਨ ਲਗਦਾ ਹੈ। ਉਹ ਤਰਲੇ ਕਰਦੀ ਹੈ ਤੇ ਆਖਰ ਹੀਰ ਨੂੰ ਮਿਲਾਣ ਦੀ ਸ਼ਰਤ ਉਤੇ ਛੁੱਟ ਆਉਂਦੀ ਹੈ । ਇਹ ਸਭ ਦ੍ਰਿਸ਼ ਨਾਟਕੀ ਹਨ ਤੇ ਵਾਰਿਸ ਦੀ ਕਲਾ ਦੇ ਪ੍ਰਤੀਕ ਹਨ ।

**ਹੀਰ ਵਾਰਿਸ ਦਾ ਛੰਦ-ਵਿਧਾਨ :**

ਵਾਰਿਸ ਦਾ ਗਿਆਨ ਤੇ ਜਾਣਕਾਰੀ ਵਿਸ਼ਾਲ ਹਨ । ਉਹ ਵਸਤੂ ਵੇਰਵਾ ਦੇਣ ਵਿਚ ਉਸਤਾਦ ਹੈ । ਉਹ ਇਸਤਰੀਆਂ ਦੀਆਂ ਕਿਸਮਾਂ ਗਿਣਣ ਲੱਗਿਆ, ਸਾਧਾਂ ਦੀਆਂ ਸੰਪਰਦਾਵਾਂ, ਕਪੜੇ, ਗਹਿਣੇ, ਭਾਂਡੇ, ਪੁਸਤਕਾਂ, ਖਾਣੇ ਤੇ ਪਕਵਾਨਾ, ਮਿਠਾਈਆਂ ਤੇ ਚਾਵਲਾਂ, ਨਾਥਾਂ ਅਵਤਾਰਾਂ, ਸੱਪਾ, ਜਾਨਵਰਾਂ, ਬੀਮਾਰੀਆਂ ਅਤੇ ਰਾਗ-ਰਾਗਣੀਆਂ ਦੀਆਂ ਕਿਸਮਾਂ ਗਿਣਨ ਲਗਿਆ ਬਸ ਹੀ ਨਹੀਂ ਕਰਦਾ । ਇਉਂ ਪ੍ਰਤੀਤ ਹੁੰਦਾ ਹੈ ਕਿ ਉਹ ਇਕ ਮਹਾਨ-ਕੋਸ਼ ਹੈ ਜਿਸ ਵਿਚੋਂ ਹਰ ਪ੍ਰਕਾਰ ਦੀ ਜਾਣਕਾਰੀ ਸਹਿਜੇ ਹੀ ਪ੍ਰਾਪਤ ਹੋ ਸਕਦੀ ਹੈ । ਇਹ ਵੀ ਉਸ ਦੀ ਕਾਵਿ-ਕਲਾ ਦੀ ਇਕ ਵਿਸ਼ੇਸਤਾਈ ਹੈ ।

**ਬੈਂਤ**

ਵਾਰਿਸ ਤੋਂ ਪਹਿਲਾਂ ਅਹਿਮਦ ਗੁੱਜਰ ਤੇ ਮੁਕਬਲ ਨੇ ਹੀਰ ਦਾ ਕਿੱਸਾ ਬੈਂਤਾਂ ਵਿਚ ਲਿਖਿਆ ਪਰ ਵਾਰਿਸ ਨੇ ਬੈਂਤ ਛੰਦ ਨੂੰ ਪ੍ਰਮਾਣਿਕ ਬਣਾ ਕੇ ਸਫਲ ਪ੍ਰਯੋਗ ਕੀਤਾ ਤੇ ਇਸ ਛੰਦ ਨੂੰ ਲੋਕ-ਪ੍ਰਿਯ ਬਣਾਇਆ । ਬੈਂਤ ਦੇ ਚਰਣ ਦੀਆਂ 40 ਮਾਤ੍ਰਾਵਾਂ ਹੁੰਦੀਆਂ ਹਨ ਅਤੇ 20,20 ਉਪਰ ਬਿਸਰਾਮ ਦਾ ਨਿਯਮ ਹੁੰਦਾ ਹੈ । ਵਾਰਿਸ ਨੇ ਬੈਂਤ ਦੀ ਵਰਤੋਂ ਕਰਨ ਲੱਗਿਆਂ ਨਾ ਤਾਂ ਮਾਤ੍ਰਾਵਾਂ ਦੀ ਗਿਣਤੀ ਤੇ ਨਾ ਪੰਕਤੀਆਂ ਦੇ ਬੰਧਨ ਨੂੰ ਮੰਨਿਆ ਹੈ । ਬੰਦਾਂ ਵਿਚ ਤੁਕਾਂ ਵੀ ਇਕ ਸਮਾਨ ਨਹੀਂ । ਬੈਂਤ ਵਿਚ ਵਾਰਿਸ ਬਹੁਤ ਘੱਟ ਊਣਤਾਈ ਆਉਣ ਦਿੰਦਾ ਹੈ । ਵਾਰਿਸ ਦੇ ਬੈਂਤ ਬਹਿਰ ਤੇ ਪੂਰੇ ਪੂਰੇ ਢੁਕਦੇ ਹਨ । ਛੰਦਾਂ-ਬੰਦੀ ਵਿਚ ਸ਼ਾਇਦ ਹੀ ਵਾਰਿਸ ਜਿਹੇ ਛੰਦਾਂ-ਬੰਦੀ ਦੇ ਵਿਗਿਆਨੀ ਨੇ ਕਿਧਰੇ ਭੁਲ ਖਾਧੀ ਹੋਵੇ ਜਾਂ ਕਿਧਰੇ ਗਲਤ ਪ੍ਰਯੋਗ ਕੀਤਾ ਹੋਵੇ । ਛੰਦ ਵਿਚ ਸੁਰ ਤੇ ਲੈਅ ਨੂੰ ਕਾਇਮ ਰੱਖਣ ਲਈ ਵਾਰਿਸ ਥਾਂ-ਪਰ-ਥਾਂ ਸ਼ਬਦਾਂ ਨੂੰ ਸੰਕੁਚਿਤ ਕਰ ਲੈਂਦਾ ਹੈ ਤੇ ਉਹ 'ੜ' ਦੀ ਵਰਤੋਂ ਕਰਕੇ ਸ਼ਬਦਾਂ ਵਿਚ ਵਧੇਰੇ ਰਸ ਭਰ ਦਿੰਦਾ ਹੈ । ਵੀਹਾਂ ਮਾਤਰਾਵਾਂ ਵਿਚ ਪੈਂਦੇ ਖੱਪੇ ਨੂੰ 'ੜ' ਦੀ ਵਰਤੋਂ ਨਾਲ ਪੂਰ ਲੈਂਦਾ ਹੈ ਜਾਂ ਫਿਰ ਲਘੂ ਸੁਰਾਂ ਨੂੰ ਦੀਰਘ ਬਣਾ ਕੇ ਇਹ ਕੰਮ ਸਾਰ ਲੈਂਦਾ ਹੈ ।

ਵਾਰਿਸ ਦੀ ਹੀਰ ਵਿਚ ਭਾਵੇਂ ਕਈ ਇਤਿਹਾਸਕ ਭੁੱਲਾਂ, ਅਸੰਗਤ ਘਟਨਾਵਾਂ, ਨਿਆਇਕ ਤਰੁੱਟੀਆਂ, ਅਸੱਭਯ ਪਦਾਂ ਦੀ ਵਰਤੋਂ, ਛੰਦਾਂ ਬੰਦੀ ਦੀਆਂ ਉਣਤਾਈਆਂ, ਵਿਸਥਾਰ, ਲੰਮੇ ਸੰਵਾਦ, ਵਾਦ-ਵਿਵਾਦ ਆਦਿ ਦੋਸ਼ ਮੰਨੇ ਜਾਂਦੇ ਹਨ, ਪਰ ਉਸ ਦੀ ਬੋਲੀ ਸ਼ੈਲੀ ਤੇ ਸ਼ਬਦਾਵਲੀ ਦੇ ਗੁਣ ਉਨ੍ਹਾਂ ਦੋਸ਼ਾਂ ਨੂੰ ਕੱਜ ਲੈਂਦੇ ਹਨ ਤੇ ਉਹ ਇਕ ਮਹਾਨ ਕਲਾਕਾਰ ਕਿੱਸਾ ਕਵੀ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦਾ ਹੈ । ਸਮੁੱਚੇ ਵਿਸਲੇਸ਼ਣ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਬੋਲੀ ਤੇ ਸ਼ੈਲੀ ਦੇ ਪੱਖ ਤੋਂ ਵਾਰਿਸ ਦੀ ਹੀਰ ਪੰਜਾਬੀ ਕਿੱਸਾਕਾਰੀ ਦਾ ਅਦਭੁੱਤ ਨਮੂਨਾ ਹੈ ਤੇ ਕਿੱਸਾ-ਕਾਵਿ ਦਾ ਸ਼ਾਹਕਾਰ ਹੈ । ਵਾਰਿਸ ਦੇ ਕਿੱਸੇ ਦੀ ਬੋਲੀ ਤੇ ਸ਼ੈਲੀ ਦਾ ਸਿਖਰ ਤੇ ਨਿਖਾਰ ਨਾਇਕਾ ਦੀ ਸੁੰਦਰਤਾ ਦਾ ਵਰਣਨ, ਬ੍ਰਿਹਾ ਵੈਰਾਗ ਦਾ ਅਵਸਥਾ ਚਿਤਰਨ, ਪ੍ਰਾਕ੍ਰਿਤੀ ਚਿਤਰਨ, ਸੰਵਾਦ ਦੁਆਰਾ ਨਾਟਕੀ ਰੰਗ ਭਰਨ ਤੇ ਬੈਂਤ ਵਿਚ ਸੁਰਤਾਲ ਤੇ ਲੈਅ ਨੂੰ ਤੀਬਰ ਬਣਾਉਣ ਸਮੇਂ ਆਉਂਦਾ ਹੈ । ਨਿਰਸੰਦੇਹ ਇਨ੍ਹਾਂ ਗੁਣਾਂ ਨੇ ਉਹਦੀ ਕਾਵਿ-ਕਲਾ ਨੂੰ ਖੂਬ ਚਮਕਾਇਆ ਹੈ ਤੇ ਉਸ ਨੂੰ ਮਹਾਨ ਕਲਾਕਾਰ ਦੇ ਰੂਪ ਵਿਚ ਪੇਸ਼ ਕੀਤਾ ਹੈ ।

**(ਪਾਠ ਸਾਰ)**

1. ਵਾਰਿਸ ਦੀ ਬੋਲੀ ਠੇਠ ਪੰਜਾਬੀ ਤੇ ਟਕਸਾਲੀ ਹੈ, ਜਿਸ ਵਿਚੋਂ ਲਹਿੰਦੀ ਦਾ ਰੰਗ ਭਾਹ ਮਾਰਦਾ ਹੈ ।
2. ਵਾਰਿਸ ਭਿੰਨ-ਭਿੰਨ ਸ਼ਬਦ-ਬਣਤਰਾਂ, ਸਮਾਸਾਂ, ਵਿਆਕਰਣਕ ਰੂਪਾਂ ਦਾ ਸੁਚੱਜਾ ਘੜਨਹਾਰਾ ਹੈ । ਉਹ ਸ਼ਬਦਾਂ ਦਾ ਜਾਦੂਗਰ ਹੈ ।
3. ਵਾਰਿਸ ਨੇ ਅਲੰਕਾਰਾਂ ਦੀ ਸੁੰਦਰ ਵਰਤੋਂ ਕੀਤੀ ਹੈ । ਰੂਪਕ ਤੇ ਉਪਮਾ ਦੇ ਪ੍ਰਯੋਗ ਵਿਚ ਉਹ ਮਾਹਿਰ ਹੈ ।
4. ਵਾਰਿਸ ਨਾਟਕੀ ਰੰਗ ਭਰਨ, ਨਾਟਕੀ ਛੂਹਾਂ ਦੇਣ, ਸੰਵਾਦ ਤੇ ਵਾਦ-ਵਿਵਾਦ ਦੁਆਰਾ ਕਿੱਸੇ ਨੂੰ ਲਮਕਾਉਣ ਵਿਚ ਉਸਤਾਦ ਹੈ । ਉਸ ਨੇ ਪ੍ਰਸ਼ਨੋਤਰੀ ਢੰਗ ਨੂੰ ਅਪਣਾਇਆ ਹੈ ।
5. ਵਾਰਿਸ ਪ੍ਰਕ੍ਰਿਤੀ ਦੇ ਦ੍ਰਿੱਸ਼ ਚਿਤਰਨ ਵਿਚ ਪ੍ਰਬੀਨ ਚਿਤਰਕਾਰ ਹੈ ।
6. ਵਾਰਿਸ ਅਨੇਕਾਂ ਇਤਿਹਾਸਕ ਮਿਥਿਹਾਸਕ ਹਵਾਲੇ ਪੇਸ਼ ਕਰਦਾ ਹੈ ਜਿਨ੍ਹਾਂ ਰਾਹੀਂ ਉਹ ਆਪਣੇ ਭਾਵਾਂ ਪ੍ਰਭਾਵਾਂ ਵਿਚ ਤੀਬਰਤਾ ਤੇ ਸ਼ਪਸ਼ਟਤਾ ਲਿਆਉਂਦਾ ਹੈ ।
7. ਵਾਰਿਸ ਰੂਪ ਚਿਤਰਨ, ਅੰਗ ਚਿਤਰਨ ਤੇ ਵਿਸ਼ੇਸ ਕਰਕੇ ਨਾਇਕ-ਨਾਇਕਾ ਦੀ ਸੁੰਦਰਤਾ ਨੂੰ ਰੂਪਮਾਨ ਕਰਕੇ ਕਿੱਸੇ ਨੂੰ ਰੰਗੀਨ ਬਣਾ ਦਿੰਦਾ ਹੈ ।
8. ਵਾਰਿਸ ਬ੍ਰਿਹਾ-ਵਿਯੋਗ ਦੇ ਭਾਵਾਂ ਨੂੰ ਸਫਲਤਾ ਸਹਿਤ ਪ੍ਰਗਟਾਉਂਦਾ ਹੈ ।
9. ਵਾਰਿਸ ਦੀ ਜਾਣਕਾਰੀ ਤੇ ਉਸ ਦਾ ਪਦਾਰਥ ਗਿਆਨ ਵਿਸ਼ਾਲ ਹਨ । ਤੱਤਸਮ ਦੀ ਥਾਂ ਤੱਦਭਵ ਸ਼ਬਦਾਂ ਦਾ ਵਧੇਰੇ ਪ੍ਰਯੋਗ ਕੀਤਾ ਹੈ ।
10. ਵਾਰਿਸ ਨੇ ਬੈਂਤ ਪ੍ਰਮਾਣਿਕ ਬਣਾਇਆ ਤੇ ਉਸ ਦੀ ਸਹੀ, ਸੁਚੱਜੀ ਸਫਲ ਵਰਤੋਂ ਕੀਤੀ ਹੈ ।
11. ਵਾਰਿਸ ਨੇ ਤੁਕਾਂ, ਪੰਕਤੀਆਂ ਜਾਂ ਬੰਦਾਂ ਦੀ ਬੰਦਸ਼ ਕਬੂਲ ਕੀਤੀ ।
12. ਵਾਰਿਸ ਦੇ ਬੰਦਾਂ ਦੀਆਂ ਅੰਤਲੀਆਂ ਤੁਕਾਂ ਅਟੱਲ ਸੱਚਾਈਆਂ ਦੀਆਂ ਧਾਰਨੀ ਹੁੰਦੀਆਂ ਹਨ ।

13. ਵਾਰਿਸ ਦੀਆਂ ਅਨੇਕ ਤੁਕਾਂ ਮੁਹਾਵਰਿਆਂ, ਅਖਾਣਾਂ ਤੇ ਲੋਕੋਕਤੀਆਂ ਦੇ ਰੂਪ ਵਿਚ ਲੋਕਾਂ ਦੇ ਮੂੰਹ ਚੜ੍ਹੀਆਂ ਹੋਈਆਂ ਹਨ ।
14. ਵਾਰਿਸ ਦੇ ਭਾਵਾਂ ਵਿਚ ਸੁੰਦਰਤਾ, ਵੈਰਾਗ ਅਤੇ ਰਹੱਸ ਦਾ ਸੁਮੇਲ ਹੈ ।
15. ਵਾਰਿਸ ਦੀ ਬੋਲੀ ਜਨ ਸਾਧਾਰਨ ਦੀ ਬੋਲੀ ਹੈ ਤੇ ਸ਼ੈਲੀ ਇਕ ਮਹਾਨ ਕਲਾਕਾਰ ਦੀ ।
16. ਵਾਰਿਸ ਦੀ ਬੋਲੀ ਤੇ ਸ਼ੈਲੀ ਦਾ ਪਿਛੋਂ ਆਏ ਅਨੇਕਾਂ ਕਿੱਸਾਕਾਰਾਂ ਨੇ ਅਨੁਕਰਣ ਕਰਨ ਦਾ ਯਤਨ ਕੀਤਾ ਪਰ ਉਸ ਤਕ ਕੋਈ ਵੀ ਨਾ ਪੁੱਜ ਸਕਿਆ ।
17. ਵਾਰਿਸ ਨੂੰ ਠੀਕ ਹੀ 'ਸੁਖਨ ਦਾ ਵਾਰਿਸ' ਕਿਹਾ ਗਿਆ ਹੈ । ਮੁਹੰਮਦ ਬਖਸ਼ (ਸੈਫੁਲ ਮਲੂਕ) ਦੇ ਸ਼ਬਦ ਉਸ ਉਪਰ ਠੀਕ ਢੁਕਦੇ ਹਨ :

ਵਾਰਿਸ ਸ਼ਾਹ ਸੁਖਨ ਦਾ ਵਾਰਿਸ
ਨਿੰਦੇ ਕੌਣ ਉਨ੍ਹਾਂ ਨੂੰ ।
ਸ਼ਿਅਰ ਉਹਦੇ ਤੇ ਉਂਗਲ ਧਰਨੀ
ਨਾਹੀਂ ਕਦਰ ਆਸਾਨੂੰ ।

ਪਾਠ ਨੰ : 1.6

## 'ਹੀਰ ਵਾਰਿਸ' ਵਿਚ ਪੇਸ਼ ਇਤਿਹਾਸਕ ਚਿੱਤਰ

ਸਾਹਿਤਕਾਰ ਸਮੇਂ ਵਿਚ ਜਿਉਂਦਾ ਹੈ । ਆਪਣੇ ਸਮੇਂ ਦੇ ਪ੍ਰਭਾਵਾਂ ਨੂੰ ਕਬੂਲਦਾ, ਵਿਸ਼ੇਸ਼, ਪਰਿਸਥਿਤੀਆਂ ਵਿਚ ਉਨ੍ਹਾਂ ਦੇ ਪ੍ਰਤਿਕਰਮ ਵਜੋਂ ਆਪਣੇ ਵਿਚਾਰ ਬਣਾਉਂਦਾ ਅਤੇ ਸਾਹਿਤ-ਰਚਨਾ ਕਰਦਿਆਂ ਹੋਇਆਂ ਉਨ੍ਹਾਂ ਦਾ ਸੁੱਤੇ-ਸਿੱਧ ਹੀ ਵਰਣਨ ਕਰ ਦੇਂਦਾ ਹੈ । ਵਾਰਿਸ ਸ਼ਾਹ ਨੇ ਹੀਰ-ਰਾਂਝੇ ਦੀ ਪਿਆਰ ਕਥਾ ਨੂੰ ਕਾਵਿ-ਰੂਪ ਦੇਂਦਿਆਂ ਹੋਇਆਂ ਯੁਗ-ਪਰਿਸਥਿਤੀਆਂ ਦਾ ਸਹਿਜ ਸੁਭਾ ਹੀ ਬਿਆਨ ਕਰ ਦਿੱਤਾ ਹੈ । ਇਸ ਪਾਠ ਵਿਚ ਵਾਰਿਸ ਦੇ ਸਮੇਂ ਦੇ ਇਤਿਹਾਸਕ ਜੀਵਨ ਦਾ, ਜਿਵੇਂ ਕਿ ਉਸ ਨੇ ਹੀਰ ਦੇ ਕਿੱਸੇ ਵਿਚ ਸੰਕੇਤਕ ਢੰਗ ਨਾਲ ਵਰਨਣ ਕੀਤਾ ਹੈ, ਚਿੱਤਰ ਖਿੱਚਣ ਦਾ ਯਤਨ ਕੀਤਾ ਗਿਆ ਹੈ ।

### ਹੀਰ ਵਾਰਿਸ ਸਮੇਂ ਦੇ ਰਾਜਸੀ ਹਾਲਤ

ਵਾਰਿਸ ਦੇ ਸਮੇਂ ਦੀ ਸਥਿਤੀ-ਅਹਿਮਦ ਸ਼ਾਹ ਅਬਦਾਲੀ ਦੇ ਹਮਲੇ, ਸਿੱਖਾਂ ਦੀ ਜਾਗ੍ਰਤੀ ਦੀ ਭਾਵਨਾ, ਸਿੱਖ ਮਿਸਲਾਂ ਦੀ ਸਥਾਪਨਾ, ਬੰਦਾ ਬਹਾਦਰ ਦੀ ਕੁਰਬਾਨੀ, ਭਾਈ ਮਨੀ ਸਿੰਘ ਦੀ ਸ਼ਹੀਦੀ, ਅਠ੍ਹਾਰਵੀ ਸਦੀ ਵਿਚ ਹੋਈ ਜੁਗਗਰਦੀ, ਨਾਦਰ ਸ਼ਾਹ ਦੇ ਹਮਲੇ, ਸਮਾਜ ਵਿਚ ਟਿਕਾਉ ਦੀ ਅਣਹੋਂਦ, ਇਸਲਾਮੀ ਸ਼ਰ੍ਹਾ, ਸ਼ਰੀਅਤ ਦੀ ਕੱਟੜਤਾ, ਕਾਜ਼ੀਆਂ ਤੇ ਮੌਲਵੀਆਂ ਦਾ ਬੋਲਬਾਲਾ, ਜਾਗੀਰਦਾਰੀ ਪ੍ਰਬੰਧ, ਵਿਆਹ ਸ਼ਾਦੀਆਂ ਸਮੇਂ ਬਹੁਤ ਖਰਚ, ਨਾਈ ਢਾਡੀ, ਕੰਜਰੀਆਂ ਆਦਿ ਦੇ ਕੰਮ, ਪਿਤਾ-ਪ੍ਰਧਾਨ ਸਮਾਜ, ਧਰਮ ਦੇ ਨਾਂ ਤੇ ਠੱਗੀ, ਪਿੰਡਾਂ ਵਿਚ ਕੁੜੀਆਂ ਤੇ ਤ੍ਰਿਝਣ, ਸੱਚੇ ਪਿਆਰ ਦੇ ਰਾਹ ਵਿਚ ਰੋਕਾਂ ਆਦਿ ਰਾਹੀਂ ਪ੍ਰਗਟ ਹੁੰਦੀ ਹੈ ।

ਹੀਰ ਵਾਰਿਸ ਦੀ ਰਚਨਾ ਕਾਲ 1180 ਹਿਜਰੀ ਮੁਤਾਬਿਕ 1822 ਬਿਕ੍ਰਮੀ ਜਾਂ 1768 ਈਸਵੀ ਹੈ, ਜਿਸ ਬਾਰੇ ਵਾਰਿਸ ਨੇ ਆਪਣੇ ਇਸ ਸ਼ਾਹਕਾਰ ਦੇ ਅੰਤ ਉਤੇ ਪ੍ਰੱਤਖ ਸੰਕੇਤ ਕੀਤਾ ਹੈ :

ਸੰਨ ਯਾਰਾਂ ਸੌ ਅੱਸੀਆਂ ਨਬੀ ਹਿਜਰਤ,
ਲੰਮੇ ਦੇਸ਼ ਦੇ ਵਿਚ ਤਿਆਰ ਹੋਈ ।
ਅਠਾਰਾਂ ਸੋ ਤੇਈਸੀਆਂ ਸੰਮਤਾਂ ਦਾ
ਰਾਜੇ ਬਿਕਰਮਾਜੀਤ ਦੇ ਸਾਰ ਹੋਈ ।

ਭਾਵ ਹੀਰ ਦਾ ਕਿੱਸਾ 1180 ਹਿਜਰੀ (1822 ਬਿਕਰਮੀ, 1768 ਈਸਵੀਂ) ਵਿਚ ਲੰਮੇ ਦੇਸ (ਮੁਲਤਾਨ ਮਿੰਟਗੁਮਰੀ) ਵਿਚ ਸੰਪੂਰਣ ਹੋਇਆ । ਨਾਲ ਹੀ ਵਾਰਿਸ ਉਸ ਸਮੇਂ ਦੀ ਰਾਜਸੀ ਸਥਿਤੀ ਵੱਲ ਇਨ੍ਹਾਂ ਸ਼ਬਦਾਂ ਵਿਚ ਇਸ਼ਾਰਾ ਕਰਦਾ ਹੈ :

ਜਦੋਂ ਦੇਸ਼ ਦੇ ਜੱਟ ਸਰਦਾਰ ਹੋਏ,
ਘਰੋਂ ਘਰੀ ਚਾ ਨਵੀ ਸਰਕਾਰ ਹੋਈ ।
ਅਸ਼ਰਾਫ ਖਰਾਬ, ਕਮੀਨ ਤਾਜ਼ੀ
ਜ਼ਿੰਮੀਦਾਰ ਨੂੰ ਵੱਡੀ ਬਹਾਰ ਹੋਈ ।

1768 ਈਸਵੀਂ ਵਿਚ ਵਾਰਿਸ ਨੇ ਹੀਰ ਦਾ ਕਿੱਸਾ ਸਮਾਪਤ ਕੀਤਾ ਤੇ ਉਸ ਸਾਲ ਦੇ ਸਮੇਂ ਤੱਕ ਦੇ ਇਤਿਹਾਸ ਨੂੰ ਕਿਸੇ ਇਤਿਹਾਸਕ ਕਿੱਸਾਕਾਰ ਵਾਂਗ ਸਾਹਿਤਕ ਕਾਵਿ-ਸ਼ਬਦਾਵਲੀ ਵਿਚ ਅੰਕਿਤ ਕੀਤਾ । ਇਤਿਹਾਸਕਾਰ ਉਸਦੇ ਅੰਤਲੇ ਬੰਦਾਂ ਵਿਚ ਚਿਤਰੀਆਂ ਇਤਿਹਾਸਕ ਘਟਨਾਵਾਂ ਦੀ ਪੁਸ਼ਟੀ ਕਰਦੇ ਹਨ ।

### ਹੀਰ ਵਾਰਿਸ ਦੇ ਸਮੇਂ ਦਾ ਸਮਾਜ

ਅਹਿਮਦ ਸ਼ਾਹ ਅਬਦਾਲੀ ਨੇ 1747-48 ਤੋਂ 1768 ਤੱਕ ਲਗਾਤਾਰ ਹਿੰਦ ਪੰਜਾਬ ਉਤੇ ਅੱਠ ਹਮਲੇ ਕੀਤੇ । ਉਸਦਾ ਮੁੱਖ ਮੰਤਵ ਸਿੱਖਾਂ ਨੂੰ ਪੰਜਾਬ ਵਿਚ ਮਾਰ ਮੁਕਾਉਣਾ ਤੇ ਖਤਮ ਕਰਨਾ ਸੀ ਤਾਂ ਜੋ ਉਹ ਦਿੱਲੀ ਦਾ ਤਖਤ ਪ੍ਰਾਪਤ ਕਰ ਸਕੇ । ਉਸ ਨੇ ਵੀਹ ਇੱਕੀ ਸਾਲ ਪੂਰਾ ਜ਼ੋਰ ਲਾਇਆ । ਪੂਰੀ ਫੌਜੀ ਵਾਹ ਲਾਈ । ਪਰੰਤੂ, ਸਿੱਖਾਂ ਦੀ ਰਾਜ

ਕਰਨ ਦੀ ਸ਼ਕਤੀ ਨੂੰ ਖਤਮ ਨਾ ਕਰ ਸਕਿਆ । ਸਿੱਖ ਮਿਸਲਾਂ ਲਾਹੌਰ ਸਰਕਾਰ ਬਣ ਗਈਆਂ ਅਤੇ 1767 ਦੇ ਅੰਤ ਤੱਕ ਸਿਖ ਰਾਜੇ ਸਾਰੇ ਦੇਸ਼ ਪੰਜਾਬ ਦੇ ਹਾਕਮ ਬਣ ਚੁੱਕੇ ਸਨ । ਖੁਸਵੰਤ ਸਿੰਘ, ਵਾਰਿਸ ਦੇ ਬੰਦ ਵਿਚਲੀ ਇਤਿਹਾਸਕ ਸਚਿਆਈ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ '**By the end of 1767, the Sikhs had retaken the whole of the Punjab**.'

ਵੱਖ ਵੱਖ ਮਿਸਲਾਂ ਨੇ ਵੱਖ ਵੱਖ ਇਲਾਕਿਆਂ ਵਿਚ ਆਪਣੀਆਂ ਆਪਣੀਆਂ ਸਰਕਾਰਾਂ ਬਣਾ ਲਈਆਂ ਤੇ ਉਹ ਪਰਜਾ ਪਾਸੋਂ ਇਕ ਪ੍ਰਕਾਰ ਦਾ ਟੈਕਸ ਵਸੂਲਣ ਲਗ ਪਏ । ਇਸ ਘਰੋਂ-ਘਰੀ ਨਵੀ ਸਰਕਾਰ ਨੇ ਮੁੜ ਅਬਦਾਲ;ੀ ਨੂੰ ਪੰਜਾਬ ਵਿਚ ਪੈਰ ਨਹੀਂ ਧਰਨ ਦਿੱਤਾ । ਉਸ ਨੇ 1769 ਈ. ਵਿਚ ਨੌਵੀਂ ਤੇ ਅੰਤਲੀ ਵਾਰ ਪੰਜਾਬ ਤੇ ਹਮਲਾ ਕੀਤਾ ਪਰ ਉਸ ਵੇਲੇ ਤਕ ਉਹ ਚੱਲ ਚੁੱਕਿਆ ਕਾਰਤੂਸ ਸੀ । ਜਿਹਲਮ ਤੋਂ ਅਗਾਂਹ ਨਾ ਵੱਧ ਸਕਿਆ, ਕੰਧਾਰ ਮੁੜ ਗਿਆ ਤੇ ਅਖੀਰ ਅਕਤੂਬਰ 1772 ਨੂੰ ਸਿੰਘਾਂ ਦਾ ਮਲੀਆਂ ਮੇਟ ਕਰ ਦੇਣ ਦਾ ਸੁਪਨਾ ਆਪਣੇ ਕਫਨ ਵਿਚ ਹੀ ਲਪੇਟ ਕੇ ਇਸ ਸੰਸਾਰ ਤੋਂ ਤੁਰਦਾ ਬਣਿਆ :

Abadali made his ninth and final attempt to conquer the Punjab in 1769. But he was like a spent-up bullet and could get no further than the Jehlum. He returned to Kandhar, a sick and broken man and died on October 3, 1772

ਇਹ ਅਠਾਰ੍ਹਵੀ ਸਦੀ ਈਸਵੀ ਦਾ ਸਮਾਂ ਸੀ । 1699 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਵੈਸਾਖੀ ਦੇ ਸ਼ੁਭ ਦਿਵਸ ਉਪਰ 'ਖਾਲਸੇ' ਦੀ ਸਿਰਜਣਾ ਕੀਤੀ ਅਤੇ ਦੇਸ਼ ਧਰਮ ਤੇ ਨਿਆਇ ਦੀ ਸੁਰੱਖਿਆ ਲਈ ਸਿਰਲੱਥ ਸਿੰਘਾਂ ਦੀ ਫੋਜ਼ ਤਿਆਰ ਕੀਤੀ ਜਿਸ ਨੇ ਅਠਾਰ੍ਹਵੀ ਸਦੀ ਵਿਚ ਭਾਰਤ ਦੇ ਇਤਿਹਾਸ ਦਾ ਰੁਖ ਬਦਲ ਕੇ ਰਖ ਦਿੱਤਾ ਤੇ ਤਿੰਨ ਸੋ ਸਾਲ ਦੇ ਮੁਗਲ ਰਾਜ ਦੀ ਸਫ ਵਲ੍ਹੇਟ ਦਿੱਤੀ । ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੇ ਇਲਾਕੇ ਨੂੰ ਫਤਹਿ ਕਰਕੇ ਉਸ ਤੇ ਰਾਜ ਕਰਨਾ ਸ਼ੁਰੂ ਕਰ ਕੀਤਾ । ਉਸ ਦੀ ਸ਼ਹਾਦਤ ਪਿਛੋਂ ਸਿੰਘ ਦਲਾਂ ਦੇ ਰੂਪ ਵਿਚ ਉਤਰੀ ਭਾਰਤ ਵਿਚ ਫਿਰਨ ਲੱਗੇ । ਇਨ੍ਹਾਂ ਦਲਾਂ ਨੇ ਪਿਛੋਂ 'ਸਰਬੱਤ ਖਾਲਸਾ' ਦਾ ਰਾਜਸੀ ਸੱਤ੍ਹਾ ਵਾਲਾ ਰੂਪ ਧਾਰਨ ਕਰ ਲਿਆ । ਖੁਸ਼ਵੰਤ ਸਿੰਘ ਦੇ ਕਥਨ ਅਨੁਸਾਰ ਬੰਦਾ ਬਹਾਦਰ ਦੀ ਸ਼ਹਾਦਤ ਪਿਛੋਂ ਸਿੱਖ ਅੰਮ੍ਰਿਤਸਰ ਵਿਖੇ ਵੈਸਾਖੀ ਤੇ ਦੀਵਾਲੀ ਨੂੰ ਜੁੜਦੇ ਤੇ ਮਹੱਤਵਪੂਰਣ ਮਸਲਿਆਂ ਸਬੰਧੀ ਫੈਸਲੇ ਕਰਦੇ । ਇਹ ਇਕੱਠ ਸਰਬੱਤ ਖਾਲਸਾ ਦੇ ਨਾਮ ਨਾਲ ਪ੍ਰਸਿੱਧ ਹੋਇਆ ।

'ਸਰਬੱਤ ਖਾਲਸਾ' ਨੇ ਜੱਥੇਦਾਰ ਨਿਯੁਕਤ ਕੀਤੇ ਜਿਨ੍ਹਾਂ ਨੂੰ ਰਾਜਸੀ ਸੱਤ੍ਹਾ ਦੇ ਅਧਿਕਾਰ ਪ੍ਰਾਪਤ ਸਨ । 1721 ਈ. ਨੂੰ ਭਾਈ ਮਨੀ ਸਿੰਘ ਜੀ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਨਿਯੁਕਤ ਹੋਏ ਤੇ ਖਾਲਸੇ ਦਾ ਬੋਲਬਾਲਾ ਹੋਇਆ । 1733 ਈ. ਵਿਚ ਲਾਹੌਰ ਦੇ ਸੂਬੇ ਜ਼ਕਰੀਆਂ ਖਾਂ ਨੇ ਸਿੰਘਾਂ ਨੂੰ ਦੀਪਾਲਪੁਰ, ਕੰਗਣਵਾਲ, ਝੱਬਾਲ ਆਦਿ ਦੇ ਇਲਾਕੇ ਜਾਗੀਰ ਵਜੋਂ ਦੇ ਦਿੱਤੇ । ਸਰਦਾਰ ਕਪੂਰ ਸਿੰਘ ਨੂੰ ਨਵਾਬ ਦੀ ਉਪਾਧੀ ਦਿੱਤੀ ਗਈ । ਕਪੂਰ ਸਿੰਘ ਤੇ ਜੱਸਾ ਸਿੰਘ ਆਹਲੂਵਾਲੀਆਂ ਸਿੱਖ ਸੱਤ੍ਹਾ ਦੇ ਪ੍ਰਤੀਕ ਮੰਨੇ ਗਏ ਹਨ ।

'ਸਰਬੱਤ ਖਾਲਸਾ' ਅਖੀਰ ਦਲ ਖਾਲਸਾ ਵਿਚ ਸਮੋ ਗਿਆ । ਕੇਂਦਰੀ ਫੌਜ ਦੇ ਪ੍ਰਮੁੱਖ ਜਥੇ ਸਨ, ਇਕ 'ਬੁੱਢਾ ਦਲ' ਤੇ ਦੂਜਾ 'ਤਰਨਾ ਦਲ' 1738 ਈ. ਵਿਚ ਭਾਈ ਮਨੀ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ । 1738-39 ਵਿਚ ਨਾਦਰਸ਼ਾਹ ਨੇ ਭਾਰਤ ਤੇ ਹਮਲਾ ਕਰਕੇ ਮੁਗਲ ਰਾਜ ਦੀ ਰਹਿੰਦੀ ਸੱਤ੍ਹਾ ਵੀ ਖਤਮ ਕਰ ਦਿੱਤੀ । 1739 ਤੋਂ 1747 ਈ. ਵਿਚਕਾਰ ਸਿੱਖਾਂ ਉਤੇ ਬਹੁਤ ਅਤਿਆਚਾਰ ਹੋਏ । 1745 ਈ. ਵਿਚ ਸਰਬੱਤ ਖਾਲਸਾ ਨੇ ਫੈਸਲਾ ਕੀਤਾ ਕਿ ਛੋਟੇ ਛੋਟੇ ਜਥੇ 25 ਦਲਾਂ ਵਿਚ ਲਾਮਬੰਦ ਹੋ ਜਾਣ । ਇਨ੍ਹਾਂ ਸਰਿਆਂ ਦਾ ਜਥੇਦਾਰ ਨਵਾਬ ਕਪੂਰ ਸਿੰਘ ਥਾਪਿਆ ਗਿਆ । ਇਨ੍ਹਾਂ ਦਲਾਂ ਦੇ ਪੰਜਾਬ ਨੂੰ ਸੁਤੰਤਰ ਕਰਨ ਦੇ ਕਾਂਡ ਵਿਚੋਂ ਵੀ ਸਿੰਘ ਸੋਨਾ ਹੋ ਕੇ ਹੋਰ ਲਿਸ਼ਕੇ ਤੇ ਚਮਕੇ । 1746 ਈ. ਵਿਚ ਪਹਿਲਾਂ ਤੇ ਛੋਟਾ ਘਲੂਘਾਰਾ ਹੋਇਆ । ਲੱਖਪਤ ਰਾਏ ਦਾ ਭਰਾ ਜਸਪਤ ਰਾਏ ਜਦੋਂ ਸਿੰਘਾਂ ਦੇ ਸਰਵਨਾਸ਼ ਦਾ ਸੁਪਨਾ ਲੈਂਦਾ ਆਪ ਸਿੰਘਾਂ ਹੱਥੋਂ ਮਾਰਿਆ ਗਿਆ ਤਾਂ ਲਖਪਤ ਰਾਏ ਨੇ ਸਿੱਖਾਂ ਉਤੇ ਹਮਲਾ ਕਰਕੇ ਮਾਸੂਮ ਬੱਚੇ, ਬ੍ਰਿਧ ਇਸਤਰੀਆਂ ਨੂੰ ਸ਼ਹੀਦ ਕਰ ਦਿੱਤਾ । ਇਸ ਲਹੂ ਭਿੱਜੀ ਘਟਨਾ ਨੂੰ ਅਸੀਂ ਛੋਟੇ ਘਲੂਘਾਰੇ ਦੇ ਨਾਂ ਨਾਲ ਯਾਦ ਕਰਦੇ ਹਾਂ ।

1747 ਈ. ਵਿਚ ਸ਼ਾਹਨਵਾਜ਼ ਨੇ ਲਾਹੌਰ ਮਾਰ ਲਿਆ, ਆਪਣੇ ਭਰਾ ਨੂੰ ਕੈਦ ਕਰ ਲਿਆ ਤੇ ਪੰਜਾਬ ਉਤੇ ਕਬਜਾ ਕਰ ਲਿਆ । ਜਦ ਜ਼ਕਰੀਆਂ ਖਾਂ ਦੇ ਪੁੱਤਰ ਆਪਸ ਵਿਚ ਲੜ ਰਹੇ ਸਨ, ਸਿੰਘ ਆਪਣੀ ਤਾਕਤ ਮੁੜ ਜਮਾ ਕਰ ਰਹੇ ਸਨ । ਉਹ 1747 ਈ. ਦੀ ਵਿਸਾਖੀ ਨੂੰ ਅੰਮ੍ਰਿਤਸਰ ਇਕੱਠੇ ਹੁੰਦੇ ਤੇ ਉਨ੍ਹਾਂ ਅੰਮ੍ਰਿਤਸਰ ਤੋਂ ਬਾਹਰ ਰਾਮ ਰੌਣੀ

ਦਾ ਕੱਚਾ ਕਿਲ੍ਹਾ ਉਸਾਰ ਲਿਆ ।

ਫਿਰ ਅਹਿਮਦ ਸ਼ਾਹ ਦੇ ਹਮਲੇ ਸ਼ੁਰੂ ਹੋਏ । ਉਧਰ ਸਰਬੱਤ ਖਾਲਸਾ ਨੇ ਸਾਰੇ ਜਥੇ ਮਿਲਾ ਕੇ 'ਦਲ ਖਾਲਸਾ' ਸਥਾਪਿਤ ਕਰ ਲਿਆ ਤੇ ਜੱਸਾ ਸਿੰਘ ਆਹਲੂਵਾਲੀਆ ਦਲ ਖਾਲਸੇ ਦਾ ਸਰਦਾਰ ਸਥਾਪਤ ਹੋਇਆ । ਕਪੂਰ ਸਿੰਘ ਪਾਤਸ਼ਾਹ ਅਖਵਾਇਆ ਜਾਣ ਲੱਗਾ । ਦਲ ਦੀਆਂ ਬਾਰਾਂ ਮਿਸਲਾਂ ਸਨ । ਇਨ੍ਹਾਂ ਮਿਸਲਾਂ ਵੱਲ ਹੀ ਵਾਰਿਸ ਨੇ ਥਾਂ ਪਰ ਥਾਂ ਸੰਕੇਤ ਕੀਤੇ ਹਨ । ਅਬਦਾਲੀ ਦੇ ਹਮਲੇ 1769 ਈ. ਤੱਕ ਹੁੰਦੇ ਰਹੇ । ਛੇਵੇਂ ਹਮਲੇ ਸਮੇਂ 1762 ਈ. ਵਿਚ ਮਲੇ ਰਕੋਟਲੇ ਨੇੜੇ ਘੱਡਾ ਘਲੂਘਾਰਾ ਵਾਪਰਿਆ ਜਿਸ ਵਿਚ ਤੀਹ ਹਜ਼ਾਰ ਤੋਂ ਵੱਧ ਸਿੰਘ ਸ਼ਹੀਦ ਹੋਏ । ਪ੍ਰੰਤੂ ਇੰਨਾਂ ਨੁਕਸਾਨ ਉਠਾ ਕੇ ਵੀ ਇਸ ਕੌਮ ਦਾ ਮੁੜ ਪੈਰੀ ਖੜ੍ਹੇ ਹੋਣਾ ਤੇ ਫਿਰ ਮੈਦਾਨੇ ਜੰਗ ਵਿਚ ਕੁੱਦ ਕੇ ਲਾਹੌਰ ਜਿੱਤ ਲੈਣਾ ਇਕ ਚਮਤਕਾਰ ਹੀ ਤਾਂ ਹੈ । 1762-63 ਈ. ਵਿਚ ਸਿੰਘ ਦਿੱਲੀ ਦੇ ਆਲੇ ਦੁਆਲੇ ਪੁੱਜ ਗਏ । ਇਹ ਸਾਰੀ ਸਦੀ (1700-1800 ਈ.) ਉਥਲ ਪੁੱਥਲ ਕੌਮੀ ਸੰਘਰਸ਼, ਸ਼ਾਸਕੀ ਜ਼ੁਲਮ ਅਤੇ ਵਿਦੇਸ਼ੀ ਹਮਲਾਵਰਾਂ ਦੀ ਜਿਊਂਦੀ ਜਾਗਦੀ ਤਸਵੀਰ ਹੈ । ਇਸ ਵਿਚ 1701 ਈ ਤੋਂ 1799 ਈ. ਤੱਕ ਇਕ ਵੀ ਸਾਲ ਤਾਂ ਕੀ, ਇਕ ਵੀ ਦਿਨ ਅਮਨ ਸ਼ਾਂਤੀ ਨਾਲ ਨਹੀਂ ਲੰਘਿਆ । ਇਸ ਲਈ ਜਨਤਾ ਆਰਥਿਕ ਖੁਸ਼ਹਾਲੀ ਦਾ ਮੂੰਹ ਕਿਵੇਂ ਵੇਖਦੀ, ਲੋਕਾਂ ਨੂੰ ਤਾਂ ਸਿਰ ਲੁਕਾਉਣਾ ਔਖਾ ਹੋ ਰਿਹਾ ਸੀ । ਸੌ ਸਾਲ ਤੱਕ ਪੰਜਾਬ ਦੀ ਧਰਤੀ ਲਹੂ-ਰੰਗੀ ਰਹੀ । ਇਹ ਰਾਜਸੀ ਪਲਟੇ ਤੇ ਪਰਿਵਰਤਨ ਦਾ ਸਮਾਂ ਸੀ । ਅਖੀਰ 1767 ਦੇ ਅੰਤ ਤਕ, ਜਿਵੇਂ ਕਿ ਅਸੀਂ ਉਪਰ ਦਸ ਆਏ ਹਾਂ, ਸਿੱਖਾਂ ਦਾ ਲਾਹੌਰ ਤੇ ਪੱਕਾ ਕਬਜ਼ਾ ਹੋ ਚੁੱਕਾ ਸੀ ਤੇ ਉਹ ਸਾਰੇ ਪੰਜਾਬ ਦੇ ਮਾਲਕ ਬਣ ਚੁੱਕੇ ਸਨ । ਪੰਜਾਬ ਵਿਚ ਦੇਸ ਦੇ ਜੱਟਾਂ ਦੀ ਨਵੀਂ ਸਰਕਾਰ ਸਥਾਪਤ ਹੋ ਚੁੱਕੀ ਸੀ ।

ਵਾਰਿਸ ਨੇ ਅਠ੍ਹਾਰਵੀ ਸਦੀ ਦੇ ਇਸ ਲਗਾਤਾਰ ਪਰਿਵਰਤਨ ਬਾਰੇ ਥਾਂ ਥਾਂ ਸੰਕੇਤ ਕੀਤੇ ਹਨ । ਕਾਲ-ਕ੍ਰਮ ਅਨੁਸਾਰ ਇਹ ਪਰਿਵਰਤਨ ਲਿਆਉਂਦੀਆਂ ਘਟਨਾਵਾਂ 'ਹੀਰ ਵਾਰਿਸ' ਵਿਚ ਇਸ ਪ੍ਰਕਾਰ ਹਨ : 'ਵਾਰਿਸ ਦੀ ਹੀਰ' ਵਿਚ ਅਠਾਰ੍ਹਵੀ ਸਦੀ ਦੇ 69 ਸਾਲਾਂ ਦਾ ਲਹੂ ਰੱਤਾ ਇਤਿਹਾਸ ਲੁਕਿਆ ਪਿਆ ਹੈ । ਇਹ ਸਿੰਘਾਂ ਦਾ ਇਤਿਹਾਸ ਹੈ ਜੋ ਗੁਰੂ ਗੋਬਿੰਦ ਸਿੰਘ ਦੇ ਜੀਵਨ ਦੇ ਅੰਤਲੇ ਦਹਾਕੇ ਤੋਂ ਸ਼ੁਰੂ ਹੁੰਦਾ ਹੈ । ਜਦ ਉਨ੍ਹਾਂ ਨੂੰ ਆਨੰਦਪੁਰ ਛੱਡਣਾ ਪਿਆ ਤੇ ਦਮਦਮਾ ਸਾਹਿਬ ਪੁੱਜਣ ਤਕ ਰਾਹ ਵਿਚ ਅਨੇਕਾਂ ਸੰਕਟਾਂ ਚੋਂ ਲੰਘਣਾ ਪਿਆ, ਮਾਛੀਵਾੜੇ ਦੇ ਜੰਗਲਾਂ ਵਿਚ ਇਕੱਲੇ-ਰਹਿ ਜਾਣ ਤੇ ਵੀ ਮਹਿਬੂਬ ਰੂਪ ਅਕਾਲ ਪੁਰਖ ਦੀ ਯਾਦ ਨਹੀਂ ਭੁਲਾਈ ਤੇ ਤਖਤ ਦੀ ਥਾਂ ਸੱਥਰ ਤੇ ਪੈਣਾ ਮਨਜ਼ੂਰ ਕੀਤਾ, ਖੇੜਿਆ ਦੇ ਰਹਿਣ ਨੂੰ (ਗੁਲਾਮੀ ਨੂੰ) ਭੱਠ ਪੈਣਾ ਅਨੁਭਵ ਕੀਤਾ :

'ਯਾਰੜੇ ਦਾ ਸਾਨੂੰ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ ।

ਇਹ ਖਿਆਲ, ਪਾਤਸ਼ਾਹੀ 10 ਦਾ ਸ਼ਬਦ 'ਮ੍ਰਿਤ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਅਠਾਰ੍ਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਹੀ ਹਰ ਮੂੰਹ ਤੇ ਚੜ੍ਹ ਚੁੱਕਾ ਸੀ । ਵਾਰਿਸ ਵੀ ਇਹ ਅਵੱਸ਼ ਸੁਣਦਾ ਸੀ । ਇਸੇ ਭਾਵ ਨੂੰ ਅੰਕਿਤ ਕਰਦਾ ਹੈ :

'ਰਾਂਝਾ ਬੋਲਿਆ ਸੱਥਰੋਂ ਭੰਨ ਆਕੜ
ਇਹ ਪਿਆ ਸਰਦਾਰ ਨਥਾਵਿਆਂ ਦਾ ।

**ਰਾਜਸੀ ਜੁਗਗਰਦੀ ਦਾ ਸਮਾਂ**

ਵਾਰਿਸ ਨੇ ਅਠਾਰ੍ਹਵੀ ਸਦੀ ਦੇ ਪੰਜਾਬ ਦੀ ਲਾਲ ਹੁੰਦੀ ਧਰਤੀ ਵੇਖੀ ਸੀ । ਰਾਜਗਰਦੀ ਜਾਂ ਜੁਗਗਰਦੀ ਦੀਆਂ ਸਾਰੀਆਂ ਘਟਨਾਵਾਂ ਉਸ ਦੀਆਂ ਅੱਖਾਂ ਸਾਮ੍ਹਣੇ ਹੋਈਆਂ ਬੀਤੀਆਂ । ਉਸ ਨੂੰ ਦੇਸ਼ ਦੇ ਸਰਦਾਰਾਂ, ਭਾਵ ਦੇਸ਼ ਦੇ ਜੱਟਾਂ ਦਾ ਰਾਜ ਬੱਝਦਾ ਨਹੀਂ ਸੁਖਾਂਦਾ, ਇਹ ਕੋੜ-ਹਿਰਖ ਉਹ ਹਿਰਦੇ ਵਿਚ ਨਹੀਂ ਰੱਖ ਸਕਿਆ । ਪਰ ਉਸ ਦੀਆਂ ਅੱਖਾਂ ਦੇ ਐਨ ਸਾਹਮਣੇ ਅਖੀਰ 1768-69 ਈ. ਵਿਚ ਜੱਟ (ਭਾਵ ਸਿੰਘ ਸੂਰਮੇ, ਖਾਲਸਾ ਜੀ) ਪੰਜਾਬ ਦੇਸ਼ ਦੇ ਸਰਦਾਰ ਹੋ ਗਏ ਤੇ ਘਰੋ ਘਰ (ਬਾਰਾਂ ਮਿਸਲਾਂ) ਵਿਚ ਨਵੀਂ ਸਰਕਾਰ ਬਣ ਗਈ :

ਜਦੋਂ ਦੇਸ਼ ਦੇ ਜੱਟ ਸਰਦਾਰ ਹੋਏ ,
ਘਰੋਂ ਘਰੀ ਜਾਂ ਨਵੀ ਸਰਕਾਰ ਹੋਈ ।

ਉਸ ਲਈ ਇਹ ਜੱਟ ਸਰਦਾਰ ਖ਼ਰਾਬ, ਤਬਾਹੀ ਮਚਾਉਣ ਵਾਲੇ ਸਨ । ਉਸ ਨੂੰ ਸ਼ੋਕ ਤੇ ਰੋਸ ਹੈ ਕਿ ਇਹ ਖਰਾਬ ਲੋਕ ਹੁਣ ਅਰਬੀ ਘੋੜਿਆਂ ਤੇ ਅਸਵਾਰੀ ਕਰਦੇ ਹਨ ਤੇ ਮੁਸਲਮਾਨ ਉਚ ਅਫ਼ਸਰ (ਦਰਬਾਰੀ) ਖਜਲ ਖਵਾਰ ਹੋ

ਰਹੇ ਹਨ ।

ਵਾਰਿਸ ਇਹ ਵੀ ਦਸਦਾ ਹੈ ਕਿ ਦੇਸ਼ ਦੇ ਜ਼ਿਮੀਦਾਰਾਂ ਨੂੰ ਸਿੰਘਾਂ ਦੇ ਰਾਜ ਵਿਚ ਮੌਜ ਸੀ :

ਅਸ਼ਰਾਫ ਖਰਾਬ, ਕਮੀਨ ਤਾਜ਼ੀ,
ਜ਼ਿਮੀਦਾਰ ਨੂੰ ਵੱਡੀ ਬਹਾਰ ਹੋਈ ।

ਜ਼ਿਮੀਦਾਰ ਹੁਣ ਆਪਣੀ ਫ਼ਸਲ ਦੀ 'ਰਾਖੀ ਜਾ ਕੰਬਲੀ' ਸਿੰਘ ਮਿਸਲਾਂ ਦੇ ਸਰਦਰਾਂ ਨੂੰ ਦੇ ਕੇ ਸੁਰੱਖਿਅਤ ਕਰ ਸਕਦਾ ਸੀ, ਨਹੀਂ ਤਾਂ ਬਦੇਸ਼ੀ ਜਰਵਾਣੇ ਜਾਂ ਦਿੱਲੀ ਵਲੋਂ ਨਿਯੁਕਤ ਕੀਤੇ ਲਾਹੌਰ, ਸਰਹੰਦ ਆਦਿ ਦੇ ਸੂਬੇਦਾਰ ਉਨ੍ਹਾਂ ਦੀਆਂ ਫਸਲਾਂ ਉਜਾੜ ਦਿੰਦੇ ਸਨ। ਪਰੰਤੂ ਮਿਸਲਾਂ ਦੇ ਰਾਜ ਨੇ ਇਸ ਅੰਨ੍ਹੀ ਲੁਟ ਤੋਂ ਪੰਜਾਬ ਦੇ ਜ਼ਿਮੀਦਾਰਾਂ ਨੂੰ ਬਚਾਇਆ । ਵਾਰਿਸ ਨੇ ਇਹ ਉਸਾਰੂ ਪੱਖ ਅੱਖੀਂ ਦੇਖ ਕੇ ਲਿਖਿਆ । ਇਸ ਤਰ੍ਹਾਂ 'ਹੀਰ ਵਾਰਿਸ' ਇਕ ਪ੍ਰਕਾਰ ਦਾ ਸਿੱਖਾਂ ਦੀ ਸ਼ਹਾਦਤ ਤੇ ਦ੍ਰਿੜਤਾ ਅਤੇ ਉਨ੍ਹਾਂ ਦੀ ਖਾਲਸਾਈ ਚੜ੍ਹਤ ਦਾ ਮੁਕੰਮਲ ਇਤਿਹਾਸ ਹੈ । ਪੰਜਾਬ ਦੇ ਗੌਰਵ ਤੇ ਸਤਿਕਾਰ ਦਾ ਇਤਿਹਾਸ ਹੈ । ਪੰਜਾਬ ਵਿਚ ਹਜ਼ਾਰ ਸਾਲ ਪਿਛੋਂ ਪੰਜਾਬੀ ਸੂਰਮਿਆਂ ਦਾ ਸਵਰਾਜ ਸਥਾਪਤ ਹੋਣ ਦਾ ਇਤਿਹਾਸ ਹੈ । 1738 ਈ. ਵਿਚ ਨਾਦਰਸ਼ਾਹ ਨੇ ਹਿੰਦ ਪੰਜਾਬ ਉਤੇ ਹਮਲਾ ਕੀਤਾ । ਇਉਂ ਜਾਪਦਾ ਸੀ, ਜਿਵੇਂ ਕੋਈ ਭੁਚਾਲ ਆ ਗਿਆ ਹੋਵੇ ।

ਫਰਵਰੀ 1739 ਈ. ਵਿਚ ਨਾਦਰਸ਼ਾਹ ਦਾ ਦਿੱਲੀ ਦੇ ਤਖਤ ਤੇ ਕਬਜ਼ਾ ਹੋ ਗਿਆ । ਰਾਜਸੀ ਸਥਿਤੀ ਬਦਲ ਗਈ । ਵਾਰਿਸ ਲਿਖਦਾ ਹੈ :

ਹੁਕਮ ਹੋਰ ਦਾ ਹੋਰ ਅੱਜ ਹੋਇ ਗਿਆ ,
ਅੱਜ ਮਿਲੀ, ਪੰਜਾਬ ਕੰਧਾਰੀਆਂ ਨੂੰ ।

ਨਾਦਰ ਤੇ ਅਬਦਾਲੀ ਦੀਆਂ ਫੌਜਾਂ ਜਦ ਕਾਬਲ ਕੰਧਾਰ ਵਲੋਂ ਚੜ੍ਹ ਕੇ ਹਿੰਦ ਉਤੇ ਧਾਵਾ ਬੋਲਦੀਆਂ ਜੰਡਿਆਲਾ ਸ਼ੇਰ ਖਾਂ (ਜਿਹੜਾ ਜਰਨੈਲੀ ਸੜਕ ਉਤੇ ਸੀ) ਪਾਸੋਂ ਲੰਘਦੀਆਂ ਤਾਂ ਉਨ੍ਹਾਂ ਦੇ ਹੰਕਾਰੇ ਘੋੜੇ ਕੁਦਾੜੇ ਮਾਰਦੇ । ਅਜਿਹੀ ਅਵਸਥਾ ਵਿਚ ਅੱਥਰੇ ਘੋੜਿਆਂ ਤੇ ਬੈਠੇ ਸਿਪਾਹੀਆਂ ਦੇ ਸ਼ਸਤਰ ਛਣਕਦੇ । ਹੀਰ ਦੀ ਸਿਫਤ ਕਰਦਿਆਂ ਵਾਰਿਸ ਨੇ ਇਹ ਚਿੱਤਰ ਖਿਚਿਆਂ ਹੈ :

ਫਿਰੇ ਛਣਕਦੀ ਚਾਉ ਦੇ ਨਾਲ ਜੱਟੀ,
ਚੜ੍ਹਿਆ ਗਜ਼ਬ ਦਾ ਕਟਕ ਕੰਧਾਰ ਵਿਚੋਂ ।

ਪਰ ਸਿੰਘਾਂ ਦੀਆਂ ਕਾਗਾਂ ਵੀ ਧਾੜਵੀਆਂ ਮਗਰ ਲੱਗੀਆਂ ਰਹਿੰਦੀਆਂ ਤੇ ਕਈ ਵਾਰ ਉਹ ਹੱਲਾ ਕਰਕੇ ਨਾਦਰ ਤੇ ਅਬਦਾਲੀ ਦੇ ਮੁੜਦੇ ਕਾਫਲਿਆਂ ਨੂੰ ਲੁੱਟ ਲੈਂਦੀਆਂ ਤੇ ਮਾਸੂਮ ਹਿੰਦੂ ਔਰਤਾਂ ਨੂੰ ਛੁੜਾ ਲੈਂਦੀਆਂ । ਧਾੜਵੀ ਮਾਲ ਤੇ ਯੁਵਤੀਆਂ ਛੱਡ ਕੇ ਨੱਸ ਜਾਂਦੇ । ਵਾਰਿਸ ਇਸ ਨੂੰ ਇਨ੍ਹਾਂ ਸ਼ਬਦਾਂ ਵਿਚ ਅੰਕਿਤ ਕਰਦਾ ਹੈ :

ਏਵੇਂ ਖਪਰੀ ਸਟਕੇ ਜਾਏਗਾ ਤੂੰ,
ਜਿਵੇਂ ਧਾੜਵੀ ਖਿਸਕਦਾ ਕਾਂਗ ਕੋਲੋਂ ।

ਇਹ ਲੁੱਟ ਮਾਰ ਕਈ ਸਾਲ ਜਾਰੀ ਰਹੀ, ਕਈ ਵਾਰ ਬਿਦੇਸ਼ੀ ਜਰਵਾਣਿਆਂ ਦੀਆਂ ਭੀੜਾਂ ਦੇਸ਼ ਨੂੰ ਲੁੱਟਦੀਆਂ ਤੇ ਕਈ ਵਾਰ ਪੰਜਾਬ ਦੇ ਦਲ ਉਨ੍ਹਾਂ ਨੂੰ ਲੁਟਦੇ । ਵਾਰਿਸ ਕਹਿੰਦਾ ਹੈ :

ਧੜਵੈਲ ਤੇ ਧਾੜਵੀ ਮੁਲਕ ਲੁੱਟਣ,
ਵਾਰਿਸ ਦੇਸ਼ ਲੁੱਟਿਆ ਏਨ੍ਹਾਂ ਲਾੜੀਆਂ ਨੇ ।

ਨਾਦਰ ਸ਼ਾਹ ਦੇ ਘੋੜਸਵਾਰਾਂ ਨੂੰ 'ਕਿਜ਼ਲਬਾਸ਼ ਕਹਿੰਦੇ ਸਨ । ਤੁਰਕੀ ਵਿਚ 'ਕਿਜ਼ਲ ਦੇ ਅਰਥ 'ਲਾਲ' ਤੇ 'ਬਾਸ਼' ਦੇ ਅਰਥ ਹਨ, 'ਸਿਰ' 'ਕਿਜ਼ਲਬਾਸ਼' ਦੇ ਅਰਥ ਹੋਏ 'ਲਾਲ ਸਿਰ' । ਨਾਦਰ ਦੇ ਘੋੜ ਸਵਾਰਾਂ ਦੇ ਸਿਰ ਬਾਰਾਂ ਕੋਣਾਂ ਵਾਲੀਆਂ ਲਾਲ ਟੋਪੀਆਂ ਹੁੰਦੀਆਂ ਸਨ । ਇਸ ਲਈ ਉਨ੍ਹਾਂ ਨੂੰ 'ਕਿਜ਼ਲਬਾਸ਼' ਕਹਿੰਦੇ ਸਨ । ਉਨ੍ਹਾਂ ਨੇ ਦਿੱਲੀ ਵਿਚ ਖੂਬ ਕਤਲਾਮ ਮਚਾਇਆ ਤੇ ਕਤਲੋ-ਗਾਰਤ ਕਰਕੇ ਛਾਉਣੀ ਵੱਲ ਨੂੰ ਨਿਕਲ ਦੋੜਦੇ ਸਨ । ਵਾਰਿਸ ਹੀਰ ਦੀ ਸੁੰਦਰਤਾ ਨੂੰ ਉਨ੍ਹਾਂ ਨਾਲ ਉਪਮਾ ਦਿੰਦਾ ਹੈ :

ਕਿਜ਼ਿਲਬਾਸ਼ ਜ਼ੱਲਾਦ ਅਸਵਾਰ ਖੂਨੀ,
ਨਿਕਲ ਗਿਆ ਏ ਉੜਦ ਬਾਜ਼ਾਰ ਵਿਚੋਂ ।

ਲਾਹੌਰ ਦੇ ਸੂਬੇਦਾਰ ਨਿੱਤ ਬਦਲਦੇ ਸਨ, ਇਸ ਇਤਿਹਾਸਕ ਸੱਚਾਈ ਵੱਲ ਵਾਰਿਸ ਇਸ ਪ੍ਰਕਾਰ ਇਸ਼ਾਰਾ ਕਰਦਾ ਹੈ :

ਫੌਜਦਾਰ ਤਗੱਈਯੁਰ ਹੋ ਜਾਣ ਬੈਠਾ,
ਕੋਈ ਰਾਂਝੇ ਦੇ ਪਾਸ ਨਾ ਪਾਏ ਫੇਰਾ ।

1751-52 ਈ. ਨੂੰ ਅਬਦਾਲੀ ਨੇ ਪੰਜਾਬ ਉਤੇ ਹਮਲਾ ਕੀਤਾ । ਆਦੀਨਾ ਬੇਗ ਮੀਰ ਮੰਨੂ ਦੀ ਮਦਦ ਤੇ ਸੀ ਤੇ ਅਬਦਾਲੀ ਨੇ ਉਸ ਦਾ ਡੇਰਾ ਲੁੱਟ ਲਿਆ :

ਦੀਨ ਬੇਗ ਦੇ ਮਗਰ ਜਿਉਂ ਪਏ ਗਿਲਜ਼ੇ,
ਡੇਰਾ ਲੁੱਟ ਕੇ ਚਾ ਕੰਗਾਲ ਕੀਤਾ ।

ਵਾਰਿਸ ਅਬਦਾਲੀ ਦੇ ਇਸ ਹਮਲੇ ਨੂੰ 'ਅਜਗੈਬ ਦਾ ਗੋਲਾ' ਦਸਦਾ ਹੈ, ਜਿਹੜਾ ਬਿੱਜ ਵਾਂਗ ਪਿਆ ਪਰ ਜੰਡਿਆਲਾ ਬਚ ਗਿਆ :

ਵਾਰਿਸ ਸ਼ਾਹ ਅਜਗੈਬ ਥੀ ਗੜਾ ਪੋਸੀ,
ਰੱਬ ਰਖ ਜੰਡਿਆਲੇ ਨੂੰ ਜਾਸੀਆ ਨੀ ।

**ਸਿੰਘਾਂ ਦੀ ਚੜ੍ਹਤ ਦਾ ਸਮਾਂ**

1756 ਈ. ਵਿਚ ਅਬਦਾਲੀ ਦਾ ਚੌਥਾ ਹੱਲਾ ਹੋਇਆ । ਉਹ ਪੰਜਾਬ ਦਿੱਲੀ ਨੂੰ ਮਾਰਦਾ ਹੋਇਆ ਮਥਰਾ ਤੱਕ ਜਾ ਪੁੱਜਾ ਵਾਪਸ ਜਦੋਂ ਲਾਹੌਰ ਪਰਤਿਆ ਤਾਂ ਉਥੋਂ ਫੇਰ ਅੰਮ੍ਰਿਤਸਰ (ਚੱਕ ਰਾਮਦਾਸ) ਜਾ ਕੇ ਹਰਿਮੰਦਰ ਸਰੋਵਰ ਪੂਰ ਦਿਤਾ ਤੇ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾ ਦਿੱਤਾ (ਵੇਖੋ ਖੁਸ਼ਵੰਤ ਸਿੰਘ 'ਏ ਹਿਸਟਰੀ ਆਫ ਦੀ ਸਿੱਖਸ' ਪੰਨਾ 144-45) । ਵਾਰਿਸ ਇਨ੍ਹਾਂ ਦੋਹਾਂ ਘਟਨਾਵਾਂ ਵੱਲ ਇਸ ਤਰ੍ਹਾਂ ਸੰਕੇਤ ਕਰਦਾ ਹੈ :

ਫੌਜਾਂ ਸ਼ਾਹ ਦੀਆਂ ਵਾਰਸਾ ਮਾਰ ਮਥਰਾ
ਮੁੜ ਫੇਰ ਲਾਹੌਰ ਨੂੰ ਆਈਆਂ ਨੀ ।

ਲਾਹੌਰ ਪੁੱਜਣ ਤੇ ਸਿੱਖਾਂ ਨੇ ਉਸ ਦੀ ਫੌਜ ਨੂੰ ਖੂਬ ਲੁੱਟਿਆ । ਉਹ ਮੱਚਿਆ-ਕਰਿਝਿਆ ਹੋਇਆ ਵੈਰ ਨਾਲ ਚੱਕ ਨੂੰ (ਅੰਮ੍ਰਿਤਸਰ) ਜਾ ਢਾਇਆ :

ਅਹਿਮਦ ਸ਼ਾਹ ਵਾਗੂੰ ਮੇਰੇ ਵੈਰ ਪੈ ਕੇ
ਪੁੱਟ ਪੁੱਟ ਕੇ ਚੱਕ ਦਾ ਤਾਲ ਕੀਤੇ ।

ਸਿੰਘਾਂ ਦੇ ਦਲ ਥਾਂ ਪਰ ਥਾਂ ਲੁੱਟਾਂ ਮਾਰਾਂ ਕਰ ਰਹੇ ਸਨ, ਉਹ ਮੁਗਲ ਰਾਜ ਤੇ ਵਿਦੇਸ਼ੀ ਜਰਵਾਣਿਆਂ ਦੇ ਪੈਰ ਨਹੀਂ ਲਗਣ ਦਿੰਦੇ ਸਨ । ਵਾਰਿਸ ਲਿਖਦਾ ਹੈ :

ਵਾਰਿਸ ਸ਼ਾਹ ਜਿਉਂ ਦਲਾਂ ਪੰਜਾਬ ਲੁੱਟੀ,
ਤਿਵੇਂ ਜੋਗੀ ਨੂੰ ਲੁੱਟ ਉਜਾੜਿਓ ਨੇ ।

ਇਸ ਤਰ੍ਹਾਂ ਵਾਰਿਸ ਦੀ ਹੀਰ ਦੇ ਸਮਾਪਤ ਹੋਣ ਤੱਕ ਪੰਜਾਬ ਦੇ ਜੱਟ ਸਰਦਾਰ ਸਾਰੇ ਦੇਸ਼ ਦੇ ਮਾਲਕ ਬਣ ਚੁੱਕੇ ਸਨ । ਕਨਿੰਘਮ (ਹਿਸਟਰੀ ਆਫ ਸਿਖਸ, ਪੰਨਾ 89) ਅਨੁਸਾਰ 1757 ਤੋਂ 1759 ਈ. ਤੱਕ ਸਿੱਖ ਘੋੜ ਸਵਾਰ ਸਾਰੇ ਪੰਜਾਬ ਵਿਚ ਹਾਕਮਾਂ ਵਾਂਗ ਫਿਰ ਰਹੇ ਸਨ । ਜੱਸਾ ਸਿੰਘ ਕਲਾਲ ਨੇ ਪੰਜਾਬ ਰਾਜ ਦਾ ਨਾਮ 'ਖਾਲਸਾ' ਰਾਜ ਰਖਿਆ । 1757 ਈ. ਵਿਚ ਉਸਨੇ ਆਪਣੀ ਮੁਹਰ ਚਲਾਈ ਜਿਸ ਉਪਰ ਲਿਖਿਆ ਸੀ, 'ਜੱਸਾ ਸਿੰਘ ਕਲਾਲ' ਨੇ ਖਾਲਸੇ ਦੀ ਕ੍ਰਿਪਾ ਨਾਲ ਅਹਿਮਦ ਦਾ ਮੁਲਕ ਮਾਰ ਲਿਆ । 1762-63 ਈ. ਵਿਚ ਸਿੰਘਾਂ ਕਸੂਰ ਵੀ ਮਾਰ ਲਿਆ, ਇਸ ਘਟਨਾ ਦਾ ਵਾਰਿਸ ਨੂੰ ਬਹੁਤ ਅਫਸੋਸ ਹੈ :

ਸਾਰੇ ਮੁਲਕ ਪੰਜਾਬ ਖਰਾਬ ਵਿਚੋਂ
ਮੈਨੂੰ ਵੱਡਾ ਅਫਸੋਸ ਕਸੂਰ ਦਾ ਏ ।

ਵਾਰਿਸ ਨੂੰ ਪੰਜਾਬ ਤੇ ਜੱਟਾਂ ਦਾ ਰਾਜ ਸਥਾਪਤ ਹੁੰਦਾ ਰਤਾ ਨਹੀਂ ਭਾਉਂਦਾ । ਇਸੇ ਲਈ ਉਹ ਥਾਂ ਪਰ ਥਾਂ ਜੱਟਾਂ ਦੀ ਨਿੰਦਾ ਕਰਦਾ ਹੈ :

ਰੱਜੇ ਜੱਟ ਨਾ ਜਾਣਦੇ ਕਿਸੇ ਤਾਈ ।

ਇਸ ਤਰ੍ਹਾਂ ਵਾਰਿਸ ਦੀ ਹੀਰ ਵਿਚੋਂ ਅਠਾਰ੍ਹਵੀ ਸਦੀ ਦੇ ਬਦਲਦੇ ਪੰਜਾਬ ਦੀ ਇਤਿਹਾਸਕ ਤਸਵੀਰ ਸਾਫ ਦਿਸ ਆਉਂਦੀ ਹੈ।

ਪਾਠ ਨੰ : 1.7

## ਹੀਰ ਵਾਰਿਸ ਦੀ ਪਾਤਰ-ਉਸਾਰੀ

**ਪਾਠ ਦਾ ਮੰਤਵ**

ਇਸ ਪਾਠ ਵਿਚ ਤੁਹਾਨੂੰ ਉਨ੍ਹਾਂ ਪਾਤਰਾਂ ਨਾਲ ਜਾਣੂ ਕਰਵਾਇਆ ਜਾਵੇਗਾ ਜਿਹੜੇ ਪਾਤਰ ਕਿੱਸੇ ਵਿਚ ਵਿਸ਼ੇਸ਼ ਥਾਂ ਰੱਖਦੇ ਹਨ ਤੇ ਬਿਰਤਾਂਤ ਦੀ ਚਾਲ ਨੂੰ ਅੱਗੇ ਤੋਰਦੇ ਹਨ ।

**ਪਾਤਰ ਉਸਾਰੀ**

ਕਵਿਤਾ ਸਾਹਿਤ ਦਾ ਇਕ ਵਿਸ਼ੇਸ਼ ਰੂਪ ਹੈ । ਯੂਨਾਨੀ ਪਰਿਭਾਸ਼ਾ ਅਨੁਸਾਰ ਦਾਖਾਂਤਕ-ਕਵਿਤਾ ਹੀ ਨਾਟਕ ਦਾ ਪ੍ਰਥਮ ਰੂਪ ਹੈ । ਨਾਟਕ ਵਿਚ ਚਰਿੱਤਰਾਂ ਦਾ ਖਾਸ ਮਹੱਤਵ ਤੇ ਮੰਤਵ ਹੁੰਦਾ ਹੈ । ਜਿੱਥੇ ਕਲਾ-ਵਸਤੂ ਪ੍ਰਧਾਨ ਹੋਵੇ ਉਥੇ ਚਰਿੱਤਰਾਂ ਦੀ ਮਹਾਨਤਾ ਹੋਰ ਵੱਧ ਜਾਂਦੀ ਹੈ । ਕਿੱਸਾ-ਕਾਵਿ ਵਿਚ ਨਾਟਕ ਵਾਂਗ ਕਿਸੇ ਨਾਟਕੀ ਕਹਾਣੀ ਦਾ ਵਰਣਨ ਹੁੰਦਾ ਹੈ । ਜਿੰਨੀ ਕਹਾਣੀ ਪਾਤਰਾਂ ਨਾਲ ਸਬੰਧਤ ਹੋਵੇਗੀ, ਉਨ੍ਹਾਂ ਹੀ ਉਸਦਾ ਪ੍ਰਭਾਵ ਵਧੇਰੇ ਪਵੇਗਾ ਤੇ ਆਨੰਦਮਈ ਹੋਵੇਗਾ । ਕਿੱਸਾ-ਕਵਿ ਵਿਚ ਕਥਾ-ਵਸਤੂ ਤੇ ਪਾਤਰ ਅੰਤਰ-ਆਧਾਰਿਤ ਹੁੰਦੇ ਹਨ । ਪਾਤਰ ਜਾਂ ਚਰਿੱਤਰ ਇਸ ਦੀ ਕਥਾ-ਵਸਤੂ ਦਾ ਅੰਤ੍ਰੀਵ ਅੰਗ ਹੁੰਦੇ ਹਨ । ਚਰਿੱਤਰ ਜਿਤਨੇ ਸੰਜੀਵ, ਜਿਉਂਦੇ ਜਾਗਦੇ ਤੇ ਜਨ ਸਾਧਾਰਨ ਵਿਚੋਂ ਹੋਣਗੇ, ਉਤਨਾ ਹੀ ਕਥਾ ਨੂੰ ਉਘਾੜਨਗੇ ਤੇ ਪਾਠਕਾਂ ਦੇ ਮਨ ਉੱਤੇ ਡੂੰਘੇਰਾ ਅਸਰ ਪਾਉਣਗੇ ।

ਪਾਤਰ ਜਾਂ ਚਰਿੱਤਰ ਦੋ ਪ੍ਰਕਾਰ ਦੇ ਹੁੰਦੇ ਹਨ : ਪ੍ਰਮੁੱਖ ਚਰਿੱਤਰ (ਪ੍ਰਾਇਮਰੀ) ਜਿਹੜੇ ਕਹਾਣੀ ਦੀ ਉਸਾਰੀ ਕਰਦੇ ਹਨ ਤੇ ਜਿਨ੍ਹਾਂ ਦੁਆਲੇ ਕਥਾ ਘੁੰਮਦੀ ਹੈ । ਇਨ੍ਹਾਂ ਦੀ ਕਲਾਤਮਕ ਸਿਰਜਨਾ ਤੇ ਪੇਸ਼ਕਾਰੀ ਕਵੀ ਦੀ ਵੱਡੀ ਪ੍ਰਾਪਤੀ ਹੁੰਦੀ ਹੈ । ਇਹ ਉਸ ਦੀ ਕਾਵਿ -ਕਲਾ ਦੇ ਲਖਾਇਕ ਤੇ ਪ੍ਰਤੀਕ ਹੁੰਦੇ ਹਨ । ਇਹ ਵੀ ਕਿੱਸੇ ਦੇ ਸਮੁੱਚੇ ਰੂਪ ਨੂੰ ਨਿਖਾਰਦੇ ਤੇ ਪ੍ਰਭਾਵ ਨੂੰ ਤੀਖਣ ਕਰਦੇ ਹਨ ।

ਦੂਜੇ ਅਪ੍ਰੱਮੁਖ ਜਾਂ ਅਪ੍ਰਧਾਨ (ਸੈਕੰਡਰੀ) ਪਾਤਰ ਹੁੰਦੇ ਹਨ । ਇਨ੍ਹਾਂ ਨੂੰ ਗੌਣ ਪਾਤਰ ਵੀ ਕਿਹਾ ਜਾਂਦਾ ਹੈ । ਇਹ ਕਿੱਸੇ ਦੀ ਕਥਾ ਚਾਲ ਵਿਚ ਕੋਈ ਠੋਸ ਅਸਰ ਨਹੀਂ ਪਾਉਂਦੇ । ਇਨ੍ਹਾਂ ਦੇ ਹੋਣ ਜਾਂ ਨਾ ਹੋਣ ਨਾਲ ਕਿੱਸੇ ਦੀ ਕਥਾ ਜਾਂ ਉਹਦੇ ਪ੍ਰਭਾਵ ਉਤੇ ਕੋਈ ਠੋਸ ਅਸਰ ਨਹੀਂ ਪੈਂਦਾ । ਇਨ੍ਹਾਂ ਵਿਚੋਂ ਇਕ ਨੂੰ ਜੇ ਕੱਢ ਦੇਈਏ ਦਾਂ ਕਿੱਸੇ ਦੀ ਚਾਲ ਵਿਚ ਬਹੁਤਾ ਫਰਕ ਨਹੀਂ ਪੈਂਦਾ ।

ਹੁਨਰਕਾਰ ਜਾਂ ਉਸਤਾਦ ਕਿੱਸਾਕਾਰ ਆਪਣੇ ਪਾਤਰਾਂ ਨੂੰ ਸਜੀਵ ਬਣਾਉਂਦਾ ਹੈ । ਉਹ ਸਾਡੇ ਵਿਚੋਂ ਹੋਣ ਤੇ ਵੀ ਸਾਡੇ ਨਾਲੋਂ ਅੱਡਰੇ ਹੁੰਦੇ ਹਨ । ਉਨ੍ਹਾਂ ਦਾ ਵਿਲੱਖਣ ਤੇ ਅੱਡਰਾ ਹੋਣਾ ਹੀ ਉਨ੍ਹਾਂ ਦੀ ਸਫਲਤਾ ਦੀ ਨਿਸ਼ਾਨੀ ਹੈ । ਉਨ੍ਹਾਂ ਵਿਚ ਆਪਣੀ ਵਿਅਕਤੀਗਤ ਵਿਸ਼ੇਸ਼ਤਾ ਹੁੰਦੇ ਹੋਏ ਵੀ ਸਾਧਾਰਣ ਵਿਅਕਤੀਆਂ ਵਾਲੇ ਚੰਗੇ ਤੇ ਉਤਮ ਗੁਣ ਵੀ ਹੋਣੇ ਚਾਹੀਦੇ ਹਨ । ਉਨ੍ਹਾਂ ਨੂੰ ਓਪਰਾ ਨਹੀਂ ਲਗਣਾ ਚਾਹੀਦਾ, ਤਾਂ ਹੀ ਉਹ ਸਾਨੂੰ ਖਿਚ ਸਕਣਗੇ ਤੇ ਸਾਡੀ ਉਨ੍ਹਾਂ ਨਾਲ ਇਕ ਦੋਸਤਾਂ ਜਿਹੀ ਸਾਂਝ ਪੈ ਸਕੇਗੀ । ਪਾਤਰਾਂ ਜਾਂ ਚਰਿੱਤਰਾਂ ਨੂੰ ਧਰਤ ਚੌਗਿਰਦੇ, ਵਾਤਾਵਰਣ, ਸਮਾਜ ਤੇ ਉਸ ਦੇ ਅੰਗਾਂ ਦੀ ਪ੍ਰਤੀਨਿਧਤਾ ਕਰਨੀ ਚਾਹੀਦੀ ਹੈ ਤੇ ਉਹੀ ਬੋਲੀ ਬੋਲਦੇ ਚਾਹੀਦੇ ਹਨ, ਜਿਹੜੇ ਉਨ੍ਹਾਂ ਦੇ ਨਾਲ ਦੇ ਪਾਤਰ ਬੋਲਦੇ ਹੋਣ । ਉਨ੍ਹਾਂ ਦੀ ਬੋਲੀ ਸਿਧੀ, ਕਾਟਵੀ, ਕਟਾਖਮਈ, ਮੁਹਾਵਰੇਦਾਰ ਤੇ ਲੋਕੋਕਤੀ ਭਰਪੂਰ ਹੋਣੀ ਚਾਹੀਦੀ ਹੈ । ਉਨ੍ਹਾਂ ਦੇ ਬੋਲਾਂ ਵਿਚ ਅਟੱਲ ਸਚਿਆਈਆਂ ਹੋਣੀਆਂ ਚਾਹੀਦੀਆਂ ਹਨ ਅਤੇ ਵਾਕ ਅਜਿਹੇ ਹੋਣੇ ਚਾਹੀਦੇ ਹਨ, ਜਿਹੜੇ ਪਿਛੋਂ ਅਖਾਣਾਂ ਸਮਾਨ ਬਣ ਜਾਣ ਤੇ ਜਨ-ਸਾਧਾਰਨ ਦੇ ਮੂੰਹਾਂ ਤੇ ਚੜ੍ਹ ਜਾਣ ।

ਹੀਰ ਵਾਰਿਸ ਦੇ ਪ੍ਰਮੁੱਖ ਚਰਿਤ੍ਰ ਹਨ :

ਹੀਰ-ਰਾਂਝਾ (ਨਾਇਕਾ ਤੇ ਨਾਇਕ), ਸੈਦਾ (ਖਲਨਾਇਕ) ਅਤੇ ਕੈਦੋਂ (ਖਲਨਾਇਕ) ।

ਅਪ੍ਰਮੁੱਖ ਜਾਂ ਗੌਣ ਪਾਤਰਾਂ, ਵਿਚ ਹਨ : ਰਾਂਝੇ ਦੀਆਂ ਭਰਜਾਈਆਂ, ਮੁੱਲਾ, ਲੁੱਡਣ, ਚੂਚਕ, ਮਲਕੀ, ਸੁਲਤਾਨ ਦੇ ਭਰਾ, ਮਿੱਠੀ ਨਾਇਣ, ਕਾਜ਼ੀ, ਬਾਲ ਨਾਥ, ਅਯਾਲੀ, ਮੁਰਾਦ, ਬਲੋਚ, ਅਦਲੀ ਰਾਜਾ ਅਤੇ ਸਹਿਤੀ ਆਦਿ ।

ਅਲੌਕਿਕ ਪਾਤਰ : ਪੰਜ ਪੀਰ ।

ਚਰਿੱਤਰਾਂ ਦਾ ਵਰਗੀਕਰਣ ਇਸ ਤਰ੍ਹਾਂ ਵੀ ਹੋ ਸਕਦਾ ਹੈ : ਧਰਤ ਜੀਵ ਚਰਿੱਤਰ ਤੇ ਪਰਾ-ਸਰੀਰਕ ਚਰਿੱਤਰ । ਮਰਦ ਤੇ ਇਸਤਰੀ ਪਾਤਰ ।

'ਹੀਰ ਵਾਰਿਸ' ਦੇ ਸਾਰੇ ਪਾਤਰ ਪੇਂਡੂ ਹਨ । ਪਿੰਡਾਂ ਦੇ ਵਾਤਾਵਰਣ ਵਿਚ ਪਲੇ ਹੋਏ ਹਨ । ਪਿੰਡਾਂ ਦੇ ਹਰ ਸ੍ਰੇਣੀ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਉਹ ਹੱਡ ਮਾਸ ਦੇ, ਜਿਉਂਦੇ ਜਾਗਦੇ ਧਰਤ ਤੇ ਵਿਚਰਨ ਵਾਲੇ ਪਾਤਰ ਹਨ । ਸਮਾਜ ਦੇ ਬੰਧਨਾਂ ਵਿਚ ਬੱਧੇ ਹੋਏ ਹਨ । ਸਮਾਜਕ ਰਹੁ-ਰੀਤਾਂ ਦੀ ਪੂਰੀ ਤਰ੍ਹਾਂ ਪਾਲਣ ਕਰਨ ਵਾਲੇ ਹਨ । ਉਹ ਸਭ ਰਵਾਇਤਾਂ ਵਿਚ ਲਕੀਰ ਦੇ ਫਕੀਰ ਹਨ । ਸਮਾਜ ਦੀ ਪ੍ਰਵਾਨਿਤ ਰੀਤੀ ਨੂੰ ਟੁੱਟਣ ਨਹੀਂ ਦਿੰਦੇ । ਇਸ ਲਈ ਉਹ ਸਮਾਜ ਵਿਰੋਧੀ ਪਿਆਰ/ਇਸ਼ਕ ਨੂੰ ਬਰਦਾਸ਼ਤ ਨਹੀਂ ਕਰਦੇ, ਉਸ ਦੀ ਆਗਿਆ ਨਹੀਂ ਦਿੰਦੇ । ਅਜਿਹੇ ਪਿਆਰ ਕਰਨ ਵਾਲਿਆਂ ਦੀ ਹੱਤਿਆਂ ਕਰਨੋ ਸੰਕੋਚ ਹੀ ਨਹੀਂ ਕਰਦੇ, ਸਗੋਂ ਉਸ ਅਤਿ ਘਿਣਾਉਣ ਕੰਮ ਨੂੰ ਵਾਜਬ ਸਮਝਦੇ ਹਨ ।

**ਹੀਰ ਦਾ ਪਾਤਰ-ਚਿਤਰਨ**

ਹੀਰ ਤੇ ਰਾਂਝਾ ਵਾਰਿਸ ਦੇ ਪ੍ਰਮੁੱਖ ਚਰਿੱਤਰ ਹਨ, ਜਿਨ੍ਹਾਂ ਨੂੰ ਚਿਤਰਨ ਤੇ ਉਸ ਨੇ ਪੂਰਾ ਪੂਰਾ ਜ਼ੋਰ ਲਾਇਆ ਹੈ । ਆਮ ਤੌਰ ਤੇ ਪ੍ਰੀਤ ਕਿੱਸਿਆਂ ਵਿਚ ਮਰਦ ਨਾਇਕ ਪਾਤਰ ਹੁੰਦਾ ਹੈ, ਪਰੰਤੂ ਹੀਰ ਰਾਂਝੇ ਦੇ ਕਿੱਸੇ ਵਿਚ 'ਹੀਰ' ਨਾਇਕ ਜਾਪਦੀ ਹੈ ਤੇ ਇਸ ਲਈ ਸਾਰਾ ਕਿੱਸਾ ਹੀਰ ਦੁਆਲੇ ਘੁੰਮਦਾ ਹੈ, ਘਟਨਾਵਾਂ ਹੀਰ ਦੇ ਘਰ ਵਾਪਰੀਆਂ ਹਨ । ਹੀਰ ਦੇ ਕਬੀਲੇ ਵਿਚ ਸਮੱਸਿਆ ਖੜ੍ਹੀ ਹੁੰਦੀ ਹੈ । ਇਸ ਸਭ ਕੁਝ ਦੇ ਕਾਰਨ ਹੀਰ ਦੀ ਸ਼ਖਸੀਅਤ ਰਾਂਝੇ ਨਾਲੋਂ ਵਧੇਰੇ ਉਭਰਵੀਂ ਹੈ । ਪਹਿਲਾਂ ਹੀਰ ਦੇ ਪ੍ਰਮੁੱਖ ਚਰਿੱਤਰ ਨੂੰ ਹੀ ਲੈਂਦੇ ਹਾਂ ।

ਬਾਵਾ ਬੁੱਧ ਸਿੰਘ ( ਕੋਇਲ ਕੂ, ਪੰਨਾ 156) ਹੀਰ ਬਾਰੇ ਲਿਖਦੇ ਹਨ ਕਿ 'ਪੰਜਾਬੀ ਲਿਟਰੇਚਰ ਵਿਚ ਸਭ ਤੋਂ ਦਲੇਰ ਹੋਸਲੇ ਵਾਲੀ ਨਾਇਕਾ ਹੀਰ ਹੈ । ਰੂਪ ਦਾ ਨਮੂਨਾ, ਜੋਬਨ ਵਿਚ ਮੱਤੀ, ਜਵਾਨੀ ਦੀ ਲੋਹੜ, ਕੁਝ ਪਿਉ ਦੀ ਦੌਲਤ ਦਾ ਮਾਣ ਇਹ ਸਾਰੇ ਗੁਮਾਨ ਅਜਿਹੇ ਹਨ ਕਿ ਹੀਰ ਕਿਸੇ ਨੂੰ ਅੱਖ ਹੇਠ ਨਹੀਂ ਲਿਆਉਂਦੀ ਸੀ । ਇਕ ਫਾਥੀ ਤਾਂ ਰਾਂਝੇ ਦੇ ਇਸ਼ਕ ਹੀ ਫਾਥੀ, ਅਜਿਹੀ ਫਾਥੀ ਕਿ ਫਟਕਣ ਕੇਹਾ ।

'ਹੀਰ ਅਕਲ ਦੀ ਪੁਤਲੀ ਸੀ, ਇਲਮ ਵੀ ਸਿੱਖੀ, ਦੀਨੀ ਕਿਤਾਬਾਂ ਵਿਚ ਪਰਪੱਕ, ਤੀਵੀ ਹੁੰਦਿਆਂ ਵੀ ਨਿਧੜਕ ਹੋ ਕੇ ਕਾਜ਼ੀਆਂ ਨੂੰ ਜਵਾਬ ਸੁਣਾਏ ਕਿ ਕੋਈ ਉਤਰ ਨਾ ਬਣ ਆਏ । ਮਾਂ ਨੂੰ ਇੰਜ ਪੈਂਦੀ ਜੀਕਣ ਉਹ ਕੱਲ੍ਹ ਦੀ ਜਾਈ ਹੁੰਦੀ ਹੈ । ਪਿਉ ਵੀ ਵਿਚਾਰਾ ਉਸ ਅੱਗੇ ਨਹੀਂ ਸੀ ਬੋਲਦਾ । ਘਰ ਵਿਚ ਪ੍ਰਧਾਨ ਸੀ । ਮਾਪਿਆਂ ਦੀ ਇਕੋ ਧੀ, ਵੀਰਾਂ ਦੀ ਇਕੋ ਭੈਣ, ਰਾਂਝੇ ਨਾਲ ਹੀਰ ਦਾ ਮੇਲ ਪਹਿਲੀ ਵਾਰ ਝਨ੍ਹਾਂ ਦੇ ਪੱਤਣ ਉਤੇ ਹੁੰਦਾ ਹੈ :

ਲੈ ਕੇ ਸੱਠ ਸਹੇਲੀਆਂ ਨਾਲ ਚਲੀ, ਹੀਰ ਮੱਤੜੀ ਰੂਪ ਗੁਮਾਨ ਦੀ ਜੀ,
ਬੁੱਕ ਬੁੱਕ ਮੋਤੀਆਂ ਦੇ ਕੰਨੀ ਛਣਕਦੇ ਸਨ, ਕੋਈ ਹੂਰ ਤੇ ਪਰੀ ਦੀ ਸ਼ਾਨ ਦੀ ਜੀ ।

ਵਾਰਿਸ ਨੇ ਇਸ ਸੁੰਦਰ, ਸੋਹਣੀ, ਸੁਨੱਖੀ ਤੇ ਲਾਡਲੀ ਦੀ ਤਸਵੀਰ ਇਕ ਚਿੱਤ੍ਰਕਾਰ ਵਾਂਗ ਖਿੱਚੀ ਹੈ ਤੇ ਉਸਦੇ ਨੈਣ-ਨਕਸ਼ ਤੇ ਅੰਗ-ਢੰਗ ਬੜੇ ਸਲੀਕੇ ਨਾਲ ਉਲੀਕੇ ਹਨ, ਹੀਰ ਦੇਖਣ ਨੂੰ ਸੁੰਦਰ ਭੂਸ਼ਣਾਂ ਵਿਚ ਲਿਪਟੀ ਗੁੱਡੀ ਸਮਾਨ ਹੈ :

ਕੁੜਤੀ ਸੂਹੀ ਸੀ ਹਿੱਕ ਦੇ ਨਾਲ ਫੱਬੀ, ਹੋਸ਼ ਰਹੀ ਨਾ ਜ਼ਿਮੀ ਅਸਮਾਨ ਦੀ ਜੀ ।
ਜਿਸਦੇ ਨੱਕ ਬੁਲਾਕ ਜਿਉਂ ਕੁਤਬ ਤਾਰਾ, ਜੋਬਨ ਭੰਬੜੀ ਕਹਿਰ ਤੁਫਾਨ ਦੀ ਜੀ ।

ਉਹ ਆਪਣੇ ਹੁਸਨ, ਜਮਾਲ ਤੇ ਦੌਲਤ ਦੇ ਹੰਕਾਰ, ਗੁਮਾਨ ਨਾਲ ਭਰੀ ਹੋਈ ਹੈ :

ਵਾਰਿਸ ਸ਼ਾਹ ਮੀਆਂ ਜੱਟੀ ਲੋੜ੍ਹ ਲੁੱਟੀ ।
ਭਰੀ ਕਿਬਰ ਹੰਕਾਰ ਗੁਮਾਨ ਦੀ ਜੀ ।

ਵਾਰਿਸ ਨੇ ਜਿੰਨਾ ਜ਼ੋਰ ਹੀਰ ਦੇ ਅੰਗ ਚਿਤਰਨ ਉਤੇ ਲਾਇਆ ਹੈ, ਹੋਰ ਕਿਸੇ ਚਰਿੱਤਰ ਤੇ ਨਹੀਂ ਲਾਇਆ । ਹੀਰ ਦੇ ਮੱਥੇ ਤੇ ਹੁਸਨ ਮਹਿਤਾਬ (ਚੰਦ ਦਾ ਰੂਪ) ਚਮਕਦਾ ਸੀ, ਖੂਨੀ ਚੂੰਡੀਆਂ ਕਾਲੀ ਰਾਤ ਸਮਾਨ ਸਨ । ਮੁੱਖ ਦਾ ਸੁਰਖ ਰੰਗ ਲਾਲ ਸ਼ਰਾਬ ਵਰਗਾ ਸੀ, ਨੈਣ ਨਰਗਸੀ ਮਿਰਗ ਮਮੋਲੜੇ ਦੇ ਅਤੇ ਗੱਲ੍ਹਾਂ ਟਹਿਕੀਆਂ ਫੁੱਲ ਗੁਲਾਬ ਸਨ । ਭਵਾਂ ਲਾਹੌਰ ਦੀ ਕਮਾਨ ਵਰਗੀਆਂ ਸਨ ਅਤੇ ਅੱਖਾਂ ਵਿਚ ਕਾਲਾ ਸ਼ਾਹ ਸੁਰਮਾ ਇਉਂ ਜਾਪਦਾ ਸੀ ਜਿਵੇਂ ਕਿਧਰੇ ਪੰਜਾਬ ਦੇ ਬੱਦਲਾਂ ਦੀ ਕਾਲੀ ਘਟਾ ਹਿੰਦ ਉਤੇ ਚੜ੍ਹ ਰਹੀ ਹੋਵੇ । ਮੁਖੜਾ ਮਾਨੋ ਕੋਈ ਖੁਸ਼ਖੱਤ ਲਿਖੀ ਕਿਤਾਬ ਹੋਵੇ ।

ਇਸੇ ਤਰ੍ਹਾਂ ਹੋਠ ਸੁਰਖ ਯਾਕੂਤ ਵਾਂਗ ਲਾਲ ਸੂਹੇ ਸਨ, ਠੋਡੀ ਵਿਲਾਇਤੀ ਸਿਉ ਵਰਗੀ, ਨੱਕ ਅਲਫ ਹੁਸੈਨੀ ਦਾ ਪਿਪਲਾ (ਹਜਰਤ ਅਲੀ ਦੀ ਤਲਵਾਰ ਦੀ ਨੋਕ ਵਰਗਾ) ਸੀ, ਜੁਲਫਾਂ ਬਾਰ ਦੇ ਨਾਗਾਂ ਵਰਗੀਆਂ, ਦੰਦ ਚੰਬੇ ਦੀ ਲੜੀ ਜਾਂ

ਅਨਾਰ ਦੇ ਦਾਣਿਆਂ ਜੇਹੇ, ਕੱਦ ਬਹਿਸ਼ਤੀ ਗੁਲਜ਼ਾਰ ਦੇ ਸਰੂ ਵਰਗਾ, ਇਹ ਜੱਟੀ ਕਾਹਦੀ ਸੀ, ਕੋਈ ਚੀਨ ਕਸ਼ਮੀਰ ਦੀ ਤਸਵੀਰ ਘੜੀ ਹੋਈ ਸੀ, ਗਰਦਨ ਕੂੰਜ ਦੀ, ਉਂਗਲਾਂ ਰਵ੍ਹਾਂ ਫਲੀਆਂ ਜੇਹੀਆਂ ਕੋਮਲ ਤੇ ਨਾਜ਼ੁਕ, ਛਾਤੀ ਸੰਗਮਰਮਰ ਜਾਂ ਗੰਗਾਂ ਦੀ ਜਲਧਾਰਾ ਵਰਗੀ ਸੀ । ਅਜਿਹੀ ਹੀਰ ਕੋਈ ਸ਼ਾਹ ਪਰੀ ਜਾਂ ਪੰਜ ਫੂਲਾਂ ਰਾਣੀ ਦਿਸਦੀ ਸੀ, ਅਜਿਹੀ ਜਿਹੜੀ ਹਜ਼ਾਰਾਂ ਵਿਚੋਂ ਵੀ ਗੁੱਝੀ ਨਾ ਰਹੇ :

ਸ਼ਾਹ ਪਰੀ ਦੀ ਭੈਣ ਪੰਜ ਫੂਲ ਰਾਣੀ
ਗੁੱਝੀ ਰਹੇ ਨਾ 'ਹੀਰ ਹਜ਼ਾਰ ਵਿਚੋਂ ।

ਵਾਰਿਸ ਹੀਰ ਨੂੰ ਲੰਕ ਬਾਗ ਦੀ ਪਰੀ ਜਾਂ ਇੰਦਰਾਣੀ ਜਾਂ ਫਿਰ ਚੰਦ ਪਰਿਵਾਰ ਵਿਚੋਂ ਨਿਕਲੀ ਕੋਈ ਹੂਰ ਦਸਦਾ ਹੈ ਜਾਂ ਉਹ ਪੇਖਣੇ ਦੀ ਕੋਈ ਪੁਤਲੀ ਸੀ :

ਲੰਕ ਬਾਗ ਦੀ ਪਰੀ ਕਿ ਇੰਦਰਾਣੀ
ਹੂਰ ਨਿਕਲੀ ਚੰਦ ਪਰਵਾਰ ਵਿਚੋਂ ।
ਪਤਲੀ ਪੇਖਣੇ ਦੀ ਨਕਸ਼ ਰੂਪ ਦਾ ਹੈ
ਲੱਧਾ ਪਰੀ ਨੇ ਚੰਦ ਉਜਾੜ ਵਿਚੋਂ ।

ਇਹੋ ਜੇਹੀ ਮਲੂਕ, ਪੰਜ ਫੂਲਾਂ ਰਾਣੀ ਹੁੰਦੇ ਹੋਏ ਵੀ ਹੀਰ ਦਲੇਰ, ਨਿੱਡਰ, ਨਿਝੱਕ ਵੀਰਾਂਗਣਾ ਜੇਹੀ ਸੀ, ਜਿਹੜੀ ਮਲਾਹ ਨੂੰ ਫੜ ਕੇ ਮੁਸ਼ਕਾਂ ਕਸਕੇ ਉਸ ਨੂੰ ਛਮਕਾ ਨਾਲ ਲਹੂ ਲੁਹਾਨ ਕਰ ਦਿੰਦੀ ਹੈ । ਜਿਹੜੀ ਰਾਂਝੇ ਨੂੰ ਵੀ ਛਮਕਾਂ ਮਾਰ ਮਾਰ ਇਸ਼ਕ ਦੀ ਮਾਰ ਮਾਰਦੀ ਹੈ । ਪਰ ਆਪ ਉਸ ਦੇ ਦੋ ਸ਼ਬਦ ਸੁਣ ਕੇ ਤੇ ਉਸ ਦਾ ਚੰਨ ਜਿਹਾ ਮੁੱਖੜਾ ਵੇਖ ਕੇ ਉਸ ਉਤੇ ਮਰ ਜਾਂਦੀ ਹੈ । ਇਥੇ ਵਾਰਿਸ ਨੇ ਹੀਰ ਦਾ ਪਹਿਲੀ ਨਜ਼ਰੇ ਰਾਂਝੇ ਉਤੇ ਮੋਹਤ ਹੋ ਜਾਣਾ ਬੜੇ ਨਾਟਕੀ ਢੰਗ ਵਿਚ ਪੇਸ਼ ਕੀਤਾ ਹੈ :

ਕੂਕੇ ਮਾਰ ਹੀ ਮਾਰ ਕੇ ਪਕੜ ਛਮਕਾਂ
ਪਰੀ ਆਦਮੀ ਤੇ ਕਹਿਰਵਾਨ ਹੋਈ ।
ਰਾਂਝੇ ਉਠ ਕੇ ਆਖਿਆ 'ਵਾਹ ਸੱਜਣ'
ਹੀਰ ਹੱਸ ਕੇ ਤੇ ਮੇਹਰਬਾਨ ਹੋਈ ।

ਅੱਖਾਂ ਲੱਗਣ ਤੇ ਕੋਲ ਕਰਾਰ ਕਰਨ ਮਗਰੋਂ ਹੀਰ ਇਕ ਨਾਇਕਾ, ਤੋੜ ਨਿਭਾਉਣ ਵਾਲੀ ਪ੍ਰੇਮਿਕਾ, ਨਾਇਕ ਦੇ ਅੱਗੇ ਤੁਰਨ ਵਾਲੀ ਤੇ ਉਸ ਨੂੰ ਸਦਾ ਆਪਣੇ ਪਿਛੇ ਰੱਖਣ ਵਾਲੀ ਯੁਵਤੀ ਸਿੱਧ ਹੁੰਦੀ ਹੈ । ਉਹ ਰਾਂਝੇ ਨੂੰ ਆਪ ਕੁਝ ਸਮਾਝਾਉਂਦੀ ਹੈ ਤੇ ਪਿਉ ਪਾਸ ਲੈ ਜਾ ਉਸ ਨੂੰ ਮੱਝੀਆਂ ਦਾ ਛੇੜੂ ਨਿਯੁਕਤ ਕਰਵਾਉਂਦੀ ਹੈ । ਇਸ਼ਕ ਨਿਭਾਣ ਦੇ ਸਾਰੇ ਢੰਗ ਪੈਂਤੜੇ ਉਸ ਨੂੰ ਦਸਦੀ ਹੈ ਤੇ ਹਰ ਸੰਕਟ ਸਮੇਂ ਉਸ ਨੂੰ ਦਿਲਾਸਾ ਤੇ ਹੌਸਲਾ ਦਿੰਦੀ ਹੈ । ਉਹ ਪੈਚਣੀ ਵਾਂਗ ਰਾਂਝੇ ਨੂੰ ਨਾਲ ਲੈ ਤੇ ਤੁਰਦੀ ਹੈ ਤੇ ਉਸ ਦੀ ਹਰ ਥਾਂ ਅਗਵਾਈ ਕਰਦੀ ਹੈ :

ਅੱਗੇ ਪੈਚਣੀ ਹੋਇ ਕੇ ਹੀਰ ਚੱਲੀ
ਵਾਰਿਸ ਸ਼ਾਹ ਨੂੰ ਚਾਇ ਖਲ੍ਹਾਰਿਆ ਈ ।

ਹੀਰ ਰਾਂਝੇ ਨੂੰ ਕੱਢ ਕੇ ਲੈ ਜਾਣ ਲਈ ਵੀ ਪ੍ਰੇਰਦੀ ਹੈ । ਪਰੰਤੂ ਰਾਂਝਾ ਸਮਝਦਾਰ ਜਾਂ ਆਦਰਸ਼ਕ ਆਸ਼ਕ ਹੈ । ਹੀਰ ਉਸ ਨੂੰ ਬਾਰਾਂ ਸਾਲ ਬੇਲੇ ਵਿਚ ਮਾਸ਼ੂਕਾਂ ਵਾਂਗ ਰੱਖਦੀ ਹੈ । ਉਸ ਦੇ ਨਾਜ਼-ਨਖਰੇ ਝਲਦੀ ਹੈ, ਉਸ ਨੂੰ ਚੂਰੀਆਂ ਖਵਾਂਦੀ ਹੈ ਤੇ ਉਸ ਦੇ ਪਿਆਰ ਨਾਲ ਖੇਡਦੀ ਨਹੀਂ ਥੱਕਦੀ । ਕੈਦੋ ਦੇ ਚੂਰੀ ਲੈ ਜਾਣ ਤੇ ਉਸ ਦੀ ਸਾਜ਼ਿਸ ਸਮਝ ਜਾਂਦੀ ਹੈ । ਸ਼ੀਹਣੀ ਵਾਂਗ ਮਗਰ ਜਾ ਕੇ ਉਸ ਉਤੇ ਟੁੱਟ ਪੈਂਦੀ ਹੈ ਤੇ ਅਗਲੇ ਭਲਕ ਸਹੇਲੀਆਂ ਨੂੰ ਲੈ ਕੇ ਉਸ ਦੀ ਖੂਬ ਮੁਰੰਮਤ ਕਰਦੀ ਹੈ ਤੇ ਉਸ ਦੀ ਕੁੱਲੀ ਸਾੜ ਫੂਕ ਕੇ ਸਵਾਹ ਕਰ ਦੇਂਦੀ ਹੈ ।

ਉਹ ਕਿਸੇ ਕੋਲੋਂ ਨਹੀਂ ਡਰਦੀ ਨਾ ਮਾਂ ਕੋਲੋਂ, ਨਾ ਬਾਪ ਕੋਲੋਂ, ਨਾ ਚਾਚੇ ਕੋਲੋਂ, ਨਾ ਪਿੰਡ ਦੇ ਬੰਦਿਆਂ ਕੋਲੋਂ ਅਤੇ ਨਾ ਕਾਜ਼ੀ ਕੋਲੋ । ਰਾਂਝੇ ਦੀਆਂ ਭਾਬੀਆਂ ਨੂੰ ਵੀ ਠੋਕਵਾਂ ਜਵਾਬ ਲਿਖਵਾਂਦੀ ਹੈ । ਨਾ ਸੈਦੇ ਕੋਲੋਂ ਤੇ ਨਾ ਉਸ ਦੀ ਭੈਣ ਸਹਿਤੀ, ਨਾ ਅੰਤ ਅਦਲੀ ਰਾਜੇ ਕੋਲੋਂ ਡਰਦੀ ਹੈ । ਉਹ ਆਦਿ ਤੋਂ ਅੰਤ ਤਕ ਇਕ ਬਹਾਦਰ ਨਾਇਕਾ ਵਾਂਗ ਸਾਰਾ ਨਾਟਕ ਖੇਡਦੀ ਹੈ ਤੇ ਰਾਂਝੇ ਨੂੰ ਹਰ ਦਮ ਹੱਲਾ ਸ਼ੇਰੀ ਦਿੰਦੀ ਹੈ, ਉਸ ਨੂੰ ਦਿਲ ਛੱਡਣ ਤੋਂ ਰੋਕਦੀ ਹੈ, ਉਸ ਨੂੰ ਵਿਉਂਤ ਸਮਝਾ ਕੇ, ਮੂੰਹ ਸਿਰ ਮੁਨਾ ਕੇ, ਰੰਗ ਪੁਰ ਜੋਗੀ ਬਣ ਕੇ, ਆਉਣ ਦਾ ਸੁਝਾ ਦਿੰਦੀ ਹੈ । ਉਹ ਮਰਨ ਤੋਂ ਵੀ ਨਹੀਂ ਡਰਦੀ ਤੇ ਇਸ ਤਰ੍ਹਾਂ ਉਹ ਪੰਜਾਬਣ ਜੱਟੀ ਦਾ ਸਹੀ ਚਰਿੱਤਰ ਪੇਸ਼ ਕਰਦੀ ਹੈ । ਪੰਜਾਬੀ ਪ੍ਰੀਤ ਕਿੱਸਿਆਂ

ਵਿਚ ਹੀਰ ਜਿਹੀ ਸ਼ਾਇਦ ਹੀ ਕੋਈ ਨਾਇਕ-ਰੂਪੀ ਨਾਇਕਾ ਪਾਤਰ ਹੋਵੇਗਾ । ਸਾਰੇ ਕਿੱਸੇ ਦੀ ਜਿੰਦ ਜਾਨ ਹੀਰ ਹੈ । ਰਾਂਝਾ ਤਾਂ ਕੇਵਲ ਉਸਦਾ ਪਰਛਾਵਾਂ ਲਗਦਾ ਹੈ । ਜਾਂ ਇਕ ਅਜਿਹਾ ਦੀਵਾ ਜਿਹੜਾ ਤੇਲ-ਬੱਤੀ ਹੀਰ ਪਾਸੋਂ ਪ੍ਰਾਪਤ ਕਰਦਾ ਹੈ ।

ਰਾਂਝੇ ਨੂੰ ਜਦ ਖੇੜੇ ਮਾਰ ਨਬੇੜਨ ਲਗਦੇ ਹਨ ਤਾਂ ਉਹ ਅੱਗੋ ਹੋ ਕੇ ਉਸ ਲਈ ਢਾਲ ਬਣ ਖਲੋਂਦੀ ਹੈ । ਪਰ ਅੰਤ ਉਤੇ ਪਤਾ ਨਹੀਂ ਵਾਰਿਸ ਨੂੰ ਕੀ ਸੁੱਝੀ, ਨੱਕ-ਨਾਮੂਜ, ਰਸਮ-ਰਿਵਾਜ, ਖਾਨਦਾਨ-ਸਮਾਜ, ਪਿੰਡ-ਵੇਹੜੇ ਦੇ ਸਾਕਾਂ ਸੰਬੰਧੀਆਂ ਦੀ ਅਸਲੋਂ ਪਰਵਾਹ ਨਾ ਕਰਨ ਵਾਲੀ ਹੀਰ ਨੂੰ ਮੁੜ ਪੇਕੇ ਘਰ ਦੇ ਮੋਹ ਵਿਚ ਫਸਾ ਦਿੱਤਾ ਤੇ ਪਿੰਡ ਕੋਲੋਂ ਲੰਘਦੀ ਨੂੰ ਘਰ ਪਰਤਣ ਲਈ ਮਜ਼ਬੂਰ ਕਰ ਦਿੱਤਾ । ਇਹ ਹੀਰ ਦੇ ਚਰਿੱਤਰ ਦਾ ਕਮਜ਼ੋਰ ਪੱਖ ਹੈ ਤੇ ਏਹੀ ਉਸਦੀ ਮੌਤ ਦਾ ਕਾਰਨ ਬਣਿਆ । ਪਰ ਹੋਣੀ ਇਸ ਤਰ੍ਹਾਂ ਵਾਪਰਨੀ ਸੀ । ਹੀਰ ਦੀ ਮੌਤ ਦੀ ਖਬਰ ਸੁਣ ਕੇ ਰਾਂਝਾ ਵੀ ਫਰਹਾਦ ਵਾਂਗ ਆਹ ਮਾਰ ਕੇ ਮਰ ਜਾਂਦਾ ਹੈ ਤੇ ਹੀਰ ਰਾਂਝੇ ਦੀ ਕਹਾਣੀ ਵੀ ਦਮ ਤੋੜ ਜਾਂਦੀ ਹੈ । ਫਿਰ ਵੀ ਹੀਰ ਦਾ ਚਰਿੱਤਰ ਸਾਰੇ ਕਿੱਸੇ ਦਾ ਕੇਂਦਰ ਹੈ । ਹੀਰ ਹੀ ਕਿੱਸੇ ਦੀ ਨਾਇਕਾ ਹੈ।

**ਰਾਂਝਾ**

ਅਸਲ ਨਾਮ ਧੀਦੋ, ਤਖਤ ਹਜ਼ਾਰੇ ਦੇ ਮੌਜੂ ਚੌਧਰੀ (ਮੁਅੱਜ਼ੁੱਦੀਨ) ਦਾ ਪੁੱਤਰ, ਜਾਤ ਦਾ ਰਾਂਝਾ, ਛੈਲ ਤੇ ਬਾਂਕਾ ਜਵਾਨ ਪਰ ਸੂਹਲ ਤੇ ਲਾਡਾ ਨਾਲ ਪਲਿਆ । ਸ਼ੁਰੂ ਤੋ ਹੋਣੀ ਉਸ ਦੇ ਸਿਰ ਤੇ ਸਵਾਰ ਹੈ । ਪਹਿਲਾਂ ਯਤੀਮ ਹੋਇਆ, ਫਿਰ ਭਰਾਵਾਂ ਦੇ ਤਾਹਨੇ ਮਿਹਣਿਆਂ ਦਾ ਸ਼ਿਕਾਰ ਹੋਇਆ :

ਬਾਪ ਕਰੇ ਪਿਆਰ ਤੇ ਵੈਰ ਭਾਈ, ਡਰ ਬਾਪ ਦੇ ਤੋਂ ਪਏ ਸੰਗਦੇ ਨੇ ।
ਗੁਝੇ ਮੇਹਣੇ ਮਾਰਕੇ ਸੱਪ ਵਾਗੂੰ, ਉਸਦੇ ਕਾਲਜੇ ਨੂੰ ਪਏ ਡੰਗਦੇ ਨੇ ।

ਕਾਜ਼ੀ ਪਟਵਾਰੀ ਤੇ ਪੰਚਾਂ ਨੇ ਕਾਣੀ ਵੰਡ ਕੀਤੀ ਤੇ ਉਸ ਨੂੰ ਬੰਜਰ ਜ਼ਮੀਨ ਵੰਡ ਕੇ ਦੇ ਦਿੱਤੀ, ਜਿਸ ਨਾਲ ਉਹ ਮੱਥਾ ਮਾਰਦਾ, ਝਾੜ-ਝਾੜੀਆਂ ਪੁਟਦਾ, ਅੰਤ ਟੁੱਟਾ ਦਿਲ ਲੈ ਪਿੰਡ ਬੇਘਰ ਹੋ, ਕਦੀ ਮਸੀਤੇ ਰਾਤ ਕਟਦਾ ਤੇ ਕਦੀ ਝਨ੍ਹਾਂ ਦੇ ਪੱਤਣ ਤੇ । ਪਾਰ ਹੋਣ ਲਈ ਉਹ ਲੁੱਡਣ ਮਲਾਹ ਦੇ ਤਰਲੇ ਕਰਦਾ ਦਿਸਦਾ ਹੈ । ਇਹ ਤਾਂ ਹੀਰ ਨੇ ਉਸ ਨੂੰ ਸਾਂਭ ਲਿਆ ਤੇ ਆਪਣਾ ਨਾਇਕ ਬਣਾ ਲਿਆ ਜੋ ਉਹ ਕੁਝ ਦਿਨ ਸੋਹਣੇ ਜਿਉਣ ਜੋਗਾ ਹੋ ਸਕਿਆ, ਨਹੀਂ ਤਾਂ ਪਤਾ ਨਹੀਂ ਕਿਹੜੇ ਖੂਹ ਡਿਗਦਾ । ਵਾਰਿਸ ਨੇ ਹੀਰ ਦੀ ਸਿਫਤ ਤੇ ਤਸਵੀਰ ਚਿਤਰਣ ਵਿਚ ਪੂਰਾ ਜ਼ੋਰ ਲਾਇਆ ਹੈ ਪਰੰਤੂ ਰਾਂਝੇ ਦੇ ਚਰਿੱਤਰ-ਚਿਤਰਣ ਵਿਚ ਉਸਨੇ ਕੋਈ ਵਿਸ਼ੇਸ਼ ਸ਼ੌਕ ਨਹੀਂ ਵਿਖਾਇਆ । ਹਾਂ ਭਾਬੀਆਂ ਦੇ ਮੂੰਹੋਂ ਉਸ ਦਾ ਚਿਤਰ ਇਕ ਅੜੀਅਲ, ਘਰ ਬਾਰ ਵਿਸਾਰ ਕੇ ਖਵਾਰ ਹੋਣ ਵਾਲਾ, ਪ੍ਰੇਮ ਦੀਆਂ ਝੋਕਾ ਲਾਉਣ ਵਾਲਾ ਕਾਲੀਆਂ ਜ਼ੁਲਫਾ ਵਾਲਾ ਛੈਲ-ਛਬੀਲਾ ਗਭਰੂ ਦਾ ਦਰਸਾਇਆ ਹੈ ਜਿਸਦੀ ਧੁਮ ਪਨਘਟਾਂ ਤੇ ਪਈ ਸੀ :

ਸਿੱਧਾ ਹੋਇਕੇ ਰੋਟੀਆਂ ਖਾਹ ਜੱਟਾ,
ਅੜੀਆਂ ਕਾਸਨੂੰ ਏਡੀਆਂ ਚਾਈਆਂ ਨੀ ।
ਘਰ ਬਾਰ ਵਿਸਾਰ ਖਵਾਰ ਹੋਇਆ
ਝੋਕਾਂ ਪ੍ਰੇਮ ਦੀਆਂ ਕਿਸ ਲਈ ਲਾਈਆਂ ਨੀ ।
ਜ਼ੁਲਫ਼ਾਂ ਖਿੰਡਾ ਕੇ ਕਾਲੀਆਂ ਭੌਰ ਵਾਂਗੂੰ
ਜੋਕਾਂ ਹਿੱਕ ਤੇ ਆਣ ਬਹਾਈਆਂ ਨੀ ।
ਵਾਰਿਸ ਸ਼ਾਹ ਏਹ ਜਿਨ੍ਹਾਂ ਦਾ ਚੰਦ ਦੇਵਰ
ਘੋਲ ਘਤੀਆਂ ਸਭ ਭਰਜਾਈਆਂ ਨੀ ।

ਘਰੋਂ ਉਦਾਸ ਹੋ ਨਿਕਲ ਤੁਰਦਾ ਹੈ । ਰਾਤ ਮਸੀਤ ਵਿਚ ਗੁਜ਼ਾਰਦਾ ਹੈ । ਉਥੇ ਮੁੱਲਾਂ ਨਾਲ ਲੜਾਈ ਲੈਂਦਾ ਹੈ ਤੇ ਉਸ ਨੂੰ ਖਰੀਆਂ ਖਰੀਆਂ ਸੁਣਾਉਂਦਾ ਹੈ । ਫਿਰ ਪੱਤਣ ਤੇ ਆ ਕੇ ਮਲਾਹ ਨਾਲ ਉਲਝਦਾ ਹੈ । ਸੋਹਣਾ ਰੱਜ ਕੇ ਸੀ । ਮਲਾਹ ਲੁੱਡਣ ਦੀਆਂ ਦੋਵੇਂ ਰੰਨਾਂ ਉਸ ਉਤੇ ਮੋਹਿਤ ਹੋ ਜਾਂਦੀਆਂ ਹਨ । ਪਾਰ ਲੰਘਦਾ ਹੈ, ਪੰਜ ਪੀਰ ਉਸਦੀ ਪਿੱਠ ਤੇ ਹਨ । ਫਿਰ ਹੀਰ ਦੇ ਪਲੰਘ ਤੇ ਜਾ ਢੌਂਕਾ ਲਾਉਂਦਾ ਹੈ ਤੇ ਉਥੇ ਹੀ ਉਸ ਹੱਥੋਂ ਛਮਕਾਂ ਦੀ ਮਾਰ ਖਾ ਕੇ ਉਠ ਬਹਿੰਦਾ ਹੈ ਤੇ ਵਾਹ ਸੱਜਣ ਕਹਿ ਕੇ ਹੀਰ ਦੇ ਦਿਲ ਨੂੰ ਹਮੇਸ਼ਾਂ ਲਈ ਆਪਣਾ ਬਣਾ ਲੈਂਦਾ ਹੈ ।

ਬੇਲੇ ਵਿਚ ਮੱਝੀਆਂ ਚਾਰਦਾ ਹੈ । ਹੀਰ ਉਸ ਦੀ ਦਿਲਜੋਈ ਕਰਦੀ ਹੈ । ਜਦ ਹੀਰ ਖੇੜੇ ਨੂੰ ਦਿੱਤੀ ਜਾਣ ਲਗਦੀ ਹੈ ਉਸ ਨੂੰ ਮਿਹਣੇ ਮਾਰਦਾ ਹੈ । ਉਹ ਫਿਰ ਵੀ ਉਸਨੂੰ ਆਪਣੀ ਵਫਾ ਦਾ ਯਕੀਨ ਦਿਵਾਉਂਦੀ ਹੈ । ਫਿਰ ਰੁੱਸ

ਕੇ ਦੂਜੇ ਵਿਹੜੇ ਚਲਾ ਜਾਂਦਾ ਹੈ । ਚੂਚਕ ਉਸ ਨੂੰ ਮਨਾ ਕੇ ਲਿਆਉਂਦਾ ਹੈ । ਜੰਝ ਦੇ ਨਾਲ ਸਿਰ ਤੇ ਟਰੰਕ ਰੱਖ ਕੇ ਤੋਰ ਦਿੰਦਾ ਹੈ । ਉਥੋਂ ਨਿਰਾਸ਼ ਤੇ ਪਰੇਸ਼ਾਨ ਹੋ ਮੁੜਦਾ ਹੈ । ਅੰਤ ਹੀਰ ਹੀ ਉਸ ਨੂੰ ਸਾਹਸ ਦਿਵਾਂਦੀ ਤੇ ਵਿਉਂਤ ਦਸਦੀ ਹੈ ਕਿ ਅਖੀਰ ਗੋਰਖ ਦੇ ਟਿੱਲੇ ਤੇ ਜਾ ਕੇ ਜੋਗ ਲੈਂਦਾ ਹੈ । ਗੋਰਖ ਨਾਥ ਨੂੰ ਇਕ ਤਰ੍ਹਾਂ ਗਾਲ੍ਹਾਂ ਕਢਦਾ ਹੈ ।ਧੱਕੇ ਤੇ ਜ਼ੋਰ ਨਾਲ ਜੋਗ ਲੈ ਕੇ ਹੀਰ ਦੇ ਸਹੁਰੇ ਪਿੰਡ ਰੰਗਪੁਰ ਪੁਜਦਾ ਹੈ ਤੇ ਕਾਲੇ ਬਾਗ ਡੇਰਾ ਲਾਂਦਾ ਹੈ । ਨਾਲ ਹੀ ਰੰਗਪੁਰ ਦੀਆਂ ਗਲੀਆਂ ਵਿਚ ਉਹ ਵਡੇਰੇ ਵਾਂਗ ਫਿਰਦਾ ਹੈ ਤੇ ਭੁੱਲ ਜਾਂਦਾ ਹੈ ਕਿ ਉਹ ਹੁਣ ਰਾਂਝਾ ਜੱਟ ਨਹੀਂ ।ਗੋਰਖ ਨਾਥ ਦਾ ਚੇਲਾ ਇਕ ਜੋਗੀ ਹੈ । ਉਥੇ ਵੀ ਜੱਟ-ਜੱਟੀ ਨਾਲ, ਸਹਿਤੀ ਨਾਲ, ਹੀਰ ਨਾਲ, ਹਰ ਇਕ ਨਾਲ ਲੜਦਾ ਹੈ ਤੇ ਬਹਿਸ ਕਰਦਾ ਹੈ । ਉਸ ਤੋਂ ਪਹਿਲਾਂ ਰੰਗਪੁਰ ਦੀ ਜੂਹ ਵਿਚ ਅਯਾਲੀ ਨਾਲ ਝਗੜਦਾ ਹੈ । ਝਗੜਨ ਦੀ ਆਦਤ ਉਸ ਦੇ ਨਾਲ ਹੀ ਜਾਂਦੀ ਹੈ । ਜੋਗੀ ਬਣ ਕੇ ਵੀ ਅਜੀਬ ਗੱਲਾ ਕਰਦਾ ਹੈ ਤੇ ਮੰਦੇ ਚੰਗੇ ਨੁਸਖੇ ਦਸਦਾ ਹੈ ।

ਫਿਰ ਸਹਿਤੀ ਅਲੀ ਤੇ ਸੈਦੇ ਨੂੰ ਧਮਕਾਂਦਾ ਹੈ । ਖਚਰੇ ਜੱਟ ਵਾਂਗ ਕੇਵਲ ਹੀਰ ਦੀ ਸੂਹ ਲੈਣ ਵਾਸਤੇ ਖੇੜਿਆਂ ਕੋਲੋਂ ਮਾਰ ਖਾਂਦਾ ਹੈ । ਅੰਤ ਅਦਲੀ ਰਾਜੇ ਨੂੰ ਜੋਗੀਆਂ ਵਾਂਗ ਸਰਾਪ ਦਿਦਾ ਹੈ । ਪੰਜ ਪੀਰ ਉਸਦੀ ਮਦਦ ਤੇ ਹਨ । ਇਸ ਲਈ ਉਸਦੀ ਸੁਣੀ ਜਾਂਦੀ ਹੈ । ਪਰੰਤੂ ਹੀਰ ਨੂੰ ਲੈ ਕੇ ਜਦ ਮੁੜਦਾ ਹੈ ਤਾਂ ਉਸ ਦੇ ਪਿੰਡ ਨੇੜੇ ਆ ਕੇ ਫਿਰ ਢੇਰੀ ਢਾਹ ਬੈਠਦਾ ਹੈ ਤੇ ਹੀਰ ਦੀ ਗੱਲ ਮੰਨ ਕੇ ਉਸ ਨੂੰ ਪੇਕੀ ਛੱਡ ਆਪ ਜੰਵ ਲੈਣ ਤਖਤ ਹਜ਼ਾਰੇ ਚਲਾ ਜਾਂਦਾ ਹੈ । ਜੱਟ ਕਦੀ ਵੀ ਆਈ ਵਸਤੂ ਹੱਥੋਂ ਨਹੀਂ ਛੱਡਦਾ ਪਰ ਉਸ ਦਾ ਚਰਿੱਤਰ ਜੱਟ ਵਾਲਾ ਤਾਂ ਹੈ ਨਹੀ ਸੀ । ਚੁੱਪ ਕਰਕੇ, ਕੱਨ ਵਲੇਟ ਕੇ, ਪਿੰਡ ਤਖਤ ਹਜ਼ਾਰੇ ਚਲਾ ਜਾਂਦਾ ਹੈ । ਕੈਦੋਂ, ਚੂਚਕ ਤੇ ਮਲਕੀ ਦੋ ਹੱਥ ਕੰਡੇ ਭੁੱਲ ਜਾਂਦਾ ਹੈ । ਹੀਰ ਵੀ ਭੋਲੀ ਹੈ । ਬਸ ਦੋਵੇਂ ਪ੍ਰੇਮੀ ਸਮਾਜ ਦੀ ਚਾਲ ਵਿਚ ਫਸ ਕੇ ਆਪਣੀਆਂ ਜਾਨਾਂ ਗਵਾ ਬੈਠਦੇ ਹਨ ।

ਅੰਤ ਉਤੇ ਰਾਂਝੇ ਦਾ ਚਰਿੱਤਰ ਇਕ ਸੱਚੇ ਵਫਾਦਾਰ ਪ੍ਰੀਤਵਾਨ ਵਰਗਾ ਉਘੜ ਕੇ ਸਾਹਮਣੇ ਆਉਦਾ ਹੈ । ਉਹ ਹਵਸ ਦਾ ਬੰਦਾ ਨਹੀ ਸੀ, ਨੂੰ ਆਪਣੀ ਆਤਮਾ ਸਮਝ ਚੁੱਕਾ ਸੀ ਤੇ ਜਦ ਆਤਮਾ ਹੀ ਨਾ ਰਹੀ ਉਸਦਾ ਸਰੀਰ ਕਾਹਦੇ ਲਈ ਸੰਸਾਰ ਤੇ ਰਹਿੰਦਾ । ਬਸ ਹੀਰ ਦੀ ਮ੍ਰਿਤੂ ਦਾ ਖਬਰ ਸੁਣਦੇ ਸਾਰ ਹੀ ਆਹ ਮਾਰ ਕੇ ਜਾਨ ਦੇ ਦਿੰਦਾ ਹੈ ਤੇ ਸੱਚੇ ਇਸ਼ਕ ਦੀ ਲਾਜ ਰਖ ਜਾਂਦਾ ਹੈ । ਇਹ ਕਿੱਸੇ ਦਾ ਮਨੋਰਥ ਸੀ ਜੋ ਵਾਰਿਸ ਨੇ ਆਪਣੇ ਨਾਇਕ-ਨਾਇਕਾ ਦੇ ਚਰਿੱਤਰਾਂ ਦੁਆਰਾ ਦ੍ਰਿੜ ਕਰਵਾਇਆ ਹੈ । ਉਹ ਦੋਵੇਂ ਸੱਚੀ ਪ੍ਰੀਤ ਤੇ ਆਤਮਿਕ ਪਿਆਰ ਲਈ ਜੀਵੇ ਤੇ ਉਸ ਨੂੰ ਨਿਭਾਉਂਦੇ ਆਪਾ ਵਾਰ ਗਏ । ਰਾਂਝੇ ਦਾ ਅੰਤ ਉੱਤੇ ਪੇਸ਼ ਕੀਤੇ ਕਿਰਦਾਰ (ਹੀਰ ਦੇ ਨਾਲ ਹੀ ਮਰ ਮਿਟਣਾ) ਉਸ ਨੂੰ ਸਹੀ ਅਰਥਾਂ ਵਿਚ ਨਾਇਕ ਸਾਬਿਤ ਕਰਦਾ ਹੈ।

**ਸੈਦੇ ਅਤੇ ਕੈਦੋਂ ਦਾ ਚਰਿੱਤਰ ਚਿਤਰਣ :**

**ਕੈਦੋਂ**

ਕੈਦੋਂ ਨੂੰ ਦੋ ਪੱਖਾਂ ਤੋਂ ਵੇਖਣਾ ਜ਼ਰੂਰੀ ਹੈ । ਇਹ ਦੋਵੇਂ ਪੱਖ ਨਾਇਕ ਦੇ ਵਿਰੋਧੀ ਤੇ ਲਖਾਇਕ ਹਨ । ਇਸ ਸ਼ੈਤਾਨ ਨੇ ਉਂਝ ਭਾਵੇਂ ਫਕੀਰੀ ਧਾਰਨ ਕੀਤੀ ਹੋਈ ਹੈ ਤੇ ਚੂਚਕ ਦਾ ਭਰਾ ਹੁੰਦਾ ਹੋਇਆ ਵੀ ਪਿੰਡੋਂ ਬਾਹਰ ਇਕ ਕੁੱਲੀ ਵਿਚ ਰਹਿੰਦਾ ਹੈ, ਸਿਰ ਤੇ ਸੋਹਣੀ ਟੋਪੀ ਰਖਦਾ ਹੈ । ਮਾਦਰੀਆਂ ਨਾਲ ਭੰਗ ਘੋਟਦਾ ਹੈ ਤੇ ਆਪਣੇ ਚੇਲਿਆਂ ਨਾਲ ਨੱਚਦਾ ਹੈ ਤੇ ਜੱਲ੍ਹੀ ਪਾਉਂਦਾ ਹੈ । ਉਸ ਨੂੰ ਕਿਸੇ ਨਾਲ ਕੋਈ ਮਤਲਬ ਨਹੀਂ ਜਾਪਦਾ ।

ਪਰ ਦੂਜੇ ਪਾਸੇ ਉਸ ਨੂੰ ਆਪਣੇ ਖਾਨਦਾਨ ਤੇ ਪਿੰਡ ਦੀ ਲਾਜ ਦਾ ਫ਼ਿਕਰ ਹੈ । ਉਹ ਹੀਰ ਦੇ ਪਿਛੇ ਹੱਥ ਧੋ ਕੇ ਪੈ ਜਾਂਦਾ ਹੈ । ਹੀਰ ਨੂੰ ਰਾਂਝੇ ਨਾਲ ਇਕੱਠਿਆਂ ਤੇ ਇਕੱਲਿਆਂ ਵੇਖ ਵੇਖ ਕਰਿਝਦਾ ਹੈ ਤੇ ਤੁਹਮਤ ਲਾਉਣ ਲਈ ਕੋਈ ਸਬੂਤ ਲੱਭਣਾ ਲੋੜਦਾ ਹੈ । ਉਸਨੂੰ ਪਤਾ ਹੈ ਕਿ ਹੀਰ ਚਾਕ ਲਈ ਚੂਰੀ ਕੁੱਟ ਕੁੱਟ ਲਜਾਂਦੀ ਹੈ ਤੇ ਜਦ ਭੱਤਾ ਖੋਲ੍ਹ ਕੇ ਉਸ ਨੂੰ ਖਵਾਉਂਦੀ ਹੈ ਤਾਂ ਬੇਲੇ ਵਿਚ ਸੁੱਚੇ ਘਿਓ ਦੀ ਬਾਸ ਫੈਲ ਜਾਂਦੀ ਹੈ । ਲੰਗੜੇ ਕੈਦੋਂ ਦੀ ਛੇਵੀ ਰਗ ਜਾਗਦੀ ਹੈ ਤੇ ਉਹ ਸੈਤਾਨ ਦੀ ਕਲਾ ਜਗਾਉਂਦਾ ਹੈ :

ਕੈਦੋਂ ਢੂੰਡਦਾ ਖੋਜ ਨੂੰ ਫਿਰੇ ਭੌਂਦਾ
ਬਾਸ ਚੂਰੀ ਦੀ ਬੇਲਿਉ ਆਂਵਦੀ ਹੈ ।
ਵਾਰਿਸ਼ ਸ਼ਾਹ ਮੀਆਂ ਵੇਖ ਟੰਗ ਲੰਙੀ
ਸ਼ੈਤਾਨ ਦੀ ਕਲਾ ਜਗਾਂਵਦੀ ਹੈ ।

ਜਦ ਹੀਰ ਰਾਂਝੇ ਲਈ ਪਾਣੀ ਲੈਣ ਜਾਂਦੀ ਹੈ ਤਾਂ ਉਹ ਰਾਂਝੇ ਕੋਲੋ ਜਾਂ ਕੇ ਚੂਰੀ ਦੀ ਭਿੱਖਿਆ ਮੰਗਦਾ ਹੈ ਤੇ ਉਸ ਨੂੰ ਲੈ ਕੇ ਪੱਲੇ ਬੰਨ੍ਹ ਪਿੰਡ ਨੂੰ ਨੱਠਦਾ ਹੈ । ਹੀਰ ਪਾਣੀ ਲੈ ਕੇ ਪਰਤਦੀ ਹੈ ਤਾਂ ਉਸ ਨੂੰ ਸਾਰੀ ਗੱਲ ਦਾ ਪਤਾ ਲਗਦਾ ਹੈ । ਉਹ ਕੈਦੋਂ ਦੇ ਮਗਰ ਦੌੜਦੀ ਹੈ ਤੇ ਉਸ ਨੂੰ ਰਾਹ ਵਿਚ ਘੇਰਦੀ ਹੈ । ਵਾਰਿਸ ਕੈਦੋਂ ਦੇ ਚਰਿੱਤਰ ਨੂੰ ਬੈਂਤਾਂ ਵਿਚ ਚਿਤਰਦਾ ਹੈ ਤੇ ਦਸਦਾ ਹੈ ਕਿ ਉਸ ਦਾ ਕੰਮ ਤਾਂ ਦਿਨ ਰਾਤ ਬੁਰਾਈਆਂ ਤੇ ਚੁਗਲੀਆਂ ਕਰਨਾ, ਮਿਲਿਆ ਸਿਰਾਂ ਨੂੰ ਵਿਛੋੜਨਾ ਤੇ ਖੁਸ਼ੀਆਂ ਵਿਚ ਭੰਗ ਪਾਉਣਾ ਹੈ :

ਸਾਰੇ ਖੋਜ ਨੂੰ ਤਕ ਕੇ ਕਰੇ ਚੁਗਲੀ ਦਿਨੇ ਰਾਤ ਹੈ ਵਿਚ ਬੁਰਾਈਆਂ ਦੇ ।
ਮਿਲਿਆਂ ਸਿਰਾਂ ਨੂੰ ਇਹ ਵਿਛੋੜ ਦਿੰਦਾ । ਭੰਗ ਘੱਤਦਾ ਵਿਚ ਕੁੜਮਾਈਆ ਦੇ ।

ਹੀਰ ਉਸ ਨੂੰ ਘੇਰ ਕੇ ਖੂਬ ਕੁਟਦੀ ਹੈ, ਸਿਰੋ ਟੋਪੀ ਲਾਹ ਕੇ ਗਲੋਂ ਸੇਹਲੀ ਤੋੜ ਕੇ ਜ਼ਮੀਨ ਤੇ ਪਟਕਦੀ ਹੈ, ਢਾਹ ਕੇ ਉਸ ਪਾਸੋਂ ਚੂਰੀ ਖੋਹ ਲੈਂਦੀ ਹੈ । ਪਰ ਉਹ ਅੱਧ-ਪਚੱਧੀ ਚੁਣ ਕੇ ਪਰ੍ਹੇ ਵਿਚ ਜਾ ਕੇ ਸਭ ਦੇ ਸਾਹਮਣੇ ਰੱਖਦਾ ਹੈ ਤੇ ਚੂਚਕ ਨੂੰ ਮੱਤ ਦਿੰਦਾ ਹੈ ਕਿ ਉਹ ਇਹੋ ਜਿਹੀ ਲੀਕ ਲਾਉਣ ਵਾਲੀ ਧੀ ਨੂੰ ਮਾਰ ਮੁਕਾਵੇ । ਇਸ ਤਰ੍ਹਾਂ ਕੈਦੋਂ ਭਾਵੇਂ ਖਾਨਦਾਨ ਜਾਂ ਪਿੰਡ ਦੀ ਲਾਜ ਦਾ ਰਾਖਾ ਬਣਦਾ ਹੈ ਪਰ ਉਸ ਦੇ ਵਿਚ ਵੈਰ ਹੈ ਤੇ ਉਹ ਵੀ ਹੀਰ ਦਾ ਜਾਨੀ ਦੁਸ਼ਮਣ ਬਣ ਜਾਂਦਾ ਹੈ । ਅਖੀਰ ਹੀਰ ਨੂੰ ਸੈਦੇ ਨਾਲ ਮੰਗ, ਵਿਆਹ ਦੇਣ ਦਾ ਵੀ ਉਹ ਹੀ ਜ਼ਿੰਮੇਵਾਰ ਹੈ । ਉਸ ਨੇ ਹੀਰ-ਰਾਂਝੇ ਵਿਚ ਵਿਛੋੜਾ ਪਾਇਆ ਤੇ ਉਨ੍ਹਾਂ ਦੀ ਸੱਚੀ-ਪ੍ਰੀਤ ਨੂੰ ਸਿਰੇ ਨਾ ਚੜ੍ਹਨ ਦਿਤਾ । ਉਸ ਨੇ ਚੂਚਕ, ਮਲਕੀ ਤੇ ਭਰਾਵਾਂ ਦੇ ਦਿਲਾਂ ਵਿਚ ਹੀਰ ਦੇ ਵਿਰੁੱਧ ਜ਼ਹਿਰ ਭਰਿਆ । ਭਾਵੇਂ ਹੀਰ ਤੇ ਉਸ ਦੀਆਂ ਸਹੇਲੀਆਂ ਹੱਥੋਂ ਕੁੱਟ ਵੀ ਖਾਧੀ ਤੇ ਆਪਣੀ ਝੁੱਗੀ ਵੀ ਸੜਵਾ ਲਈ ਪਰ ਸ਼ੈਤਾਨੀ ਤੋਂ ਬਾਜ ਨਾ ਆਇਆ । ਵਾਰਿਸ ਦੀ ਹਮਦਰਦੀ ਵੀ ਹੀਰ ਤੇ ਉਸ ਦੀਆਂ ਸਹੇਲੀਆਂ ਨਾਲ ਹੈ, ਇਸੇ ਲਈ ਕੈਦੋਂ ਨੂੰ ਮਾਰ ਖਾਂਦਾ ਵੇਖ ਕੇ ਖੁਸ਼ ਹੁੰਦਾ ਹੈ :

ਚੋਰ ਮਾਰੀਦਾ ਵੇਖੀਏ ਚਲੋ ਯਾਰੋ
ਵਾਰਿਸ ਸ਼ਾਹ ਏਹ ਜ਼ਬਤ ਸਰਕਾਰ ਦਾ ਏ ।

ਜਦ ਸਹੇਲੀਆਂ ਦੇ ਖਿਲਾਫ ਕੈਦੋਂ ਰੌਲਾ ਪਾਂਦਾ ਹੈ ਤਾਂ ਉਹ ਉਸ ਦੇ ਖਿਲਾਫ ਊਜਾਂ ਲਾਉਂਦੀਆਂ ਹਨ ਤੇ ਉਸਨੂੰ ਰੰਨਾਂ ਮਗਰ ਫਿਰਦਾ ਲਫੰਗਾ ਦਸਦੀਆਂ ਹਨ । ਅੰਤ ਉਤੇ ਵੀ ਹੀਰ ਨੂੰ ਜ਼ਹਿਰ ਦੇ ਕੇ ਮਾਰਨ ਦੀ ਸਲਾਹ ਦੇਣ ਵਿਚ ਕੈਦੋਂ ਦਾ ਵੱਡਾ ਹੱਥ ਹੈ । ਪਹਿਲਾਂ ਤੋਂ ਵੀ ਉਹ ਇਹੀ ਚਾਹੁੰਦਾ ਸੀ :

ਨਹੀਂ ਚੂਚਕੇ ਨੂੰ ਕੋਈ ਮੱਤ ਦਿੰਦਾ
ਨੱਢੀ ਮਾਰ ਕੇ ਨਹੀਂ ਸਮਝਾਉਂਦਾ ਈ ।
ਚਾਕ ਨਾਲ ਇਹ ਕੁੜੀ ਜਾਏ ਬੇਲੇ
ਅਜ ਕਲ ਕੋਈ ਊਜਾਂ ਲਾਉਂਦਾ ਈ ।

'ਹੀਰ' ਦੇ ਕਿੱਸੇ ਵਿਚ ਸਭ ਤੋਂ ਭੈੜਾ, ਵਿਰੋਧੀ, ਕਮੀਨਾ, ਹਤਿਆਰਾ, ਨੱਕ-ਨਮੂਜ ਨੂੰ ਸੱਚੇ ਪਿਆਰ ਨਾਲੋਂ ਵਧੇਰੇ ਮਹੱਤਤਾ ਦੇਣ ਵਾਲਾ, ਫੋਕੀ ਲਾਜ਼ ਤੇ ਇੱਜਤ ਦਾ ਪਾਲਣਹਾਰਾ ਕੈਦੋਂ ਹੈ । ਇਸ ਦਾ ਪਾਤਰ ਸਮਾਜ ਦੀ ਫੋਕੀ ਦਿੱਖ ਦਾ ਚਿੰਨ੍ਹ ਹੈ ।

**ਸੈਦਾ**

ਰੰਗਪੁਰ ਖੇੜਿਆਂ ਦੇ ਚੋਧਰੀ ਅੱਜੂ ਦਾ ਪੁੱਤਰ ਤੇ ਹੀਰ ਨੂੰ ਨਿਕਾਹ ਕੇ ਲੈ ਜਾਣ ਵਾਲਾ ਉਸਦਾ ਜਾਇਜ਼ ਪਤੀ ਸੀ ਪਰ ਹੀਰ ਨੇ ਉਸ ਨੂੰ ਆਪਣੇ ਸਿਰ ਦਾ ਸਾਂਈ ਨਹੀਂ ਮੰਨਿਆ । ਉਸ ਦਾ ਮਾਲਕ ਤਾਂ ਰਾਂਝਾ ਸੀ । ਉਹ ਬਿਲਕੁਲ ਅਸੀਲ ਅਤੇ ਬੁੱਧੂ ਜਾਪਦਾ ਹੈ । ਉਹ ਹੀਰ ਨੂੰ ਘਰ ਲਿਆ ਕੇ ਵੀ ਉਸ ਨਾਲ ਕੋਈ ਵਧੀਕੀ ਨਹੀਂ ਕਰਦਾ । ਪਿਉ ਦੇ ਕਹਿਣ ਤੇ ਉਹ ਹੀਰ ਦੇ ਇਲਾਜ ਲਈ ਜੋਗੀ ਰਾਂਝੇ ਪਾਸ ਕਾਲੇ ਬਾਗ ਵਿਚ ਜਾ ਕੇ ਉਸ ਦੀਆਂ ਮਿੰਨਤਾਂ ਕਰਦਾ ਹੈ । ਉਹ ਹੀਰ ਵਹੁਟੀ ਲਈ ਸਭ ਕੁਝ ਕਰਦਾ ਹੈ :

ਅਜੂ ਆਖਿਆ ਸੈਦਿਆਂ ਜਾਹ ਭਾਈ
ਇਹ ਵਹੁਟੀਆਂ ਬਹੁਤ ਪਿਆਰੀਆਂ ਵੇ ।
ਜਾਇ ਬੰਨ੍ਹਕੇ ਹੱਥ ਕਲਾਮ ਕਰਨਾ
ਤੁਸਾਂ ਤਾਰੀਆਂ ਖਲਕਤਾਂ ਸਾਰੀਆਂ ਵੇ ।

ਜਦ ਸੈਦਾ ਕਾਲੇ ਬਾਗ ਵਿਚ ਡਰਦਾ ਡਰਦਾ ਜਾਦਾ ਹੈ ਤੇ ਰਾਂਝੇ ਜੋਗੀ ਦੇ ਰੂਪ ਵਿਚ ਉਸ ਉਪਰ ਕੜਕਦਾ

ਹੈ ਤਾਂ ਉਹ ਥਰ ਥਰ ਕੰਬਦਾ ਅਤੇ ਉਸਦਾ ਕਾਲਜਾ ਧੜਕਦਾ ਹੈ । ਉਹ ਜੋਗੀ ਅੱਗੇ ਵਾਸਤੇ ਘੱਤਦਾ ਹੈ ਤੇ ਉਸ ਨੂੰ ਹੀਰ ਦੇ ਇਲਾਜ ਲਈ ਨਾਲ ਚੱਲਣ ਲਈ ਤਰਲੇ ਲੈਂਦਾ ਹੈ :

ਸੈਦਾ ਮੰਗ ਕੇ ਥਰ ਥਰ ਖੜਾ ਕੰਬੇ
ਉਸ ਦਾ ਅੰਦਰੋਂ ਕਾਲਜਾ ਧੜਕਿਆ ਈ ।
ਉਤੋਂ ਖੜੀ ਕਰ ਬਹਿ ਪੁਕਾਰਦਾ ਈ
ਇਹ ਤਾਂ ਖਤਰੇ ਦਾ ਮਾਰਿਆ ਯਰਕਿਆਂ ਈ ।

ਜਦ ਜੋਗੀ ਉਸ ਨੂੰ ਹੋਰ ਵੀ ਘੂਰਦਾ ਹੈ ਤੇ ਉਸ ਦੀ ਅਰਜੋਈ ਦੀ ਰਤਾ ਪ੍ਰਵਾਹ ਨਹੀਂ ਕਰਦਾ ਤਾਂ ਨੀਵੀਂ ਸੁਟ ਕੇ ਹੱਥ ਬੰਨ੍ਹ ਦੰਦੀਆਂ ਕੱਢ ਮਿੰਨਤਾ ਕਰਦਾ ਹੈ :

ਨੀਵੀਂ ਧੌਣ, ਹੱਥ ਬੰਨ੍ਹ ਘਾਹ ਮੂੰਹ ਲੈ ਕੇ
ਕੱਢ ਦੰਦੀਆਂ ਮਨਤਾਂ ਘਾਲੀਆਂ ਵੇ ।

ਇਥੇ ਸੈਦਾ ਨਿਰੀ ਪੁਰੀ ਆਰਜ਼ੀ, ਨਿਰਾਸਤਾ ਤੇ ਮਜ਼ਬੂਰੀ ਦੀ ਤਸਵੀਰ ਬਣਿਆ ਖਲੋਤਾ ਹੈ :

ਜੋਗੀ ਵਾਸਤੇ ਰੱਬ ਦੇ ਤਾਰ ਸਾਨੂੰ
ਬੇੜਾ ਲਾ ਬੰਨੇ ਅੱਲ੍ਹਾ ਵਾਲਿਆ ਵੇ ।

ਉਹ ਹੀਰ ਦੇ ਨੇੜੇ ਨਹੀਂ ਜਾਂਦਾ, ਉਹ ਹੱਥੋਂ ਮਾਰ ਖਾਂਦਾ ਤੇ ਸੌਂਹ ਖਾਂਦਾ ਹੈ ਕਿ ਉਸਨੇ ਅੱਜ ਤੱਕ ਹੀਰ ਨੂੰ ਹੱਥ ਤੱਕ ਨਹੀਂ ਲਾਇਆ :

ਹੱਥ ਲਾਵਣਾ ਪਲੰਘ ਨੂੰ ਮਿਲੇ ਨਹੀਂ
ਖੌਫ ਖਤਰਿਓ ਰਹੇ ਨਿਆਰੜੀ ਵੇ ।
ਮੈਨੂੰ ਮਾਰਕੇ ਆਪ ਰਹੇ ਨਿੱਤ ਰੋਂਦੀ
ਏਸੇ ਬਾਣ ਉਹ ਰਹੀ ਕਵਾਰੜੀ ਵੇ ।
ਅਸਾਂ ਉਸਨੂੰ ਮੂਲ ਨਾ ਹੱਥ ਲਾਇਆ
ਕਈ ਲਾਂਗਰ ਲੋੜ ਹੈ ਭਾਰੜੀ ਵੇ ।

ਇਥੋਂ ਤਕ ਕਿ ਉਹ ਕਸਮ ਖਾਂਦਾ ਹੈ ਕਿ ਉਸ ਨੇ ਅੱਜ ਤੀਕ ਹੀਰ ਦੀ ਸੂਰਤ ਤੱਕ ਨਹੀਂ ਡਿੱਠੀ । ਅਜਿਹਾ ਵੀ ਕੋਈ ਪਤੀ ਹੋਵੇਗਾ ?

ਮਹੁਰਾ ਚੱਖ ਜਹਾਨ ਤੇ ਹੋਇ ਕੋਹੜਾ
ਸੂਰਤ ਡਿਠੀ ਜੇ ਹੋਵੇ ਮੈਂ ਹੀਰ ਦੀ ਜੀ ।

ਅੰਤ ਉਹ ਮਾਰ ਖਾ ਕੇ ਭੱਜ ਆਉਂਦਾ ਹੈ ਤੇ ਸਹਿਤੀ ਆਪਣੇ ਪਿਤਾ ਨੂੰ ਜੋਗੀ ਪਾਸ ਭੇਜਦੀ ਹੈ । ਹੀਰ ਦੇ ਰਾਂਝੇ ਨਾਲ ਨੱਸਣ ਉਪਰੰਤ ਜਦ ਉਹ ਫਸ ਜਾਂਦੇ ਹਨ ਤੇ ਖੇੜੇ ਰਾਂਝੇ ਦੀ ਚੰਗੀ ਕੁਟਾਈ ਕਰਦੇ ਹਨ, ਇਥੇ ਵੀ ਸੈਦਾ ਕਿਧਰੇ ਨਹੀਂ ਦਿਸਦਾ । ਸੈਦਾ ਸਭ ਤੋਂ ਕਮਜ਼ੋਰ ਚਰਿੱਤਰ ਹੈ ਜਿਹੜਾ ਬੜਾ ਸਾਊ, ਸਰੀਫ, ਕਮਜ਼ੋਰ ਤੇ ਨਿਪੁੰਸਕ ਦਿਸਦਾ ਹੈ ।

**ਚੂਚਕ, ਸਹਿਤੀ ਤੇ ਮਲਕੀ**

ਹੀਰ ਰਾਂਝੇ ਦੇ ਕਿੱਸੇ ਵਿਚ 'ਹੀਰ' ਦੇ ਚਰਿੱਤਰ ਪਿਛੋਂ ਸਹਿਤੀ ਦਾ ਚਰਿੱਤਰ ਸਭ ਤੋਂ ਵੱਧ ਮਹੱਤਵਪੂਰਨ ਤੇ ਪਾਠਕਾਂ ਦੀ ਪ੍ਰਸੰਸਾ ਦਾ ਪਾਤਰ ਹੈ । ਵਾਰਿਸ ਨੇ ਸਹਿਤੀ ਦੇ ਚਰਿੱਤਰ ਨੂੰ ਵਿਸ਼ੇਸ ਮਹੱਤਤਾ ਦਿਤੀ ਹੈ ਤੇ ਕੋਈ ਡੇਢ ਦੋ ਸੌ ਬੰਦ ਇਸੇ ਪਾਤਰ ਲਈ ਲਿਖ ਮਾਰੇ ਹਨ । ਹੀਰ-ਸਹਿਤੀ ਸੰਵਾਦ, ਸਹਿਤੀ-ਜੋਗੀ ਸੰਵਾਦ ਤੋਂ ਪਿਛੋਂ ਸਹਿਤੀ ਦਾ ਹੀਰ ਦੀ ਮਹਿਰਮ ਬਣ ਜਾਣਾ ਤੇ ਅੰਤ ਉਸ ਨੂੰ ਰਾਂਝੇ ਨਾਲ ਕਢਵਾਉਣ ਤੇ ਆਪ ਮੁਰਾਦ ਨਾਲ ਨਿਕਲਣ ਦੀ ਵਿਉਂਤ ਬਣਾਉਣਾ, ਕਿੱਸੇ ਨੂੰ ਵਿਸ਼ੇਸ ਮੋੜ ਦੇਣ ਸਮਾਨ ਹਨ ।

ਬਾਬਾ ਬੁੱਧ ਸਿੰਘ ਸਹਿਤੀ ਦੇ ਚਰਿੱਤਰ ਨੂੰ ਕਵੀ ਦੇ ਦਿਮਾਗ ਵਿਚੋਂ ਨਿਕਲਿਆ ਦੱਸਦੇ ਹਨ । ਉਹ ਲਿਖਦੇ ਹਨ (ਕੋਇਲ ਕੂ, ਪੰਨਾ 172) ਸਹਿਤੀ ਸੌ ਵਿਸਵਾ ਕਵੀ ਦੇ ਦਿਮਾਗ ਵਿਚੋਂ ਨਿਕਲੀ ਹੋਈ ਪਾਤਰ ਹੈ । ਸੱਚਮੁੱਚ ਸ਼ਾਇਦ ਨਾ ਹੋਵੇ, ਪਰ ਇਹ ਗੱਲ ਤੱਥਾਂ ਤੋਂ ਸਿੱਧ ਨਹੀਂ ਹੁੰਦੀ ਸਗੋਂ ਸਹਿਤੀ ਇਕ ਮੂੰਹ ਫੱਟ, ਅਲ੍ਹੜ ਝਗੜਾਲੂ ਹਰ ਇਕ ਨਾਲ ਬਹਿਸ ਕਰਨ ਵਾਲੀ ਯੁਵਤੀ ਹੈ ਜਿਹੜੀ ਸ਼ਾਇਦ ਆਪਣੇ ਪਿਆਰ ਵਿਚ ਨਾਕਾਮ ਤੇ ਨਿਰਾਸ਼ ਹੋਣ ਵਜੋਂ ਚਿੜਚਿੜੇ ਮਿਜ਼ਾਜ਼ ਵਾਲੀ ਬਣ ਗਈ ਹੈ । ਉਹ ਹੀਰ ਤੇ ਰਾਂਝੇ ਜੋਗੀ ਨੂੰ ਖਰੀਆਂ ਖਰੀਆਂ ਸੁਣਾਉਂਦੀ ਹੈ । ਉਸ ਦਾ ਖੇੜਿਆਂ ਦੇ ਘਰ

ਵਿਚ ਅਸਰ ਰਸੂਖ ਵੀ ਖਾਸਾ ਜਾਪਦਾ ਹੈ । ਉਹ ਆਪਣੇ ਭਰਾ ਸੈਦੇ ਤੇ ਪਿਉ ਅੱਜੂ ਉਤੇ ਵੀ ਭਾਰੂ ਜਾਪਦੀ ਹੈ ਤੇ ਆਪਣੀ ਮਰਜ਼ੀ ਚਲਾਉਂਦੀ ਹੈ ।

ਇਸ ਪਾਤਰ ਦੀ ਮਹੱਤਤਾ ਦੋ ਕਾਰਨਾਂ ਕਰਕੇ ਹੈ; ਇਕ ਤਾਂ ਇਹ ਹੈ ਕਿ ਇਹ ਖਿਚਾਉ ਤੇ ਤਨਾਉ ਪੈਦਾ ਕਰਨ ਵਾਲੀ ਹੈ ਤੇ ਏਹੀ ਅੰਤ ਉਤੇ ਨਾਇਕਾ ਦੇ ਮਿਲਾਪ ਦਾ ਕਾਰਣ, ਸਾਧਨ ਤੇ ਵਿਚੋਲੀ ਬਣਦੀ ਹੈ । ਇਹ ਇਕ ਪਾਸੇ ਮੂੰਹ ਫੱਟ, ਅਲ੍ਹੜ, ਬੇਸਮਝ ਲੜਾਕੀ ਝਗੜਾਲੂ, ਮਕਾਰਨ ਤੇ ਫਸਾਦੀ ਹੈ । ਪਰ ਦੂਜੇ ਪਾਸੇ 'ਮੇਲ ਮਿਲਾਉਣੀ' ਵਿਚ – ਵਿਚੋਲੀ ਤੇ ਹੀਰ ਨੂੰ ਰਾਂਝੇ ਨਾਲ ਮਿਲਾ ਕੇ ਖੁਸ਼ ਹੋਣ ਵਾਲੀ ਹੈ । ਇਸ ਨੇ ਸਾਰੀ ਵਿਉਂਤ ਬਣਾਈ ਤੇ ਉਸ ਵਿਉਂਤ ਨੂੰ ਅਮਲ ਵਿਚ ਲਿਆਉਣ ਵਾਲੀ ਵੀ ਇਹੋ ਹੈ । ਇਸ ਦੀ ਕਮਜ਼ੋਰੀ ਮੁਰਾਦ ਦਾ ਇਸ਼ਕ ਹੈ । ਇਸ ਲਈ ਇਹ ਇਕ ਸਵਾਰਥੀ ਸਾਬਤ ਹੁੰਦੀ ਹੈ ਅਤੇ ਆਪਣੇ ਸਵਾਰਥ ਲਈ ਸਾਰਾ ਘਰ ਤਬਾਹ ਕਰ ਦਿੰਦੀ ਹੈ । ਉਸ ਨੂੰ ਭਰਾ ਜਾਂ ਪਿਓ ਦੀ ਇਜ਼ਤ ਦਾ ਰਤਾ ਵੀ ਖਿਆਲ ਨਹੀਂ । ਉਨ੍ਹਾਂ ਦੀ ਲਾਜ ਤੋਂ ਉਪਰ ਉਹ ਆਪਣੇ ਇਸ਼ਕ ਨੂੰ ਰਖਦੀ ਹੈ ਉਸ ਦੇ ਕਾਰਣ ਆਪਣੇ ਭਰਾ ਦਾ ਘਰ ਉਜਾੜਦੀ ਹੈ ।

'ਹੀਰ ਰਾਂਝੇ' ਦੇ ਕਿੱਸੇ ਵਿਚ ਨਾਟਕੀ ਰੰਗ ਭਰਨ ਵਾਲਾ ਇਹ ਇਕੋ ਇਕ ਚਰਿੱਤਰ ਹੈ । ਜੇਕਰ ਸਹਿਤੀ ਦਾ ਚਰਿੱਤਰ ਇਸ ਕਿੱਸੇ ਵਿਚੋਂ ਕੱਢ ਦਿੱਤਾ ਜਾਵੇ ਤਾਂ ਕਿੱਸਾ ਖੁਸ਼ਕ ਤੇ ਬੇ-ਸਵਾਦਾ ਹੋ ਕੇ ਰਹਿ ਜਾਂਦਾ ਹੈ । ਸਹਿਤੀ ਦਾ ਚਰਿੱਤਰ ਵਾਰਿਸ ਦੇ ਇਨ੍ਹਾਂ ਬੋਲਾਂ ਤੋਂ ਪ੍ਰਮੁੱਖ ਪ੍ਰਗਟ ਹੁੰਦਾ ਹੈ ।

ਸਹਿਤੀ ਆਖਦੀ ਗੱਜ ਕੇ ਛੱਡ ਜੱਟਾ
ਖਹੇ ਸਡ ਨਿਵਾਲੀਆਂ ਸੱਟੀਆਂ ਨੀ ।
ਹੋਰ ਸਭ ਜਾਤਾਂ ਠੱਗੀ ਖਾਦੀਆਂ ਨੀ,
ਪਰ ਏਸ ਵੇਹੜੇ ਵਿਚ ਜੱਟੀਆਂ ਨੀ ।
ਅਸਾਂ ਏਤਨੀ ਗੱਲ ਮਲੂਮ ਕੀਤੀ
ਪਰ ਜੱਟੀਆਂ ਮੁਲਕ ਦੀਆਂ ਛੱਟੀਆਂ ਨੀ ।
ਉਹ ਹੋਰ ਕੀ ਜਾਣਦੀਆਂ ਕਿਸੇ ਤਾਈ
ਜਿਨ੍ਹਾਂ ਮੁਨਸਾਂ ਦੀਆਂ ਦਾੜ੍ਹੀਆਂ ਪੱਟੀਆਂ ਨੀ ।

ਸਹਿਤੀ ਪੰਜਾਬ ਦੀ ਮੁਸਲਮਾਨ ਜੱਟੀ ਦੇ ਚਰਿੱਤਰ ਦੀ ਸਹੀ ਤਸਵੀਰ ਹੈ । ਉਹ ਮਰਦ ਨਾਲ ਵੀ ਲੋਹਾ ਲੈਣੋ ਸੰਕੋਚ ਨਹੀਂ ਕਰਦੀ ਚਾਹੇ ਉਹ ਕੋਈ ਨਿਮਾਣਾ ਜੋਗੀ ਹੀ ਕਿਉਂ ਨਾ ਹੋਵੇ। ਉਹ ਆਪਣੇ ਆਪ ਨੂੰ ਕੰਵਾਰੀ ਦਸਦੀ ਹੋਈ ਕਹਿੰਦੀ ਹੈ।

ਮੱਥਾ ਡਾਹਿਆਂ ਈ ਨਾਲ ਕੰਵਾਰੀਆਂ ਦੇ

ਸਹਿਤੀ ਇਕ ਨਿਡਰ ਤੇ ਨਿਝੱਕ ਜੱਟੀ ਹੈ । ਉਸ ਨੂੰ ਕਿਸੇ ਦੀ ਪਰਵਾਹ ਨਹੀਂ । ਨਿਰਸੰਦੇਹ ਇਹ ਪੰਜਾਬ ਦੀ ਸਾਲਮ ਖਾਲਿਸ ਜੱਟੀ ਦੀ ਸਹੀ ਤੇ ਅਸਲ ਤਸਵੀਰ ਹੈ । ਉਹ ਰਾਂਝੇ ਵਲੋਂ ਦਿਤੀ ਆਪਣੇ ਪਿਆਰ ਮੁਰਾਦ ਯਾਰ ਦੀ ਗਾਲ੍ਹੀ ਉਤੇ ਚਮਕ ਉਠਦੀ ਹੈ । ਉਹ ਹੀਰ ਦਾ ਵੀ ਮਖੌਲ ਉਡਾਉਂਦੀ ਹੈ, ਜਦ ਉਹ ਰਾਂਝੇ ਨੂੰ ਕਾਲੇ ਬਾਗ ਮਿਲ ਕੇ ਆਉਂਦੀ ਹੈ ।

ਵਾਰਿਸ ਨੇ ਸਹਿਤੀ ਨੂੰ ਜੋ ਹੀਰ ਨਾਲੋਂ ਵੱਧ ਨਹੀਂ ਤਾਂ ਹੀਰ ਜਿੰਨੀ ਮਹੱਤਤਾ ਜ਼ਰੂਰ ਦਿੱਤੀ ਹੈ । ਇਹ ਉਸਦਾ ਕੇਂਦਰੀ ਚਰਿੱਤਰ ਹੈ । ਸਹਿਤੀ ਬਿਨਾਂ ਹੀਰ ਦਾ ਕਿੱਸਾ ਸਿਰੇ ਨਹੀਂ ਸੀ ਚੜ੍ਹਨਾ, ਨਾ ਹੀ ਇਹ ਕਿੱਸਾ ਬਣਨਾ ਸੀ । ਇਸ ਲਈ ਇਸਤਰੀ ਪਾਤਰਾਂ ਵਿਚੋਂ ਸਹਿਤੀ ਦੇ ਚਰਿੱਤਰ ਦੀ ਸਭ ਤੋਂ ਵੱਧ ਮਹੱਤਤਾ ਹੈ ।

**ਚੂਚਕ**

ਚੂਚਕ, ਸਿਆਲਾਂ ਦਾ ਸਰਦਾਰ, ਵੱਡਾ ਚੌਧਰੀ ਤੇ ਇਕ ਪ੍ਰਕਾਰ ਦਾ ਰਾਜਾ ਹੀ ਹੈ । ਹੀਰ ਨੂੰ ਉਸ ਦੇ ਰਾਜ ਦਾ ਮਾਣ ਹੈ, ਦਰਿਆ ਦੇ ਪੱਤਣ ਉਸਦੇ ਹਨ : ਬੇੜੀਆਂ ਤੇ ਮਲਾਹ ਉਸ ਦੇ ਹਨ । ਹੀਰ ਕਹਿੰਦੀ ਹੈ :

ਜਵਾਨੀ ਕਮਲੀ ਤੇ ਰਾਜ ਹੈ ਚੂਚਕੇ ਦਾ
ਐਵੇਂ ਕਿਸੇ ਦੀ ਕੀ ਪਰਵਾਹ ਮੈਨੂੰ ।

ਉਹ ਲਾਡਲੀ ਧੀ ਦਾ ਪਿਆਰਾ ਬਾਪ ਹੈ, ਜਿਹੜਾ ਹੀਰ ਦੀ ਹਰ ਇੱਕ ਗੱਲ ਮੰਨ ਲੈਂਦਾ ਹੈ । ਤਾਹੀਏ ਤਾਂ ਹੀਰ ਉਸ ਤੋਂ ਘੋਲ ਘੁਮਾਉਂਦੀ ਹੈ । ਸਾਂਦਲਬਾਰ ਵਿਚ ਉਸ ਦੇ ਬਾਪ ਦਾ ਹੁਕਮ ਤੇ ਰਾਜ ਹੈ ।

ਹੀਰ ਆਖਦੀ ਜਾਇਕੇ ਬਾਬਲਾ ਵੇ,
ਤੇਰੇ ਨਾਉਂ ਥੋਂ ਘੋਲ ਘੁਮਾਈਆਂ ਮੈਂ ।
ਜਿਸ ਆਪਣੇ ਹੁਕਮ ਦੇ ਰਾਜ ਉਤੇ,
ਵਿਚ ਸੰਦਲ ਬਾਰ ਰਖਵਾਈਆਂ ਮੈਂ ।
ਲਾਸਾ ਪੱਟ ਦੀਆਂ ਪਾਇਕੇ ਬਾਗ ਕਾਲੇ,
ਪੀਘਾਂ ਸ਼ੌਕ ਦੇ ਨਾਲ ਪੀਘਾਂਈਆਂ ਮੈਂ,
ਮੇਰੀ ਜਾਨ ਬਾਬਲ ਜੀਵੇ ਢੋਲ ਰਾਜਾ,
ਵਾਰਿਸ਼ ਸ਼ਾਹ ਨੂੰ ਢੂੰਡਣੇ ਆਈਆਂ ਮੈਂ ।

ਹੀਰ ਰਾਂਝੇ ਨੂੰ ਨਾਲ ਲੈ ਜਾ ਕੇ ਆਪਣੇ ਪਿਤਾ ਚੂਚਕ ਪਾਸ ਨੌਕਰ ਰਖਵਾ ਦਿੰਦੀ ਹੈ । ਚੂਚਕ ਭੋਲਾ-ਭਾਲਾ ਤੇ ਸਾਫ ਦਿਲ ਬਾਪ ਹੈ । ਉਹ ਰਾਂਝੇ ਪਾਸੋਂ ਉਸ ਦਾ ਥਹੁ ਪਤਾ ਹੱਸ ਹੱਸ ਕੇ ਪੁਛਦਾ ਹੈ ਤੇ ਕੇਵਲ ਧੀ ਦਾ ਦਿਲ ਰੱਖਣ ਲਈ ਬਿਨਾਂ ਕਿਸੇ ਅਜ਼ਮਾਇਸ਼ ਜਾਂ ਪ੍ਰੀਖਿਆ ਦੇ ਉਸ ਨੂੰ ਸਾਰਾ ਮਾਲ ਤੇ ਬੇਲਾ ਸੌਂਪ ਦਿੰਦਾ ਹੈ । ਸਗੋਂ ਉਸ ਦੀ ਨਿੱਕੀ ਉਮਰ ਤੇ ਮਲੂਕ ਪਿੰਡੇ ਉਤੇ ਤਰਸ ਖਾਂਦਾ ਹੈ ਤੇ ਕਹਿੰਦਾ ਹੈ ਕਿ ਬੇਲੇ ਦੇ ਔਖੇ ਕੰਮ ਨੂੰ ਕਿਵੇਂ ਕਰ ਸਕੇਗਾ । ਪਰ ਹੀਰ ਜਦ ਉਸ ਦੀ ਵਕਾਲਤ ਕਰਦੀ ਹੈ ਤਾਂ ਚੂਚਕ ਬਿਨਾਂ ਸੰਕੋਚ ਤੇ ਉਸ ਦੀ ਗੱਲ ਮੰਨ ਕੇ ਮੱਝਾਂ ਰਾਂਝੇ ਨੂੰ ਸੌਂਪ ਦਿੰਦਾ ਹੈ ।

ਤੇਰਾ ਆਖਣਾ ਅਸਾਂ ਮਨਜ਼ੂਰ ਕੀਤਾ
ਮਹੀਂ ਦੇਹ ਸੰਭਾਲ ਕੇ ਸਾਰੀਆਂ ਨੀ ।
ਖਬਰਦਾਰ ਰਹੇ ਬੇਲੇ ਵਿਚ ਖੜਾ
ਬੇਲੇ ਵਿਚ ਮੁਸੀਬਤਾਂ ਭਾਰੀਆਂ ਨੀ ।

ਸਹਿਜੇ ਕਰਕੇ ਚੂਚਕ ਕੈਦੋਂ ਜਾਂ ਮਲਕੀ ਦੇ ਰਾਂਝੇ-ਹੀਰ ਵਿਰੁੱਧ ਦੋਸ਼ਾਂ ਤੇ ਮੇਹਣਿਆਂ ਨੂੰ ਵੀ ਨਹੀਂ ਮੰਨਦਾ । ਉਸ ਨੂੰ ਲਾਡਲੀ ਧੀ ਉਤੇ ਪੂਰਾ ਵਿਸ਼ਵਾਸ਼ ਹੈ ।

ਚੂਚਕ ਆਖਦਾ ਕੁੜੀਆਂ ਕਰੇ ਗੱਲਾਂ,
ਹੀਰ ਖੇਡਦੀ ਵਿਚ ਸਹੇਲੀਆਂ ਦੇ ।

ਕੈਦੋਂ ਨੂੰ ਜਹਾਨ ਭਰ ਦਾ ਚੁਗਲਖੋਰ ਕਹਿਕੇ ਉਸ ਦੀ ਗੱਲ ਰੱਦ ਕਰ ਦਿੰਦਾ ਹੈ ਪਰ ਜਦ ਮਲਕੀ ਬਾਰ ਬਾਰ ਉਸ ਨੂੰ ਰਾਂਝੇ ਬਾਰੇ ਕਹਿੰਦੀ ਹੈ ਤੇ ਧੀ ਨੂੰ ਮਾਰ ਮੁਕਾਉਣ ਲਈ ਜ਼ੋਰ ਦਿੰਦੀ ਹੈ ਤਾਂ ਉਹ ਰਾਂਝੇ ਨੂੰ ਨੌਕਰੀਉਂ ਜਵਾਬ ਦੇ ਦਿੰਦਾ ਹੈ ਤੇ ਉਸ ਨੂੰ ਆਪਣੇ ਘਰ ਤਖਤ ਹਜ਼ਾਰੇ ਪਰਤ ਜਾਣ ਲਈ ਕਹਿੰਦਾ ਹੈ :

ਰਾਤੀਂ ਰਾਂਝੇ ਨੇ ਮਹੀਂ ਜਾ ਆਣ ਢੋਈਆਂ, ਚੂਚਕ ਸਿਆਲ ਮੱਥੇ ਵੱਟ ਪਾਇਆ ਈ ।
ਭਾਈ ਛੱਡ ਮਹੀਂ ਜਾਹ ਉਠ ਘਰੀਂ, ਤੇਰਾ ਤੌਰ ਬੁਰਾ ਨਜ਼ਰ ਆਇਆ ਈ ।

ਪਰ ਜਦ ਮੱਝਾਂ ਰਾਂਝੇ ਬਿਨਾਂ ਨਹੀਂ ਚਰਦੀਆਂ ਤੇ ਭੜਥੂ ਪਾਂਦੀਆਂ ਹਨ ਤਾਂ ਫਿਰ ਰਾਂਝੇ ਨੂੰ ਮਨਾਉਣ ਚਾਹੁੰਦਾ ਹੈ । ਇਥੇ ਉਹ ਮਤਲਬੀ, ਸਵਾਰਥੀ, ਬੇਅਣਖ ਤੇ ਖੋਟਾ ਜਾਪਦਾ ਹੈ । ਉਹ ਮਲਕੀ ਨੂੰ ਰਾਂਝੇ ਨੂੰ ਮਨਾਉਣ ਲਈ ਆਪ ਭੇਜਦਾ ਹੈ :

ਚੂਚਕ ਆਖਿਆ ਜਾ ਮਨਾਇ ਉਸ ਨੂੰ
ਵਿਆਹ ਤੀਕ ਤਾਂ ਮਹੀਂ ਚਰਾਇ ਲਈਏ ।
ਸਾਡੀ ਧੀਉ ਦਾ ਕੁੱਝ ਨਾ ਲਾਹ ਲੈਂਦਾ
ਗੱਲ ਉਸਦੇ ਨਾਲ ਪਕਾਇ ਲਈਏ।

ਚੂਚਕ ਹੀਰ ਦਾ ਗਲ ਘੁੱਟਣਾ ਚਾਹੁੰਦਾ ਹੈ । ਉਸ ਦੇ ਡਕਰੇ ਕਰ ਕੇ ਦਰਿਆ ਵਿਚ ਰੋੜ੍ਹ ਦੇਣਾ ਚਾਹੁੰਦਾ ਹੈ ਤੇ ਅਖੀਰ ਜ਼ਬਰਦਸਤੀ ਕਾਜ਼ੀ ਨੂੰ ਬੁਲਾ ਕੇ ਖੇੜਿਆਂ ਹੱਥ ਫੜਾ ਦਿੰਦਾ ਹੈ ।

ਕੈਦੋਂ ਦੇ ਕਹਿਣ ਤੇ ਚੂਚਕ ਘੋੜੀ ਤੇ ਚੜ੍ਹ ਕੇ ਬੇਲੇ ਵਿੱਚ ਜਾਂਦਾ ਹੈ ਤੇ ਹੀਰ ਨੂੰ ਰਾਂਝੇ ਨਾਲ ਪਿਆ ਵੇਖਦਾ ਹੈ ਤਾਂ ਉਹ ਹੀਰ ਨੂੰ ਸੋਟੀ ਨਾਲ ਕੁੱਟਦਾ ਹੈ।

ਜਦ ਰਾਂਝੇ ਦੇ ਭਰਾ ਚੂਚਕ ਨੂੰ ਖਤ ਲਿਖ ਕੇ ਰਾਂਝੇ ਨੂੰ ਤਖਤ ਹਜ਼ਾਰੇ ਭੇਜਣ ਲਈ ਕਹਿੰਦੇ ਹਨ ਤਾਂ ਉਹ ਉਨ੍ਹਾਂ ਦੀ ਗੱਲ ਨਹੀਂ ਮੰਨਦਾ ਤੇ ਰਾਂਝੇ ਦੀ ਤਾਰੀਫ ਕਰਦਾ ਕਹਿੰਦਾ ਹੈ ਕਿ ਜੇ ਮਾੜਾ ਨਹੀਂ ਸੀ ਤਾਂ ਪਹਿਲਾਂ ਕਿਉਂ ਉਸ ਨੂੰ ਘਰੋਂ ਕਢਿਆ ਸੀ । ਆਪਣੇ ਭਰਾਵਾਂ ਤੇ ਪੰਚਾਂ ਆਦਿ ਦੀ ਗੱਲ ਸੁਣ ਕੇ ਵੀ ਚੂਚਕ ਪਹਿਲਾਂ ਹੀਰ ਨੂੰ ਰਾਂਝੇ ਨਾਲ ਪਰਨਾਉਣਾ ਚਾਹੁੰਦਾ ਹੈ ਪਰ ਫੇਰ ਉਹ ਰਾਂਝਿਆਂ ਨੂੰ ਆਪਣੇ ਬਰਾਬਰ ਨਾ ਸਮਝ ਕੇ ਕੋਈ ਵੱਡਾ ਘਰ ਲੱਭਦਾ ਹੈ । ਅਖੀਰ ਰੰਗਪੁਰ ਦੇ ਖੇੜਿਆਂ ਦੇ ਘਰ ਉਸ ਨੂੰ ਮੰਗ ਦਿੰਦਾ ਹੈ ਤੇ ਅੰਤ ਜਬਰਦਸਤੀ ਹੀਰ ਦਾ ਵਿਆਹ ਸੈਦੇ ਨਾਲ ਕਰਕੇ ਰੋਂਦੀ ਕੁਰਲਾਉਂਦੀ ਨੂੰ ਡੋਲੀ ਵਿਚ ਪਾ ਦਿੰਦਾ ਹੈ ਤੇ ਰਾਂਝੇ ਨੂੰ ਵੀ ਟਰੰਕ ਚੁਕਵਾ ਕੇ ਨਾਲ ਭੇਜ ਦਿੰਦਾ ਹੈ ।

ਜਦ ਅਦਲੀ ਰਾਜਾ ਹੀਰ ਨੂੰ ਖੇੜਿਆਂ ਪਾਸੋਂ ਖੋਹ ਕੇ ਰਾਂਝੇ ਨੂੰ ਦੇ ਦਿੰਦਾ ਹੈ ਤੇ ਉਹ ਉਸ ਨੂੰ ਲੈ ਕੇ ਘਰ ਪਰਤਣ ਲਗਦਾ ਹੈ ਤਾਂ ਉਹ ਰਾਹ ਵਿਚ ਉਸ ਨੂੰ ਆਪਣੇ ਪਿੰਡ ਲੈ ਜਾਣ ਲਈ ਜ਼ਿੱਦ ਕਰਦੀ ਹੈ ਤੇ ਬਕਾਇਦਾ ਨਿਕਾਹ ਕਰਵਾ ਕੇ ਉਸ ਦੇ ਨਾਲ ਜਾਣ ਲਈ ਕਹਿੰਦੀ ਹੈ । ਹੀਰ ਦੇ ਮਾਪੇ ਰਾਂਝੇ ਨੂੰ ਤਖਤ ਹਜ਼ਾਰਿਓਂ ਜੰਞ ਲਿਆਉਣ ਲਈ ਕਹਿੰਦੇ ਹਨ ਤੇ ਉਹ ਭੋਲਾ ਭਾਲਾ ਉਨ੍ਹਾਂ ਦੇ ਫਰੇਬ ਵਿਚ ਆ ਜਾਂਦਾ ਹੈ ਤੇ ਚਲਾ ਜਾਂਦਾ ਹੈ । ਪਿਛੋਂ ਸਿਆਲਾਂ ਨੇ ਇਕੱਠਿਆਂ ਹੋ ਕੇ ਹੀਰ ਨੂੰ ਮੁਕਾਉਣ ਦਾ ਮਤਾ ਪਕਾਇਆ ਤਾਂ ਚੂਚਕ ਕੁਝ ਨਹੀਂ ਕਹਿੰਦਾ ਤੇ ਆਪਣੀ ਧੀ ਨੂੰ ਮਰਵਾ ਦਿੰਦਾ ਹੈ । ਹੀਰ ਦੀ ਮਾਂ ਵੀ ਇਸ ਸਾਜ਼ਿਸ ਵਿਚ ਸ਼ਾਮਲ ਹੈ :

ਮਾਰ ਸੁਟਿਆ ਹੀਰ ਨੂੰ ਮਾਪਿਆਂ ਨੇ
ਇਹ ਪੇਖਣੇ ਉਹਦੇ ਖਿਆਲ ਦੇ ਨੀ ।

ਤੇ ਅਖੀਰ ਖਤ ਲਿਖ ਕੇ ਰਾਂਝੇ ਨੂੰ ਹੀਰ ਦੀ ਮੌਤ ਦੀ ਖਬਰ ਭੇਜ ਕੇ ਨਿਸ਼ਚਿੰਤ ਹੋ ਜਾਂਦੇ ਹਨ । ਖੇੜਿਆਂ ਦਾ ਨਾਈ ਜਦ ਸਿਆਲਾਂ ਪਾਸ ਆਉਂਦਾ ਹੈ ਤਾਂ ਉਹ ਉਸ ਦੀ ਕੋਈ ਪਰਵਾਹ ਨਹੀਂ ਕਰਦੇ ਤੇ ਕਹਿੰਦੇ ਹਨ ਕਿ ਸਾਡੇ ਲਈ ਹੀਰ ਜਦ ਦੀ ਇਥੋਂ ਗਈ ਹੈ, ਮਰ ਮੁੱਕ ਚੁੱਕੀ ਹੈ :

ਹੀਰ ਵਿਆਹ ਦਿਤੀ, ਮੋਈ, ਗਈ ਸਾਥੋਂ
ਮੂੰਹ ਧੀਊ ਦਾ ਨਾ ਵਖਾਇਆ ਜੇ ।
ਸੜੀ ਤੁਸਾਂ ਉਹ ਕਿਸੇ ਖੂਹ ਡੁੱਬੀ
ਕੇਹਾ ਅਸਾਂ ਤੋਂ ਸਾਕ ਦਵਾਇਆ ਜੇ।

ਇਸ ਤਰ੍ਹਾਂ ਚੂਚਕ, ਮਲਕੀ ਅਤੇ ਹੀਰ ਦੇ ਭਰਾ, ਚਾਚੇ ਸਭ ਹੀਰ ਦੀ ਮੌਤ ਦੇ ਦੋਸ਼ੀ ਹਨ । ਇਹ ਸਿਆਲਾਂ ਦੇ ਮੰਦੇ ਚਰਿੱਤਰ ਦੇ ਪ੍ਰਤੀਕ ਹਨ ।

**ਮਲਕੀ**

ਭਾਵੇਂ ਨੇਕ ਮਾਂ ਹੈ ਤੇ ਹੀਰ ਨੂੰ ਲਾਡ ਲਿਡਾਂਦੀ ਹੈ ਪਰ ਉਹ ਕੈਦੋਂ ਤੇ ਸ਼ਰੀਕਣਾ ਦੇ ਨਿੱਤ ਦੇ ਮਿਹਣੇ ਸੁਣ ਸੁਣ ਹੀਰ ਨੂੰ ਮੰਦਾ ਚੰਗਾ ਕਹਿੰਦੀ ਰਹਿੰਦੀ ਹੈ ਤੇ ਇਥੋਂ ਤੱਕ ਕਿ ਉਹ ਹੀਰ ਨੂੰ ਗਾਲ੍ਹਾਂ ਵੀ ਕੱਢਦੀ ਹੈ । ਅਜਿਹੀਆਂ ਗਾਲ੍ਹਾਂ ਸ਼ਾਇਦ ਹੀ ਕੋਈ ਮਾਂ ਆਪਣੀ ਧੀ ਨੂੰ ਕੱਢਦੀ ਹੈ :

'ਯਰੇਲੀਏ, ਗੰਡੋਲੀਏ, ਬੇਹਯਾਏ, ਖੁੰਡ ਕੰਨੀਏ ਤੇ ਸੁਲਬਹਿਰੀਸੀਏ ਨੀ'

ਪਰ ਜਦ ਹੀਰ ਮਲਕੀ ਨੂੰ ਕਹਿੰਦੀ ਹੈ ਕਿ ਉਨ੍ਹਾਂ ਚਾਕ ਨੂੰ ਅਜਾਈ ਤ੍ਰਾਹ ਕੇ ਕੱਢ ਦਿਤਾ ਹੈ ਤਾਂ ਉਹ ਚੂਚਕ ਕੋਲ ਰਾਂਝੇ ਦਾ ਹੱਕ ਪੇਸ਼ ਕਰਦੀ ਹੈ ਕਿ ਉਸ ਨੇ ਬਾਰਾਂ ਸਾਲ ਮੁਫਤ ਮੱਝੀਆਂ ਚਾਰੀਆਂ ਹਨ ਤੇ ਚੂਚਕ ਨੇ ਉਸ ਨੂੰ ਕੱਢ ਕੇ ਚੰਗਾ ਨਹੀਂ ਕੀਤਾ । ਉਸ ਨੂੰ ਮੁੜ ਮਨਾ ਕੇ ਵਾਪਸ ਲਿਆਉਣ ਉਪਰ ਜ਼ੋਰ ਦਿੰਦੀ ਹੈ :

ਮਲਕੀ ਗੱਲ ਸੁਣਾਂਵਦੀ ਚੂਚਕੇ ਨੂੰ
ਲੋਕ ਦੇਂਦੇ ਨੀ ਬਦ ਦੁਆ ਮੀਆਂ ।
ਬਾਰਾਂ ਬਰਸ ਇਸ ਮੱਝੀਆਂ ਚਾਰੀਆਂ ਨੇ
ਨਹੀਂ ਕੀਤੀ ਸੂ ਚੂੰ ਚਰਾਂ ਮੀਆਂ ।
ਹੱਕ ਖੋਹਕੇ ਚਾ ਜਵਾਬ ਦਿਤੋ
ਮਹੀਂ ਛੱਡ ਕੇ ਘਰਾਂ ਨੂੰ ਜਾਹ ਮੀਆਂ ।
ਪੈਰੀਂ ਲੱਗ ਕੇ ਜਾਇ ਮਨਾ ਮੀਆਂ
ਆਹ ਫਕਰ ਦੀ ਬਰੀ ਪੈ ਜਾ ਮੀਆਂ ।

ਵਾਰਿਸਸ਼ਾਹ ਰੰਝੇਟੜਾ ਨੂਰ ਭਰਿਆ,
ਉਸ ਦੀ ਚੁੱਪ ਹੀ ਦੇਗ ਲੁੜ੍ਹਾ ਮੀਆਂ।

ਮਲਕੀ ਰਾਂਝੇ ਨੂੰ ਮਨਾ ਕੇ ਵਾਪਸ ਲੈ ਆਉਂਦੀ ਹੈ । ਰਾਂਝਾ ਉਸ ਦੇ ਆਖੇ ਲੱਗ ਜਾਂਦਾ ਹੈ ਪਰ ਪਿਛੋਂ ਫੇਰ ਕੈਦੋਂ ਦੇ ਕਹਿਣ ਉਤੇ ਮਲਕੀ ਹੀਰ ਨੂੰ ਖੇੜਿਆਂ ਨਾਲ ਵਿਆਹ ਦੇਣ ਦੀ ਪੱਕ ਪਕਾਂਦੀ ਹੈ । ਮਲਕੀ ਤੇ ਚੂਚਕ ਦੋਹਾਂ ਦੇ ਚਰਿੱਤਰ ਇਸ ਪੱਖ ਤੋਂ ਇਕ ਸਮਾਨ ਹਨ । ਦੋਵੇਂ ਦੋਸ਼ੀ ਹਨ ।

**ਬਾਲ ਨਾਥ**

ਜੋਗੀਆਂ ਦੇ ਟਿੱਲੇ ਤੇ ਗੁਰੂ ਗੋਰਖ ਦੀ ਗੱਦੀ ਪੁਰ ਬਾਲਨਾਥ ਜੋਗੀ ਬੈਠਾ ਜਿਸ ਪਾਸ ਰਾਂਝਾ ਜੋਗ ਲੈਣ ਜਾਂਦਾ ਹੈ । ਹੀਰ ਨੇ ਰੰਗਪੁਰ ਤੋਂ ਰਾਂਝੇ ਨੂੰ ਅਖਵਾ ਭੇਜਿਆ ਸੀ ਕਿ ਉਹ ਜੋਗੀ ਬਣ ਕੇ ਸਿਰ ਮੂੰਹ ਮੁਨਾ ਕੇ ਆਵੇ ਤੇ ਉਸ ਨੂੰ ਉਥੋਂ ਕੱਢ ਲਿਜਾਵੇ । ਰਾਂਝਾ ਉਸ ਨੂੰ ਆਪਣਾ ਮੁਰਸ਼ਦ ਤੇ ਰੱਬ ਦਾ ਵਜ਼ੀਰ ਕਹਿੰਦਾ ਹੈ । ਬਾਲ ਨਾਥ ਰਾਂਝੇ ਨੂੰ ਮਲੂਕ, ਚੰਚਲ ਤੇ ਸੋਹਣਾ ਛੈਲ ਮੁੰਡਾ ਵੇਖ ਕੇ ਹੈਰਾਨ ਹੁੰਦਾ ਹੈ । ਉਸ ਨੂੰ ਪੁਛਦਾ ਹੈ ਕਿ ਉਹ ਕਿਹੜੇ ਦੁੱਖੋਂ ਫਕੀਰ ਹੋਣਾ ਚਾਹੁੰਦਾ ਹੈ । ਉਸ ਨੂੰ ਜੋਗ ਦੀਆਂ ਔਖਿਆਈਆਂ ਤੇ ਮੁਸੀਬਤਾਂ ਦਸਦਾ ਹੈ ਪਰ ਰਾਂਝਾ ਉਸ ਦੇ ਤਰਲੇ ਕਰਦਾ ਹੈ, ਆਪਣੀ ਆਸ ਪੁਗਾਉਣ ਲਈ ਕਹਿੰਦਾ ਹੈ । ਬਾਲਨਾਥ ਦੇ ਚੇਲੇ ਖਾਰ ਖਾਂਦੇ ਹਨ ਤੇ ਉਸਦਾ ਭੋਰਾ ਉਖਾੜ ਦੇਂਦੇ ਹਨ ਪਰ ਨਾਥ ਦਬਕਾ ਮਾਰਦਾ ਹੈ ਤੇ ਉਨ੍ਹਾਂ ਨੂੰ ਮੁੰਦਰਾਂ ਲਿਆਉਣ ਲਈ ਕਹਿੰਦਾ ਹੈ ਤਾਂ ਉਸ ਦਾ ਬਚਨ ਮੰਨ ਕੇ ਮੁੰਦਰਾਂ ਲਿਆਂਦੇ ਹਨ । ਅਖੀਰ ਚਾਰ ਦਿਨਾਂ ਪਿਛੋਂ ਬਾਲਨਾਥ ਰਾਂਝੇ ਨੂੰ ਜੋਗ ਦਿੰਦਾ ਹੈ । ਬਾਲਨਾਥ ਇਕ ਦਿਆਲੂ ਜੋਗੀ ਹੈ । ਉਹ ਚੇਲਿਆਂ ਦੀ ਪਰਵਾਹ ਨਹੀਂ ਕਰਦਾ । ਉਸ ਨੂੰ ਰਾਂਝੇ ਦੇ ਸਿਦਕ ਤੇ ਸਾਫ ਦਿਲੀ ਤੇ ਯਕੀਨ ਹੈ । ਉਹ ਰਾਂਝੇ ਨੂੰ ਕਈ ਮੱਤਾਂ ਦਿੰਦਾ ਹੈ ਪਰ ਰਾਂਝਾ ਉਸ ਨੂੰ ਖਰੀਆਂ ਸੁਣਾਉਂਦਾ ਹੈ । ਇਸ ਤੋਂ ਨਾਥ ਦੇ ਠੰਡੇ ਸ਼ਾਂਤ ਸੁਭਾਉ ਦਾ ਪਤਾ ਚਲਦਾ ਹੈ ਅੰਤ ਉਹ ਅੱਖਾਂ ਮੀਟ ਕੇ ਰੱਬ ਦੀ ਦਰਗਾਹ 'ਚੋਂ ਰਾਂਝੇ ਲਈ ਹੀਰ ਮੰਗਦਾ ਹੈ :

ਹੋਇਆ ਹੁਕਮ ਦਰਗਾਹ ਥੀਂ ਹੀਰ ਬਖਸ਼ੀ
ਬੇੜਾ ਲਾਇ ਦਿੱਤਾ ਅਸਾਂ ਢੰਗ ਦਾ ਜੀ ।

ਤੇ ਅੱਖਾਂ ਖੋਲ੍ਹ ਕੇ ਕਹਿੰਦਾ ਹੈ । ਨਾਥ ਖੋਲ੍ਹ ਅੱਖੀਂ ਕਿਹਾ ਰਾਂਝਣੇ ਨੂੰ 'ਬੱਚਾ ਜਾਹ ਤੇਰਾ ਕੰਮ ਹੋਇਆ ਈ' ਤੇ ਉਸ ਦੀ ਜਿੱਤ ਦਾ ਸੁਭ ਸ਼ਗਨ ਦਸਦਾ ਹੈ:

ਚੜ੍ਹ ਦੌੜ ਕੇ ਜਿੱਤ ਲੈ ਖੇੜਿਆਂ ਨੂੰ
ਬੱਚਾ ਸੋਨ ਤੈਨੂੰ ਭਲਾ ਹੋਇਆ ਏ ।

ਬਾਲਨਾਥ ਨੇਕ ਦਿਲ, ਜੋਗ ਵਿਚ ਪੱਕਾ, ਕੰਮ ਸੰਵਾਰਨਹਾਰਾ, ਹਮਦਰਦ, ਦਿਲ ਦੀ ਬੁੱਝਣ ਵਾਲਾ ਤੇ ਭਲਾ ਕਰਨ ਵਾਲਾ ਜੋਗੀ ਹੈ । ਹੀਰ ਦੇ ਕਿੱਸੇ ਵਿਚ ਇਸ ਦਾ ਚਰਿੱਤਰ ਇਸ ਲਈ ਵਿਸ਼ੇਸ਼ ਮਹੱਤਤਾ ਰਖਦਾ ਹੈ ਕਿ ਉਹ ਕਥਾ ਵਸਤੂ ਨੂੰ ਇਕ ਵੱਡਾ ਮੋੜ ਦਿੰਦਾ ਹੈ । ਜੇਕਰ ਉਹ ਰਾਂਝੇ ਨੂੰ ਜੋਗ ਨਾ ਦਿੰਦਾ ਤੇ ਚੇਲਾ ਨਾ ਮੁੰਨਦਾ ਤਾਂ ਰਾਂਝਾ ਹੀਰ ਨੂੰ ਰੰਗਪੁਰ ਤੋਂ ਲੈ ਜਾਣ ਵਿਚ ਸਫਲ ਨਾ ਹੁੰਦਾ ਅਤੇ ਕਹਾਣੀ ਇਕ ਖੂਬਸੂਰਤ ਮੋੜ ਨਾ ਕਟਦੀ । ਰਾਂਝੇ ਦੇ ਜੋਗੀ-ਰੂਪ ਵਿਚ ਰੰਗਪੁਰ ਜਾਣ ਤੇ ਹੀ ਪੰਜਾਬੀ ਕਿੱਸਾਕਾਰ ਨੂੰ ਸਹਿਤੀ ਜਿਹਾ ਇਕ ਚੰਚਲ ਟੂਣੇਹਾਰ ਅਤੇ ਜਿਗਰ ਗੁਰਦੇ ਵਾਲਾ ਪਾਤਰ ਮਿਲਿਆ।

ਬਾਕੀ ਚਰਿੱਤਰ ਕੋਈ ਬਹੁਤੇ ਮਹੱਤਵਪੂਰਣ ਨਹੀਂ । ਅਯਾਲੀ, ਹੀਰ ਦੇ ਭਰਾ, ਸੈਦੇ ਦਾ ਪਿਉ ਅੱਜੂ, ਲੁੱਡਣ, ਮਲਾਹ, ਹੀਰ ਦੀਆਂ ਸਹੇਲੀਆਂ, ਰੰਗਪੁਰ ਵਿਖੇ ਰਾਇਬਾਂ ਤੇ ਸੈਰਫਾਂ, ਅਦਲੀ ਰਾਜਾ, ਸਾਰੇ ਸਾਧਾਰਨ ਚਰਿੱਤਰ ਹਨ, ਜਿਹੜੇ ਕਹਾਣੀ ਦੀ ਚਾਲ ਵਿਚ ਕੋਈ ਵਾਧਾ ਨਹੀਂ ਕਰਦੇ।

**ਪਾਠ ਨੰ : 1.8**

## 'ਹੀਰ ਵਾਰਿਸ' ਵਿਚ ਸਮੇਂ ਦਾ ਸਮਾਜ

ਇਸ ਪਾਠ ਵਿਚ ਵਿਦਿਆਰਥੀਆਂ ਨੂੰ ਸਾਹਿਤ ਅਤੇ ਸਮਾਜ ਦੇ ਪਰਸਪਰ ਸੰਬੰਧਾਂ ਬਾਰੇ ਦੱਸਿਆ ਜਾਵੇਗਾ । ਇਸ ਪਾਠ ਦਾ ਮੰਤਵ 'ਹੀਰ ਵਾਰਿਸ' ਵਿਚ ਪੇਸ਼ ਸਮਾਜਕ ਯਥਾਰਥ ਦੀ ਪਹਿਚਾਣ ਕਰਵਾਉਣਾ ਹੈ ।

**ਅਠਾਰ੍ਹਵੀ ਸਦੀ ਦਾ ਸਮਾਂ :**

ਜਿਵੇਂ ਕਿ ਪਹਿਲੇ ਪਾਠਾਂ ਵਿਚ ਹੀ ਦੱਸਿਆ ਗਿਆ ਹੈ ਕਿ ਵਾਰਿਸ ਕਾਲ ਅਠਾਰ੍ਹਵੀ ਸਦੀ ਦਾ ਸਮਾਂ ਸੀ । ਜਦੋਂ ਕਿ ਮੁਗਲ ਰਾਜ ਦਾ ਤੇਜ਼ ਇਸ ਸਮੇਂ ਕੁਝ ਮੱਠਾ ਪੈ ਗਿਆ ਸੀ । ਪਰੰਤੂ ਅਤਿ ਦਰਜੇ ਦੇ ਜ਼ੁਲਮ, ਅਤਿਆਚਾਰ ਕਾਰਨ ਹਕੂਮਤ ਪੰਜਾਬੀਆਂ ਉਪਰ ਤਸ਼ੱਦਦ ਕਰ ਰਹੀ ਸੀ । ਇਹ ਸਮਾਂ ਸਿੱਖਾਂ ਦੀ ਚੜ੍ਹਦੀਕਲਾ ਦਾ ਸਮਾਂ ਸੀ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਪਿਛੋਂ ਬਾਬਾ ਬੰਦਾ ਬਹਾਦਰ, ਫਿਰ ਸਰਬਤ ਖਾਲਸਾ ਅਤੇ ਫਿਰ ਦਲ ਖਾਲਸਾ ਅਤੇ ਅੰਤ ਵਿਚ ਬਾਰਾਂ ਮਿਸਲਾਂ ਆਪਣਾ ਸਮਾਂ ਹੰਢਾ ਰਹੀਆਂ ਸਨ ਜਿਸ ਉਪਰੰਤ 1799 ਈ. ਵਿਚ ਮਹਾਰਾਜ ਰਣਜੀਤ ਸਿੰਘ ਨੇ ਪੰਜਾਬ ਵਿਚ ਪੱਕਾ ਤੇ ਸਥਾਈ ਰਾਜ ਸਥਾਪਤ ਕਰ ਲਿਆ ।

ਇਸੇ ਕਾਲ ਵਿਚ ਮੁਗਲ ਰਾਜ ਕਈਆਂ ਹੱਥਾਂ ਵਿਚ ਬਦਲਦਾ ਰਿਹਾ । ਲਾਹੌਰ ਦੇ ਸੂਬੇਦਾਰ ਬਦਲਦੇ ਰਹੇ । ਨਾਦਰ ਦਾ ਹਮਲਾ 1738-39 ਵਿਚ ਅਤੇ 1768-69 ਤਕ ਅਬਦਾਲੀ ਦੇ ਹਮਲੇ ਇਸ ਸਦੀ ਵਿਚ ਹੋਏ । ਇਹ ਰਾਜ-ਗਰਦੀ ਦਾ ਸਮਾਂ ਸੀ । ਕੁਦਰਤੀ ਤੌਰ ਤੇ ਇਸ ਸਮੇਂ ਸਮਾਜ ਵਿਚ ਟਿਕਾਉ ਨਹੀਂ ਹੋ ਸਕਿਆ ਸੀ । ਲੋਕ ਕੋਈ ਕੰਮ ਵੀ ਨਿਸ਼ਚੇ ਨਾਲ ਨਹੀਂ ਕਰ ਸਕਦੇ ਹਨ, ਇਸੇ ਲਈ ਇਹ ਕਹਾਵਤ ਬਣ ਗਈ ਕਿ :

ਖਾਧਾ ਪੀਤਾ ਲਾਹੇ ਦਾ
ਰਹਿੰਦਾ ਅਹਿਮਦ ਸ਼ਾਹੇ ਦਾ ।

ਕਿਉਂਕਿ ਅਹਿਮਦ ਸ਼ਾਹ ਅਬਦਾਲੀ ਨੇ 1747 ਤੋਂ 1769 ਤਕ ਲਗਾਤਾਰ ਨੌਂ ਹਮਲੇ ਕੀਤੇ । ਉਸ ਦੇ ਹਰ ਹਮਲੇ ਵਿਚ ਭਾਰੀ ਤਬਾਹੀ ਹੁੰਦੀ ਤੇ ਲੁਟਮਾਰ ਹੁੰਦੀ ਸੀ । ਚਵਾਂ ਪਾਸੇ ਹਨ੍ਹੇਰ ਗਰਦੀ ਸੀ :

ਅਸ਼ਰਾਫ ਦੀ ਬਾਤ ਮਨਜ਼ੂਰ ਨਹੀਂ,
ਚੋਰ ਚੌਧਰੀ ਅੱਤ ਲੰਡੋਰ ਕੀਤੇ ।
ਬਾਣੀਏ, ਦੁਕਾਨਦਾਰ ਆਮ ਲੁੱਟੇ ਜਾਂਦੇ ਸਨ :
ਜਿਵੇਂ : 'ਬਾਣਿਆਂ ਸ਼ਹਿਰ ਵਿਚ ਲੁਟਿਆ ਈ ।

**ਇਸਲਾਮੀ ਸ਼ਰ੍ਹਾਂ ਅਤੇ ਸ਼ਰੀਅਤ**

ਇਸਲਾਮੀ ਸ਼ਰ੍ਹਾਂ ਅਤੇ ਸ਼ਰੀਅਤ ਉਤੇ ਜ਼ੋਰ ਦਿਤਾ ਜਾਂਦਾ ਸੀ । ਕਾਜ਼ੀ ਤੇ ਮੁੱਲਾਂ ਦੀ ਖ਼ੂਬ ਚਲਦੀ ਸੀ । ਵਿਆਹ ਸ਼ਾਦੀਆਂ ਵੀ ਉਨ੍ਹਾਂ ਦੀ ਮਰਜ਼ੀ ਨਾਲ ਹੀ ਹੋ ਸਕਦੀਆਂ ਸਨ । ਮਰਦ ਜਾਂ ਇਸਤਰੀ ਦੀ ਮਰਜ਼ੀ ਦੀ ਪਰਵਾਹ ਨਹੀਂ ਕੀਤੀ ਜਾਂਦੀ ਸੀ, ਜਿਵੇਂ ਕਿ ਹੀਰ ਦਾ ਜ਼ਬਰਦਸਤੀ ਖੇੜੇ ਨਾਲ ਨਿਕਾਹ ਕਰਕੇ ਉਸਨੂੰ ਡੋਲੀ ਵਿਚ ਪਾ ਦਿੱਤਾ ਗਿਆ ਸੀ :

ਕਾਜ਼ੀ ਪੜ੍ਹ ਨਿਕਾਹ ਤੇ ਘੱਤ ਡੋਲੀ,
ਨਾਲ ਖੇੜਿਆਂ ਦੇ ਦਿਤੀ ਟੋਰ ਮੀਆਂ ।

**ਪੇਂਡੂ ਮੁਸਲਮਾਨੀ ਸਮਾਜ :**

ਵਾਰਿਸ ਨੇ ਵਿਸ਼ੇਸ਼ ਕਰਕੇ ਪੇਂਡੂ ਮੁਸਲਮਾਨੀ ਸਮਾਜ ਨੂੰ ਹੀ ਚਿਤਰਿਆ ਹੈ । ਪਿੰਡਾਂ ਵਿਚ ਜਾਗੀਰਦਾਰੀ ਪ੍ਰਬੰਧ ਦਾ ਬੋਲਬਾਲਾ ਸੀ । ਚੌਧਰੀ ਕਈ ਪਿੰਡਾਂ ਦੇ ਮਾਲਕ ਹੁੰਦੇ ਤੇ ਉਨ੍ਹਾਂ ਦੇ ਘਰ ਸੱਤੇ ਕਿਸਮ ਦੇ ਅਨਾਜ ਤੇ ਮਾਲ ਡੰਗਰ ਹੁੰਦੇ ਸਨ। ਬਾਰਾਂ ਵਿਚ ਘੋੜੀਆਂ ਤੇ ਮੱਝਾਂ ਸਰਦਾਰੀ ਦਾ ਚਿੰਨ੍ਹ ਹੁੰਦੀਆਂ ਸਨ। ਉਨ੍ਹਾਂ ਦੇ ਕਾਮੇ ਕੰਮ ਕਰਨ ਵਾਲੇ ਤੇ ਗੁਮਾਸ਼ਤੇ ਵਿਹਾਰ ਕਰਨ ਵਾਲੇ ਹੁੰਦੇ । ਪੱਤਣਾਂ ਉਪਰ ਵੀ ਚੌਧਰੀਆਂ ਦਾ ਕਬਜ਼ਾ ਸੀ ਤੇ ਉਨ੍ਹਾਂ ਦੀਆਂ ਆਪਣੀਆਂ ਬੇੜੀਆਂ ਤੇ ਮਲਾਹ ਹੁੰਦੇ ਸਨ। ਕੁੜੀਆਂ ਨੂੰ ਆਮ ਫਿਰਨ ਟੁਰਨ ਦੀ ਖੁੱਲ ਸੀ ਤੇ ਉਹ ਸਹੇਲੀਆਂ ਸੰਗ ਪੀਘਾਂ ਝੂਟਦੀਆਂ,

ਦਰਿਆਵਾਂ ਵਿਚ ਤਰਦੀਆਂ ਤੇ ਬੇੜੀਆਂ ਵਿਚ ਸੈਰ ਕਰਦੀਆਂ ਸਨ।

ਵੱਡੇ ਲੋਕ, ਜਾਗਰੀਰਦਾਰ ਜਾਂ ਚੋਧਰੀ ਵਿਆਹ ਸ਼ਾਦੀਆਂ ਉਤੇ ਬੜਾ ਖਰਚ ਕਰਦੇ । ਦਾਜ ਦਹੇਜ ਵਿਚ ਦਿੱਤੇ ਗਏ ਬਸਤਰਾਂ, ਜੇਵਰਾਂ, ਭਾਂਡਿਆਂ, ਜਾਨਵਰਾਂ ਆਦਿ ਦਾ ਕੋਈ ਅੰਤ ਨਾ ਹੁੰਦਾ । ਜੰਞ ਦੀ ਬੜੀ ਆਉ ਭਗਤ ਕੀਤੀ ਜਾਂਦੀ ਤੇ ਅਨੇਕਾਂ ਪ੍ਰਕਾਰ ਦੇ ਖਾਣੇ ਤਿਆਰ ਕੀਤੇ ਜਾਂਦੇ । ਲਾਗੀਆਂ ਕੰਮੀਆਂ ਤੇ ਨੀਚ ਜਾਤੀਆਂ ਨੂੰ ਦਰਜੇ ਅਨੁਸਾਰ ਆਪਣੇ ਤੋਂ ਨੀਵੀਂ ਜਾਤ ਵਾਲਿਆਂ ਨਾਲ ਰਿਸ਼ਤੇ ਨਹੀਂ ਸਨ ਕਰਦੇ ਚੂਚਕ ਕਹਿੰਦਾ ਹੈ :

ਨਾਲ ਰਾਂਝਿਆਂ ਕਦੇ ਨਹੀਂ ਸਾਕ ਕੀਤਾ,
ਨਹੀਂ ਕੀਤੀਆਂ ਅਸੀਂ ਕੁੜਮਾਈਆਂ ਵੇ ।
ਕਿੱਥੇ ਰੁਲਦਿਆਂ ਗੋਲਿਆਂ ਆਇਆ ਨੂੰ,
ਦਿੱਸਣ ਇਹ ਸਿਆਲਾਂ ਦੀਆਂ ਜਾਈਆਂ ਵੇ ।

ਨਾਈ ਸਾਕ ਕਰਾਉਂਦੇ ਸਨ। ਜੰਞਾਂ ਵਿਚ ਢਾਡੀ, ਨਕਲੀਏ, ਕੰਜਰੀਆਂ, ਡੂਮ ਆਦਿ ਰਾਗ-ਰੰਗ ਲਈ ਆਉਂਦੇ ਤੇ ਵਾਜੇ ਗਾਜੇ ਵਜਦੇ । ਕਸ਼ਮੀਰੀਆਂ, ਤੁਰੀਆਂ ਛਣਾਂ ਛਣ ਵਜਦੀਆਂ । ਸਾਲੀਆਂ, ਕੁੜੀ ਦੀਆਂ ਸਹੇਲੀਆਂ ਲਾੜੇ ਨੂੰ ਮਖੌਲ ਕਰਦੀਆਂ ।

ਹੀਰ ਵਾਰਿਸ ਦਾ ਸਮਾਜ ਮੱਧਕਾਲੀ ਸਮਾਜ ਸੀ, ਜਿਸ ਨੂੰ ਰਜਵਾੜਾ ਸ਼ਾਹੀ ਸਮਾਜ ਵੀ ਕਿਹਾ ਜਾਂਦਾ ਹੈ । ਸ਼ਕਤੀ ਤੇ ਰਾਜਸੀ ਸੱਤ੍ਹਾ ਰਾਜੇ ਤੇ ਉਸਦੇ ਉਚ ਅਧਿਕਾਰੀਆਂ ਪਾਸ ਹੁੰਦੀ ਤੇ ਉਸ ਦੇ ਫੈਸਲੇ ਅੰਤਿਮ ਸਮਝੇ ਜਾਂਦੇ ਸਨ । ਸਮਾਜ ਵਿਚ ਭਾਈਚਾਰਾ ਤੇ ਪਰਿਵਾਰ-ਵਾਲਾ-ਜੀਵਨ ਪ੍ਰਧਾਨ ਸੀ । ਇਕੋ ਪਿਉ ਪੁਤਰ ਪਿਤਾ ਦੇ ਮਰਨ ਪਿਛੋਂ ਜਮੀਨ ਵੰਡ ਲੈਂਦੇ ਸਨ । ਭੋਇ ਨੂੰ ਵੰਡਣ ਲਈ ਪਟਵਾਰੀ ਵੱਢੀ ਆਦਿ ਲੈ ਕੇ ਹੇਰਾਫੇਰੀ ਕਰਦੇ ਸਨ । ਪੰਚ ਵੀ ਨਾਲ ਰਲ ਜਾਂਦੇ ਸਨ । ਪਿੰਡਾਂ ਵਿਚ ਪੰਚਾਇਤ ਸਮਾਜਿਕ ਸ਼ਾਸਨ ਦੀ ਜ਼ਿੰਮੇਵਾਰ ਹੁੰਦੀ ਸੀ ਤੇ ਪਿੰਡ ਦੀ ਹਰ ਘਟਨਾ ਉਸਦੇ ਸਾਹਮਣੇ ਲਿਆਈ ਜਾਂਦੀ ਸੀ ।

ਸਭ ਤੋਂ ਛੋਟਾ ਪੁੱਤਰ ਆਮ ਤੌਰ ਤੇ ਲਾਡਲਾ ਹੁੰਦਾ । ਰਾਂਝਾ ਵੀ ਮੌਜੂ ਚੋਧਰੀ ਦਾ ਲਾਡਲਾ ਪੁੱਤਰ ਸੀ । ਪਿਉ ਪਿਆਰ ਕਰਦਾ ਤੇ ਭਾਈ ਵੈਰ ਕਮਾਉਂਦੇ ਸਨ :

ਬਾਪ ਕਰੇ ਪਿਆਰ ਤੇ ਵੈਰ ਭਾਈ,
ਡਰ ਬਾਪ ਦੇ ਥੀਂ ਪਏ ਸੰਗਦੇ ਨੇ ।

ਭਰਾ ਦੇ ਘਰੋਂ ਨਿਕਲਣ ਉਪਰ ਸ਼ਰੀਕ ਖੁਸ਼ ਹੁੰਦੇ ਸਨ ਕਿ ਭਰਾਵਾਂ ਦੀ ਇਕ ਬਾਹ ਟੁੱਟਣ ਦਾ ਭਾਵ ਸ਼ਰੀਕਾਂ ਦੀ ਸ਼ਕਤੀ ਵਧਣਾ ਹੁੰਦਾ ਸੀ :

ਕੱਛਾ ਮਾਰ ਸ਼ਰੀਕ ਮਜ਼ਾਕ ਕਰਦੇ
ਭਾਈਆਂ ਰਾਂਝੇ ਦੀ ਬਾਬ ਬਣਾਈਆ ਈ ।

ਚਾਕ ਹੋਣਾ ਅਤਿ ਭੈੜਾ ਸਮਝਿਆ ਜਾਂਦਾ ਸੀ । ਸਮਾਜ ਵਿਚ ਅਜਿਹੇ ਮਨੁੱਖ ਦੀ ਕੋਈ ਕਦਰ ਨਹੀਂ ਸੀ ।

ਕਿਤੋਂ ਆਇਆ ਸੀ ਕਾਲ ਵਿਚ ਭੁੱਖਾ ਮਰਦਾ,
ਇਹ ਚਾਕ ਸੀ ਮਹਿਰ ਦੀਆਂ ਖੋਲੀਆਂ ਦਾ ।

ਧਰਮ ਤੇ ਸ਼ਰ੍ਹਾਂ ਦੇ ਨਾਮ ਤੇ ਧੋਖਾ, ਠੱਗੀ ਤੇ ਦਗਾ ਵੀ ਕੀਤਾ ਜਾ ਸਕਦਾ ਸੀ । ਕਾਜ਼ੀ ਚੂਚਕ ਨੂੰ ਹੀਰ ਦੇ ਵਿਆਹ ਸਮੇਂ ਦਗਾ ਕਰਨ ਲਈ ਆਖਦਾ ਹੈ :

ਕਾਜ਼ੀ ਆਖਦਾ ਚੂਚਕ ਸੁਣ ਮੈਥੋਂ
ਦਗੇ ਬਾਝ ਨਾ ਹੋਵਸੀ ਕੰਮ ਤੇਰਾ ।

ਪੱਗ ਦਾ ਸਤਿਕਾਰ ਸੀ, ਘੋਨ-ਮੋਨ ਜਾਂ ਦਾੜ੍ਹੀ-ਮੁੱਛ ਕਟਿਆ ਤੇ ਨੱਕ ਕੰਨ ਪਾਟਿਆਂ ਦਾ ਕੋਈ ਇਤਬਾਰ ਨਹੀਂ ਕਰਦਾ ਸੀ । ਕੋਈ ਹਾਮੀ ਨਹੀਂ ਸੀ ਭਰਦਾ :

ਵਾਰਿਸ ਜਿਨ੍ਹਾਂ ਦਾੜ੍ਹੀ ਕੰਨ, ਨੱਕ ਪਾਟੇ,
ਕੌਣ ਭਰੇਗਾ, ਤਿੰਨਾਂ ਦੀਆਂ ਹਾਮੀਆਂ ਨੀ ।

**ਪੇਂਡੂ ਸਭਿਆਚਾਰ**

ਪਿੰਡਾਂ ਵਿਚ ਵਹੁਟੀਆਂ ਘੁੰਡ ਕੱਢਦੀਆਂ, ਪੱਤਣਾ ਉਪਰ ਲੋਕੀਂ ਜੁੜਦੇ, ਪੱਤਣਾ ਉਪਰ ਵਣਜ ਵਿਉਪਾਰ ਹੁੰਦੇ

ਸਨ । ਵਿਦਿਆ ਪ੍ਰਾਪਤੀ ਲਈ ਮਸੀਤਾਂ ਸਨ ਜਿਥੇ ਕੁਰਾਨ ਪੜ੍ਹਾਈ ਜਾਂਦੀ ਸੀ। ਮੁੱਲਾਂ ਮੌਲਾਣਿਆਂ ਦਾ ਚਰਿੱਤਰ ਚੰਗਾ ਨਹੀਂ ਸੀ ਹੁੰਦਾ । ਮੁਸਾਫਰ ਆਮ ਤੌਰ ਤੇ ਮਸਜਿਦਾਂ ਵਿਚ ਰਾਤ ਕੱਟਦੇ, ਸਵੇਰੇ ਚਿੜੀ ਚੂਹਕਦੀ ਦੇ ਨਾਲ ਹੀ ਫੇਰ ਆਪਣੀ ਮੰਜ਼ਲ ਨੂੰ ਉਠ ਤੁਰਦੇ ।

ਜੋਗੀ ਹਰ ਪਿੰਡ ਵਿਚ ਹੁੰਦੇ ਸਨ ਤੇ ਉਹ ਘਰੋਂ ਘਰੀਂ ਮੰਗ ਪਿੰਨ ਕੇ ਰੋਟੀ ਖਾਂਦੇ, ਧੂਣੀਆਂ ਲਾਉਂਦੇ ਤੇ ਟੂਣੇ ਟਾਮਣ ਕਰਦੇ, ਦਵਾ ਦਿੰਦੇ ਤੇ ਸੱਪ ਦੇ ਕੱਟੇ ਦਾ ਇਲਾਜ ਵੀ ਕਰਦੇ । ਉਨ੍ਹਾਂ ਦੇ ਮੱਠ (ਟਿੱਲੇ) ਕਈ ਥਾਂ ਹੁੰਦੇ । ਕੰਨ ਪਾਟੇ ਜੋਗੀਆਂ ਦਾ ਉਤਰੀ ਭਾਰਤ ਵਿਚ ਕਾਫੀ ਜ਼ੋਰ ਸੀ । ਪਿੰਡਾਂ ਵਿਚ ਤ੍ਰਿੰਞਣ ਜੁੜਦੇ ਜਿਥੇ ਹਰ ਜਾਤ ਦੀਆਂ ਇਸਤਰੀਆਂ ਇਕੱਠੀਆਂ ਹੁੰਦੀਆਂ । ਚਰਖੇ ਘੂਕਦੇ ਤੇ ਛੋਪ ਪੈਂਦੇ । ਕਪਾਹ ਚੁਗਣ ਵੀ ਕੁੜੀਆਂ ਤੇ ਤੀਵੀਆਂ ਖੇਤਾਂ ਵਿਚ ਜਾਂਦੀਆਂ । ਨਨਾਣ ਭਰਜਾਈ ਦੀ ਆਮ ਤੌਰ ਤੇ ਘੱਟ ਵੱਧ ਹੀ ਬਣਦੀ । ਬਹੁਤਿਆਂ ਦੇ ਨਖਰੇ ਉਨ੍ਹਾਂ ਦੇ ਘਰ ਵਾਲੇ ਚੁੱਕਦੇ ਤੇ ਉਨ੍ਹਾਂ ਦਾ ਹਰ ਹੁਕਮ ਮੰਨਦੇ । ਮੁਫਤ-ਖੋਰਾਂ, ਕੰਮ-ਚੋਰਾਂ, ਲਫੰਗਿਆਂ ਅਤੇ ਪਟੇ ਚੋਪੜੀ ਫਿਰਦਿਆਂ ਦੀ ਸਮਾਜ ਵਿਚ ਇੱਜ਼ਤ ਨਹੀਂ ਸੀ । ਇਸੇ ਤਰ੍ਹਾਂ 'ਗੈਰ-ਸ਼ਰ੍ਹਾ' ਵਾਲਿਆਂ ਨੂੰ ਦੁਰਕਾਰਿਆ ਜਾਂਦਾ ।

ਮੁੱਲਾ ਆਖਦਾ ਚੂੰਡੀਆਂ ਵੇਖਦੇ ਹੀ,<br>
ਗੈਰ ਸ਼ਰ੍ਹਾ ਤੂੰ ਕੌਣ ਹੈ ਦੂਰ ਹੋਵੇਂ ।<br>
ਏਥੇ ਲੁੱਚਿਆਂ ਦੀ ਕਾਈ ਜਾ ਨਾਹੀ,<br>
ਪਰ ਦੂਰ ਕਰ ਹੱਕ ਮਨਜ਼ੂਰ ਹੋਵੇ ।

ਹਰ ਪਿੰਡ ਵਿਚ ਕੈਦੋਂ ਵਰਗਾ ਕੋਈ ਨਾ ਕੋਈ ਸਮਾਜ ਦਾ ਠੇਕੇਦਾਰ ਮਿਲ ਜਾਂਦਾ ਜਿਸ ਦਾ ਕੰਮ ਲੂਤੀਆਂ ਲਾਉਣਾ, ਪਾੜ ਪਾਉਣਾ ਤੇ ਮਿਲੇ ਸਿਰਾਂ ਨੂੰ ਵਿਛੋੜਨਾ ਹੁੰਦਾ ਸੀ । ਲਾਹੌਰ ਦੀ ਕਮਾਨ ਤੇ ਕਾਮਰੂਪ ਦਾ ਜਾਦੂ ਆਮ ਮਸ਼ਹੂਰ ਸਨ । ਮਾਝੇ ਦੇ ਲੋਕ ਠੱਗ ਚਲਾਕ ਤੇ ਮੀਸਣੇ ਸਮਝੇ ਜਾਂਦੇ । ਕਸ਼ਮੀਰ ਜਿਹਾ ਕੋਈ ਮੁਲਕ ਨਹੀਂ ਸੀ, ਲਾਹੌਰ ਦੀਆਂ ਵੇਸਵਾਵਾਂ ਦੇ ਨਖਰੇ ਨਹੀਂ ਝੱਲੇ ਜਾਂਦੇ ਸਨ :

ਏਹਦੀ ਬਣਤ ਵੇਖੋ ਨਾਲ ਨਖਰਿਆਂ ਦੇ,<br>
ਮਾਲਜਾਦੀਆਂ ਵਿਚ ਲਾਹੌਰ ਹੋਈਆਂ ।

ਲੋਕਾਂ ਵਿਚ ਪਰਸਪਰ ਚਿੱਠੀ ਪੱਤਰ ਹੁੰਦਾ ਸੀ । ਚਿੱਠੀਆਂ ਮੁਨਸ਼ੀ ਲਿਖਦੇ ਤੇ ਖਾਸ ਕਾਸਦ ਲੈ ਕੇ ਜਾਂਦੇ :

ਵਾਰਿਸ ਸ਼ਾਹ ਲੈ ਚਿੱਠੀਆਂ ਦੌੜਿਆ ਹੈ<br>
ਕੰਮ ਕਾਸਦਾਂ ਦਾ ਮੀਆਂ ਸਿਖਿਆ ਹੈ ।

ਪੀਰਾਂ ਫਕੀਰਾਂ ਦੀ ਆਮ ਮਾਨਤਾ ਸੀ । ਪੀਰਾਂ ਨੂੰ ਆਲੌਕਿਕ ਸ਼ਕਤੀਆਂ ਵਾਲੇ ਸਮਝਿਆ ਜਾਂਦਾ ਸੀ ।

ਵਾਰਿਸ ਦੇ ਚਿੱਤਰੇ ਤੇ ਪੇਸ਼ ਕੀਤੇ ਪਾਤਰ ਉਸ ਸਮੇਂ ਦੀ ਸਮਾਜ ਦੀ ਪ੍ਰਤੀਨਿਧਤਾ ਕਰਦੇ ਹਨ । ਉਹ ਹਰ ਪਾਤਰ ਦਾ ਅੱਡਰਾ ਵਿਅਕਤਿਤਵ ਦੱਸ ਕੇ ਸਮਾਜ ਦੀਆਂ ਵੱਖਰੀਆਂ ਕੀਮਤਾਂ ਸਥਾਪਤ ਕਰਦਾ ਹੈ । ਵਾਰਿਸ ਦਾ ਚਿੱਤਰਿਆਂ ਹੋਇਆ ਸਮਾਜ ਜਿਉਂਦੇ ਜਾਗਦੇ ਯਥਾਰਥਕ ਵਿਅਕਤੀਆਂ ਦਾ ਸਮਾਜ ਹੈ । ਉਸਦਾ ਸਮਾਜ ਯੁਵਕਾਂ ਅਤੇ ਯੁਵਤੀਆਂ ਦਾ, ਸ਼ਰੀਕਾਂ ਤੇ ਕੁੜਮਾ ਦਾ, ਜੱਟਾਂ ਤੇ ਕੰਮੀਆਂ ਦਾ, ਪੀਰਾਂ ਤੇ ਫਕੀਰਾਂ ਦਾ, ਜੰਗੀਆਂ ਤੇ ਸਿਰ ਮੁੰਨਿਆਂ ਦਾ, ਜਾਤਾਂ ਤੇ ਗੋਤਾਂ ਦਾ, ਮੁੱਲਾਂ ਤੇ ਕਾਜ਼ੀਆਂ ਦਾ, ਮੇਲ ਕਰਨਿਆਂ ਤੇ ਪਾੜਾ ਪਾਉਣ ਵਾਲਿਆਂ ਦਾ, ਨਨਾਣਾ ਭਰਜਾਈਆਂ ਦਾ, ਪੁੱਤਰਾਂ ਤੇ ਪਿਉਆਂ ਦਾ ਅਤੇ ਪੰਚਾਂ ਤੇ ਚੌਧਰੀਆਂ ਦਾ ਸਮਾਜ ਸੀ । ਇਸ ਸਮਾਜ ਵਿਚ ਜਾਗੀਰਦਾਰੀ, ਸਰ੍ਹਾ ਸ਼ਰੀਅਤ, ਰਹੁ-ਰੀਤ, ਰੂੜ੍ਹੀਵਾਦੀ, ਪਿਛਾਂਹ-ਖਿਚੂ ਬ੍ਰਿਤੀਆਂ, ਠੱਗੀ ਧੋਖਾ, ਵੱਢੀ ਬੇਇਨਸਾਫੀ, ਵਿਸ਼ਵਾਸਘਾਤ ਤੇ ਜ਼ਬਰਦਸਤੀ ਦਾ ਬੋਲਬਾਲਾ ਸੀ । ਸੱਚੀ ਪ੍ਰੀਤ ਦੀ ਜੀਭ ਬੰਦ ਕੀਤੀ ਜਾਂਦੀ ਸੀ ਤੇ ਸੱਚੇ ਪਿਆਰ ਨੂੰ ਵਰਜਿਆ ਜਾਂਦਾ ਸੀ। ਇਸੇ ਲਈ ਵਾਰਿਸ ਨੇ ਸਭ ਕੁਝ ਦੱਸ ਕੇ ਵੀ ਚੁੱਪ ਰਹਿਣਾ ਹੀ ਯੋਗ ਸਮਝਿਆ । ਅਜਿਹੇ ਸਮਾਜ ਵਿਚ 'ਦੜਵਟ ਜ਼ਮਾਨਾ ਕੱਟ' ਵਾਲੀ ਹੀ ਗੱਲ ਸੀ ।

## ਮਹੱਤਵਪੂਰਨ ਪ੍ਰਸ਼ਨ (ਵਿਸਥਾਰ ਵਾਲੇ)

1. ਵਾਰਿਸ ਦੇ ਕਿੱਸੇ ਹੀਰ ਦੀ ਲੋਕ-ਪ੍ਰਿਯਤਾ ਦੇ ਮੁੱਖ ਕਾਰਨਾਂ ਬਾਰੇ ਬਿਆਨ ਕਰੋ ।
2. ਹੀਰ-ਵਾਰਿਸ ਵਿਚ ਹੋਏ ਸਭਿਆਚਾਰਕ ਚਿਤਰਨ ਦਾ ਉਲੇਖ ਕਰੋ ।

3. ਹੀਰ ਦੇ ਚਰਿੱਤਰ-ਚਿਤਰਨ ਵਿਚ ਵਾਰਿਸ ਨੇ ਕਿਸ ਹੱਦ ਤਕ ਸਫਲਤਾ ਹਾਸਲ ਕੀਤੀ ਹੈ ?
4. ਵਾਰਿਸ ਦੇ ਕਿੱਸੇ ਹੀਰ ਦੀਆਂ ਬਿਰਤਾਂਤਕ ਜੁਗਤਾਂ ਬਾਰੇ ਵਿਸਥਾਰ ਵਿਚ ਵਰਣਨ ਕਰੋ ।

## ਸੰਖੇਪ ਉਤਰਾਂ ਵਾਲੇ ਪ੍ਰਸ਼ਨ

1. ਕੀ ਹੀਰ ਦਾ ਕਿੱਸਾ ਵਾਰਿਸ ਦੀ ਇਕੋ ਇਕ ਰਚਨਾ ਹੈ ?
2. ਹੀਰ ਦੇ ਕਿੱਸੇ ਦੀ ਰਚਨਾ ਵਾਰਿਸ ਨੇ ਕਿਸ ਸਦੀ 'ਚ ਕੀਤੀ ?
3. ਕੀ ਵਾਰਿਸ ਤੋਂ ਪਹਿਲਾਂ ਵੀ ਕੋਈ ਹੀਰ ਰਾਂਝੇ ਦਾ ਕਿੱਸਾ ਲਿਖਿਆ ਗਿਆ ?
4. ਪੰਜ ਪੀਰ ਕੌਣ ਸਨ ?
5. ਹੀਰ ਦਾ ਨਿਕਾਹ ਕਿਸ ਨਾਲ ਹੋਇਆ ?
6. ਚਾਕ ਦਾ ਕੀ ਅਰਥ ਹੈ ?
7. ਵਾਰਿਸ ਅਨੁਸਾਰ ਹੀਰ ਦਾ ਕਿੱਸਾ ਕਦੋਂ ਸੰਪੂਰਨ ਹੋਇਆ ?
8. ਬੈਂਤ ਕਿਹੜਾ ਛੰਦ ਹੈ ?

## ਸਹਾਇਕ ਪੁਸਤਕਾਂ


ਜੀਤ ਸਿੰਘ ਸੀਤਲ : ਹੀਰ ਵਾਰਿਸ, ਪੈਪਸੂ ਬੁੱਕ ਡਿਪੂ, ਪਟਿਆਲਾ ।

,, ,, ,, : ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ, ਪੈਪਸੂ ਬੁੱਕ ਡਿਪੂ, ਪਟਿਆਲਾ ।

,, ,, ,, : ਵਾਰਿਸ ਸ਼ਾਹ : ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਦੀਵਾਨ ਸਿੰਘ ਤੇ ਬਿਕਰਮ ਸਿੰਘ ਘੁੰਮਣ : ਹੀਰ ਵਾਰਿਸ : ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.) : ਕਲਮ ਦੇ ਧਨੀ, ਭਾਗ ਪਹਿਲਾਂ : ਕਲਾ-ਮੰਦਰ, ਪਟਿਆਲਾ ।

ਪਿਆਰਾ ਸਿੰਘ ਪਦਮ : ਦ੍ਰਿਸ਼ਟੀਕੋਣ, ਲਾਹੌਰ ਬੁੱਕ ਸ਼ਾਪ, ਲੁਧਿਆਣਾ ।

ਅਤਰ ਸਿੰਘ : ਕਿੱਸਾ ਕਾਵਿ-ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ।



Type Setting:
Department of Distance Education, Punjabi University, Patiala.